ੴ

# ਨਾਮ ਦੀ ਕਲਾ

ਜੰਗ ਸਿੰਘ ਗਿਆਨੀ

# ਨਾਮ ਦੀ ਕਲਾ

Sri Satguru Jagjit Singh Ji eLibrary NamdhariElibrary@gmail.com

**ਏਸੇ ਕਲਮ ਤੋਂ :**

- ਰੂਹਾਨੀ ਸਾਹਿਤ
- ਰੂਹਾਨੀ ਗ਼ਜ਼ਲਾਂ
- ਅਮਨ ਸੁਨੇਹੜੇ
- ਗੁਰੂ ਸਾਹਿਬਾਨ ਦੀਆਂ ਸਾਖੀਆਂ-1
- ਗੁਰੂ ਸਾਹਿਬਾਨ ਦੀਆਂ ਸਾਖੀਆਂ-2
- ਗੁਰਬਾਣੀ ਇਸ ਜਗ ਮਹਿ ਚਾਨਣ

Sri Satguru Jagjit Singh Ji eLibrary NamdhariElibrary@gmail.com

# ਨਾਮ ਦੀ ਕਲਾ

ਜੰਗ ਸਿੰਘ ਗਿਆਨੀ

ਪੰਜਾਬੀ ਰਾਈਟਰਜ਼ ਕੋਆਪ੍ਰੇਟਿਵ ਸੋਸਾਇਟੀ ਲਿਮਟਿਡ
ਲੁਧਿਆਣਾ

Sri Satguru Jagjit Singh Ji eLibrary NamdhariElibrary@gmail.com

**NAAM DI KALA**

**(Religious Articles)**

*by*

**Jang Singh Giani**

© Jang Singh Giani

ISBN 81-89735-03-9

ਪਹਿਲੀ ਵਾਰ : 2006

*ਪ੍ਰਕਾਸ਼ਕ*

**ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮਟਿਡ**

376/G, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ

*ਟਾਈਪਸੈਟਰ*

**ਕੇ.ਜੀ. ਗ੍ਰਾਫ਼ਿਕਸ**

ਬੂਥ ਨੰ: 8, ਜੀ.ਐਨ.ਡੀ.ਯੂ. ਸ਼ਾਪਿੰਗ ਕੰਪਲੈਕਸ, ਅੰਮ੍ਰਿਤਸਰ

*ਛਾਪਕ*

**ਪ੍ਰਿੰਟਵੈਲ**

146, ਇੰਡ. ਫ਼ੋਕਲ ਪੁਆਇੰਟ, ਅੰਮ੍ਰਿਤਸਰ

ਮੁੱਲ : 100 ਰੁਪਏ

# ਤਤਕਰਾ


- ਮੁੱਖ ਸ਼ਬਦ 4
- ਦੋ ਸ਼ਬਦ 7
- ਏਕੇ ਦਾ ਸੰਦੇਸ਼ 11
- ਮੀਰੀ ਤੇ ਪੀਰੀ ਦਾ ਵਿਲੱਖਣ ਸਿੱਧਾਂਤ 52
- ਮਨ ਜਾਗੇ ਕੀ ਇਹੈ ਨਿਸ਼ਾਨੀ 80
- ਪੂਰਾ ਨਿਆਉ ਕਰੇ ਕਰਤਾਰ 84
- ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ 89
- ਗੁਰੁ ਦਾਤਾ ਹਰਿਨਾਮੁ ਦੇਇ ਉਧਰੈ ਸਭੁ ਸੰਸਾਰੁ 102
- ਦ੍ਵੈ ਤੇ ਏਕ ਰੂਪ ਹ੍ਵੈ ਗਯੋ 112


SIKHBOOKCLUB.COM

# ਮੁਖ ਸ਼ਬਦ

**ਸ੍ਰੀ ਗੁਰੂ ਗ੍ਰੰਥ ਸਾਹਿਬ** ਦੀ ਪਵਿੱਤਰ ਬਾਣੀ ਨੂੰ ਪੜ੍ਹਨ ਤੇ ਵਿਚਾਰਨ ਤੋਂ ਮੈਨੂੰ ਇਹ ਅਨੁਭਵ ਹੋਇਆ ਕਿ ਉਸ ਸੱਚੇ ਪਰਮਾਤਮਾ ਨਾਲ ਲਾਇਆ ਪ੍ਰੇਮ ਸੱਚਾ ਹੁੰਦਾ ਹੈ ਅਤੇ ਝੂਠੇ ਪਦਾਰਥਾਂ ਨਾਲ ਲਾਇਆ ਪ੍ਰੇਮ ਝੂਠਾ ਹੁੰਦਾ ਹੈ:

**ਗੁਰਮੁਖਿ ਸਚੀ ਆਸਕੀ ਜਿਤੁ ਪ੍ਰੀਤਮੁ ਸਚਾ ਪਾਈਐ ॥**
**ਅਨਦਿਨੁ ਰਹਹਿ ਅਨੰਦਿ, ਨਾਨਕ ਸਹਜਿ ਸਮਾਈਐ ॥**

ਜਿਹੜੇ ਗੁਰਮੁਖਿ ਉਸ ਸੱਚੇ ਨਾਲ ਸੱਚੀ ਪ੍ਰੀਤਿ ਕਰਦੇ ਹਨ ਉਹ ਉਸ ਦੇ ਵਿਚ ਹੀ ਅਭੇਦ ਹੋ ਜਾਂਦੇ ਹਨ।

**ਲੋਕ ਸੁਖੀਏ ਪਰਲੋਕ ਸੁਹੇਲੇ ॥**

SIKHBOOKCLUB.COM

ਦੇ ਮਹਾਂਵਾਕ ਅਨੁਸਾਰ ਇਸ ਸੰਸਾਰ ਵਿਚ ਰਹਿੰਦੇ ਹੋਏ ਵੀ 'ਸਦ ਖੁਸੀਆ ਸਦ ਚਾਉ' ਵਾਲੀ ਅਵਸਥਾ ਵਿਚ ਵਿਚਰਦੇ ਹੋਏ, ਸਦਾ ਵਿਗਾਸ ਦੀ ਅਤੇ 'ਬਿਸਮਨ ਬਿਸਮ ਰਹੇ ਬਿਸਮਾਦ' ਦੀ ਖ਼ੁਸ਼ੀਆਂ ਤੇ ਖੇੜਿਆਂ ਭਰੀ ਜ਼ਿੰਦਗੀ ਬਤੀਤ ਕਰਦੇ ਹਨ ਅਤੇ ਇਸ ਸੰਸਾਰ ਤੋਂ ਜਾ ਕੇ ਉਸ ਨਿਰੰਕਾਰ ਵਿਚ ਅਭੇਦ ਹੋ ਜਾਂਦੇ ਹਨ। ਉਨ੍ਹਾਂ ਦਾ ਲੋਕ ਤੇ ਪਰਲੋਕ ਦੋਵੇਂ ਸੁਹੇਲੇ ਹੋ ਜਾਂਦੇ ਹਨ। ਰੱਬ ਦੇ ਸੱਚੇ ਆਸ਼ਕ ਇਹ ਵੀ ਅਨੁਭਵ ਕਰਦੇ ਹਨ ਕਿ ਝੂਠੀਆਂ ਚੀਜ਼ਾਂ ਨਾਲ ਝੂਠਾ ਪਿਆਰ ਪਾਉਣ ਨਾਲ ਇਹ ਮਨੁੱਖਾ ਜਨਮ ਵਿਅਰਥ ਚਲਿਆ ਜਾਂਦਾ ਹੈ। ਝੂਠੇ ਪਦਾਰਥਾਂ ਨਾਲ ਪਿਆਰ ਪਾ ਕੇ ਤੇ ਮੋਹ ਮਾਇਆ ਦੇ ਜਾਲ ਵਿਚ ਫਸ ਕੇ ਉਹ ਇਸ ਸੰਸਾਰ ਵਿਚ ਵੀ ਦੁੱਖਾਂ ਕਲੇਸ਼ਾਂ ਵਿਚ ਫਸੇ ਹੋਏ ਅਗਨਿ ਸ਼ੋਕ ਸਾਗਰ ਵਿਚ ਗੋਤੇ ਖਾਂਦੇ ਰਹਿੰਦੇ ਹਨ ਅਤੇ ਮਨੁੱਖਾ ਜਨਮ ਦਾ ਜੋ ਅਸਲੀ ਮਨੋਰਥ ਪ੍ਰਭੂ ਨਾਲ ਮਿਲਣਾ ਹੈ ਉਹ ਵੀ ਪੂਰਾ ਨਹੀਂ ਹੁੰਦਾ। ਇਕ ਜੁਆਰੀਏ ਵਾਂਗ ਉਹ ਮਨੁੱਖਾ ਜਨਮ ਦੀ ਬਾਜੀ ਹਾਰ ਕੇ ਜਾਂਦੇ ਹਨ। ਇਥੇ ਉਹ ਬਿਰਹਾ



Sri Satguru Jagjit Singh Ji eLibrary NamdhariElibrary@gmail.com

ਦੀ ਅੱਗ ਵਿਚ ਸੜਦੇ ਰਹਿੰਦੇ ਹਨ ਅਤੇ ਅੱਗੇ ਜਾ ਕੇ ਦੋਜ਼ਖ਼ ਦੀ ਅੱਗ ਵਿਚ ਸੜਦੇ ਰਹਿੰਦੇ ਹਨ। ਝੂਠੀਆਂ ਚੀਜ਼ਾਂ ਨਾਲ ਪਿਆਰ ਕਰਨ ਵਾਲਿਆਂ ਨੂੰ ਸੱਚੇ ਪ੍ਰੇਮ ਦਾ ਮਾਰਗ ਦਿਖਾਉਂਦੇ ਹੋਏ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 52 ਕਵੀਆਂ ਦੇ ਸਿਰਮੌਰ ਕਵੀ ਭਾਈ ਸਾਹਿਬ ਭਾਈ ਨੰਦ ਲਾਲ ਜੀ ਫ਼ੁਰਮਾਉਂਦੇ ਹਨ:

**ਇਸ਼ਕਿ ਮੌਲਾ ਮਰ ਤੁਰਾ ਮੌਲਾ ਕੁਨਦ॥**
**ਦਰਦਿ ਮਮਹਾ ਬਿਹਤਰੇ ਔਲਾ ਕੁਨਦ॥**

ਭਾਵ ਹਰੀ ਦਾ ਪ੍ਰੇਮ ਤੈਨੂੰ ਹਰੀ ਹੀ ਬਣਾ ਦੇਵੇਗਾ। ਪ੍ਰਭੂ ਦਾ ਪਿਆਰ ਤੇਰੇ ਸਾਰੇ ਦੁੱਖਾਂ ਦਾ ਨਾਸ਼ ਕਰਕੇ ਤੈਨੂੰ ਉਸ ਪਰਮਾਨੰਦ ਪਰਮੇਸ਼ਵਰ ਵਿਚ ਅਭੇਦ ਕਰ ਦੇਵੇਗਾ।

**ਦੌਲਤੇ ਦੁਨੀਆਂ ਨ ਬਾਸ਼ਦ ਪਾਇਆ ਦਾਰ॥**
**ਦਰ ਤਰੀਕੇ ਆਰ ਫਾਨੇ ਹੱਕ ਗੁਜ਼ਾਰ॥**

ਭਾਵ ਜੇ ਸੱਚੇ ਸਾਈਂ ਨਾਲ ਤੇਰਾ ਪ੍ਰੇਮ ਲੱਗ ਗਿਆ ਤਾਂ ਤੂੰ ਨਿਹਚਲ ਧਨ ਪਾ ਲਿਆ ਜੋ ਤੇਰੇ ਨਾਲ ਸੱਚੀ ਦਰਗਾਹ ਵਿਚ ਵੀ ਜਾਵੇਗਾ। ਦੁਨਿਆਵੀ ਧਨ ਸਦਾ ਥਿਰ ਨਹੀਂ ਰਹਿੰਦਾ ਇਸ ਵਾਸਤੇ ਤੂੰ ਇਸ ਸੰਸਾਰ ਵਿਚ ਸੰਤਾਂ ਵਰਗਾ ਜੀਵਨ ਬਤੀਤ ਕਰ।

ਸੱਚਾ ਪ੍ਰੇਮ-ਪਿਆਰ ਆਪਣੇ ਯਤਨਾਂ ਨਾਲ ਨਹੀਂ ਲਾਇਆ ਜਾ ਸਕਦਾ। ਜਿਨ੍ਹਾਂ ਗੁਰਮੁਖਾਂ ਉੱਤੇ ਪੂਰਾ ਗੁਰੂ ਮਿਹਰ ਦੀ ਨਦਰਿ ਕਰਦਾ ਹੈ ਉਨ੍ਹਾਂ ਨੂੰ ਆਪਣਾ ਪਿਰਮ ਪਿਆਲਾ ਦੇ ਦਿੰਦਾ ਹੈ। 'ਇਹੁ ਪਿਰਮ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ॥' ਅਥਵਾ

**ਸਚਾ ਪ੍ਰੇਮ ਪਿਆਰੁ ਗੁਰ ਪੂਰੇ ਤੇ ਪਾਈਐ॥**
**ਕਬਹੁ ਨ ਹੋਵੈ ਭੰਗੁ, ਨਾਨਕ ਹਰਿ ਗੁਣ ਗਾਈਐ॥**

... ... ... ...

**ਜਿਨਾ ਗੁਰਮੁਖਿ ਅੰਦਰਿ ਨੇਹੁ ਤੈ ਪ੍ਰੀਤਮ ਸਚੈ ਲਾਇਆ॥**
**ਰਾਤੀ ਅਤੈ ਡੇਹੁ ਨਾਨਕ ਪ੍ਰੇਮਿ ਸਮਾਇਆ॥**



Sri Satguru Jagjit Singh Ji eLibrary NamdhariElibrary@gmail.com

ਜਿਨ੍ਹਾਂ ਨੂੰ ਸੱਚਾ ਪ੍ਰੇਮ ਪਿਆਰ ਨਹੀਂ ਮਿਲਿਆ ਉਨ੍ਹਾਂ ਬਾਰੇ ਬਾਬਾ ਫ਼ਰੀਦ ਜੀ ਫੁਰਮਾਉਂਦੇ ਹਨ:

**ਰਤੇ ਇਸ਼ਕ ਖੁਦਾਇ ਰੰਗ ਦੀਦਾਰ ਕੇ॥**
**ਵਿਸਰਿਆ ਜਿਨ੍ ਨਾਮੁ ਤੇ ਭੁਇ ਭਾਰੁ ਥੀਏ॥**

ਜਿਨ੍ਹਾਂ ਨੇ ਉਸ ਪ੍ਰਭੂ ਦਾ ਨਾਮ ਵਿਸਾਰ ਦਿੱਤਾ ਹੈ ਉਹ ਤਾਂ ਇਸ ਧਰਤੀ ਉੱਤੇ ਵਾਧੂ ਭਾਰ ਅਤੇ ਤੁਰਦੀਆਂ ਫਿਰਦੀਆ ਲੋਥਾਂ ਦੇ ਸਮਾਨ ਹਨ। ਬਾਬਾ ਫ਼ਰੀਦ ਜੀ ਫੁਰਮਾਉਂਦੇ ਹਨ ਜਿਨ੍ਹਾਂ ਦੇ ਹਿਰਦੇ ਵਿਚ ਪ੍ਰਭੂ ਦਾ ਸੱਚਾ ਪਿਆਰ ਪੈਦਾ ਨਹੀਂ ਹੋਇਆ ਉਨ੍ਹਾਂ ਨੂੰ ਜਿਉਂਦਿਆਂ ਵਿਚ ਨਹੀਂ ਗਿਣਿਆ ਜਾ ਸਕਦਾ।

ਇਸ ਲਈ ਮਨੁੱਖ ਦਾ ਇਹ ਸਭ ਤੋਂ ਪਵਿੱਤਰ ਕਰਤੱਵ ਹੈ ਕਿ ਉਹ ਆਪਣੇ ਹਿਰਦੇ ਵਿਚ ਪ੍ਰਭੂ ਦਾ ਸੱਚਾ ਪ੍ਰੇਮ ਪੈਦਾ ਕਰੇ। ਨਾਮ ਸਿਮਰਨ ਸਭ ਤੋਂ ਅਮੋਲਕ ਵਸਤੂ ਹੈ। ਇਹ ਸੱਚਾ ਪ੍ਰੇਮ ਨਾਮ ਸਿਮਰਨ ਰਾਹੀਂ ਹੀ ਸੰਭਵ ਹੋ ਸਕਦਾ ਹੈ। ਨਾਮ ਦੀ ਕਲਾ ਗ੍ਰਹਿਣ ਕਰਨ ਨਾਲ ਹੀ ਇਸ ਦੀ ਜੁਗਤ ਸਮਝ ਆ ਸਕਦੀ ਹੈ।

SIKHBOOKCLUB.COM

**ਜੰਗ ਸਿੰਘ ਗਿਆਨੀ**



Sri Satguru Jagjit Singh Ji eLibrary NamdhariElibrary@gmail.com

# ਦੋ ਸ਼ਬਦ

ਗਿਆਨੀ ਜੰਗ ਸਿੰਘ ਜੀ ਨੇ ਆਪਣਾ ਸਾਰਾ ਜੀਵਨ ਸਿੱਖ ਇਤਿਹਾਸ ਦੀ ਖੋਜ, ਗੁਰਮਤਿ ਤੇ ਸਿੱਖੀ ਦੇ ਪ੍ਰਚਾਰ ਅਤੇ ਗੁਰਬਾਣੀ ਦੀ ਵਿਆਖਿਆ ਉੱਤੇ ਲਗਾਇਆ ਹੈ। ਇਨ੍ਹਾਂ ਆਪਣੀ ਕਹਿਣੀ ਤੇ ਕਰਨੀ ਨੂੰ ਵੀ ਗੁਰਮਤਿ ਦੇ ਸਿਧਾਂਤਾਂ ਅਨੁਸਾਰ ਢਾਲਿਆ ਹੋਇਆ ਹੈ। ਆਪ ਹਰ ਵੇਲੇ ਆਤਮਕ ਉੱਨਤੀ ਵੱਲ, ਗਤੀਸ਼ੀਲ ਰਹਿੰਦੇ ਹਨ। ਆਪ ਨਿਰੰਤਰ ਆਤਮ ਚਿੰਤਨ ਤੇ ਨਾਮ-ਅਭਿਆਸ ਦੀ ਕਮਾਈ ਵਿਚ ਰੁਚਿਤ ਰਹਿੰਦੇ ਹਨ। ਨਿਰਸੰਦੇਹ ਇਸ ਦਾ ਲਾਭ ਤਾਂ ਹੀ ਹੁੰਦਾ ਹੈ ਜੇ ਮਨੁੱਖ ਆਤਮ ਚਿੰਤਨ ਕਰਕੇ ਬੀਤੇ ਸਮੇਂ ਦਾ ਲੇਖਾ-ਜੋਖਾ ਕਰੇ, ਚੰਗੇ ਤੇ ਮਾੜੇ ਕਰਮਾਂ ਬਾਰੇ ਸੁਚੇਤ ਹੋ ਕੇ ਸੋਚੇ। ਫਿਰ ਨਵੇਂ ਸਿਰਿਓਂ ਪ੍ਰਣ ਕਰੇ ਕਿ ਚੰਗੇ ਕਰਮ ਦ੍ਰਿੜ੍ਹ ਹੋ ਕੇ ਕੀਤੇ ਜਾਣ ਤੇ ਮੰਦੇ ਫ਼ਜ਼ੂਲ ਕੰਮ ਛੱਡ ਦਿੱਤੇ ਜਾਣ। ਆਤਮ ਉੱਨਤੀ ਵੱਲ ਧਿਆਨ ਦਿੱਤੇ ਬਿਨਾਂ ਇਸ ਦੀ ਪ੍ਰਾਪਤੀ ਸੰਭਵ ਨਹੀਂ। ਗਿਆਨੀ ਜੰਗ ਸਿੰਘ ਜੀ ਦਾ ਜੀਵਨ ਇਸ ਦੀ ਜਿਉਂਦੀ ਜਾਗਦੀ ਮਿਸਾਲ ਹੈ। SIKHBOOKCLUB.COM

ਆਤਮ ਮਾਰਗ ਅਤਿ ਕਠਿਨ ਤੇ ਬਿਖਮ ਹੈ। ਵਾਹਿਗੁਰੂ ਦੀ ਨਦਰ, ਮਿਹਰ, ਕਿਰਪਾ ਬਿਨਾਂ ਇਸ ਰਾਹ ਤੇ ਚੱਲਣਾ ਸੰਭਵ ਨਹੀਂ। ਫਿਰ ਵੀ ਮਨੁੱਖ ਨੂੰ ਪਰਮਾਤਮਾ ਨੇ ਚੇਤਨਾ, ਅਕਲ, ਪੁਰਸ਼ਾਰਥ, ਉੱਦਮ ਆਦਿ ਮਾਨਸਿਕ ਸ਼ਕਤੀਆਂ ਬਖ਼ਸ਼ੀਆਂ ਹਨ। ਉਸ ਨੂੰ ਹਿੰਮਤ ਤੇ ਜਤਨ ਕਰਨਾ ਬਣਦਾ ਹੈ। ਇਸ ਲਈ ਉਸ ਨੂੰ ਆਪਣੇ ਜੀਵਨ ਨੂੰ ਉੱਚਾ ਸੁੱਚਾ ਬਣਾਣ ਲਈ ਨਵੇਂ ਸਿਰਿਓਂ ਹੰਬਲਾ ਮਾਰਨਾ ਚਾਹੀਦਾ ਹੈ। ਨਾਮ ਜਪਣਾ, ਉਹ ਵੀ ਨਾਮ ਦੇ ਰੰਗ ਤੇ ਮਸਤੀ ਵਿਚ। ਦੂਜੇ ਸ਼ਬਦਾਂ ਵਿਚ, ਪ੍ਰਭੂ ਭਗਤੀ ਵੱਲ ਵੱਧ ਤੋਂ ਵੱਧ ਸਮਾਂ ਲਗਾਣ ਦੀ ਲੋੜ ਹੈ। ਇਸ ਨਾਲ ਮਨ ਦੀ ਮੈਲ ਸਾਫ਼ ਤੇ ਅਕਲ (ਮੱਤ) ਸਵੱਛ ਹੋ ਸਕਦੀ ਹੈ। ਸੁਰਤ ਜਾਂ ਚੇਤਨਾ ਨੂੰ ਮੁੜ ਮੁੜ ਨਾਮ ਸਿਮਰਨ ਵੱਲ ਮੋੜਦੇ ਰਹਿਣਾ, ਰਾਤ ਦਿਨ, ਹਰ ਵੇਲੇ, ਉੱਠਦੇ ਬਹਿੰਦੇ, ਇਹੋ ਢੰਗ ਸਾਰਥਕ ਤੇ ਸਫ਼ਲ ਹੈ। ਪਰ ਨਾਲ ਹੀ ਚੰਗੇ ਗੁਣ (ਸਦਾਚਾਰ) ਗ੍ਰਹਿਣ ਕਰਨਾ ਵੀ ਬਹੁਤ ਜ਼ਰੂਰੀ ਹੈ। ਗੁਣਾ ਤੋਂ ਬਿਨਾਂ ਭਗਤੀ ਸੰਭਵ ਨਹੀਂ। ਚੰਗੀ ਕਰਨੀ, ਸ਼ੁਭ ਕਰਮ, ਨਿਰਮਲ ਕਰਮ, ਉੱਚਾ ਆਚਾਰ ਤੇ ਵਿਹਾਰ, ਇਨ੍ਹਾਂ ਉੱਤੇ ਗੁਰਮਤਿ ਵਿਚ ਬਹੁਤ ਬਲ ਦਿੱਤਾ ਗਿਆ ਹੈ। ਇਸ ਲਈ ਸੁਚੇਤ ਹੋ ਕੇ, ਦ੍ਰਿੜ੍ਹ ਇਰਾਦੇ ਨਾਲ ਮਨੋਂ ਤਨੋਂ ਲੱਗ ਕੇ ਸੰਤੋਖ,



Sri Satguru Jagjit Singh Ji eLibrary NamdhariElibrary@gmail.com

ਧੀਰਜ, ਜਤ, ਸਤ, ਖਿਮਾ, ਦਇਆ, ਨਿਮਰਤਾ, ਮਿੱਠੀ ਬੋਲੀ, ਮਿੱਠਾ ਸੁਭਾ, ਆਪੇ ਦਾ ਤਿਆਗ, ਸੰਜਮ, ਸੰਕੋਚ ਆਦਿ ਗੁਣਾਂ ਦੀ ਮਸ਼ਕ (ਅਭਿਆਸ) ਕੀਤੀ ਜਾਏ ਤਾਂ ਹੀ ਆਤਮ ਮਾਰਗ ਵਿਚ ਅੱਗੇ ਰਸਤਾ ਖੁੱਲ੍ਹ ਸਕਦਾ ਹੈ, ਨਹੀਂ ਤਾਂ ਮਨੁੱਖ ਭੰਬਲਭੂਸੇ ਖਾਂਦਾ, ਦੁਬਿਧਾ ਤੇ ਦੁਚਿੱਤੀ ਵਿਚ ਹੀ ਜੀਵਨ ਗਵਾ ਲੈਂਦਾ ਹੈ। ਥੋੜ੍ਹਾ ਬੋਲਣਾ, ਥੋੜ੍ਹਾ ਖਾਣਾ, ਥੋੜ੍ਹਾ ਸੌਣਾ ਇਹੋ ਗੁਰਮਤਿ ਦੀ ਜ਼ਰੂਰੀ ਅਗਵਾਈ ਹੈ। ਪ੍ਰਾਣੀ ਹਰ ਵੇਲੇ ਦਾਸ-ਭਾਵ, ਪ੍ਰੇਮ-ਭਾਵ ਬਣਾਈ ਰੱਖੇ। ਉਦਾਰ ਚਿਤ ਹੋ ਕੇ, ਚੜ੍ਹਦੀ ਕਲਾ ਵਿਚ ਰਹੇ। ਇਹ ਵਿਚਾਰ ਹਰ ਇਕ ਦੀ ਅਗਵਾਈ ਕਰ ਸਕਦੇ ਤੇ ਲਾਭਕਾਰੀ ਹੋ ਸਕਦੇ ਹਨ।

ਆਤਮ ਚਿੰਤਨ ਦੀ ਸੂਖ਼ਮ ਕਿਰਿਆ ਮਨ ਦੇ ਅੰਦਰ ਜਾਣ ਦੀ ਹੈ, ਅੰਦਰਮੁਖੀ ਹੋਣ ਦੀ, ਮਨ ਦੀ ਸਾਧਾਰਨ ਕਿਰਿਆ ਬਾਹਰ ਵੱਲ ਦੌੜ ਦੀ ਹੈ, ਸਰੀਰਕ ਰਸਾਂ ਕਸਾਂ ਵੱਲ ਰੁਚਿਤ ਹੋਣ ਦੀ। ਮਨ ਦੀ ਇਹ ਰੁਚੀ ਬਾਹਰਮੁਖੀ ਹੈ, ਭਟਕਦੇ ਰਹਿਣ ਦੀ। ਮਨੁੱਖੀ ਜੀਵਨ ਦਾ ਇਹ ਇਕ ਵੱਡਾ ਦਵੰਦ ਤੇ ਦੁਖਾਂਤ ਹੈ। ਗੁਰਬਾਣੀ ਮਨ ਨੂੰ ਰੋਕਣ ਤੇ ਬਾਹਰ ਜਾਂਦੇ ਨੂੰ ਵਰਜ ਕੇ ਆਪਣੇ ਅੰਦਰ ਠਹਿਰਾਣ ਦਾ ਉਪਦੇਸ਼ ਦੇਂਦੀ ਹੈ। ਅੰਦਰ ਬਾਹਰ ਦੇ ਦਵੰਦ ਕਾਰਨ ਮਨ ਵਿਚ ਸਦੀਵੀ ਤੇ ਨਿਰੰਤਰ ਸੰਘਰਸ਼ ਜਾਰੀ ਰਹਿੰਦਾ ਹੈ। ਪਰ ਅਸਲ ਸੁਖ ਤੇ ਸ਼ਾਂਤੀ ਮਨ ਦੇ ਅੰਦਰ ਸੁਚੇਤ ਹੋ ਕੇ ਸੁਰਤੀ ਜੋੜ ਕੇ ਆਤਮ ਤੱਤ ਨੂੰ ਗ੍ਰਹਿਣ ਕਰਨ ਨਾਲ ਹੀ ਸੰਭਵ ਹੈ। ਆਤਮਾ ਦਾ ਅਸਲ ਕਰਤੱਵ ਵਾਹਿਗੁਰੂ ਸ਼ਬਦ ਦੀ ਚੇਤਨਾ ਨੂੰ ਸੁਰਜੀਤ ਕਰਨਾ ਹੈ, ਸੁੱਤੇ ਹੋਏ ਮਨ ਨੂੰ ਜਗਾਣਾ। ਸੁਰਤ ਤੇ ਸ਼ਬਦ ਦਾ ਮੇਲ ਅਸਲ ਅਰਥਾਂ ਵਿਚ ਗੁਰਮਤਿ ਦੀ ਪਰਿਭਾਸ਼ਾ ਹੈ। ਸੁਰਤ ਨੂੰ ਪਕੜ ਕੇ, ਕਾਬੂ ਕਰ ਕੇ ਸ਼ਬਦ ਵਿਚ ਜੋੜੀ ਰੱਖਣਾ -ਇਹੋ ਜੁਗਤ ਨਾਮ ਸਿਮਰਨ ਦਾ ਮੂਲ ਤੱਤ ਹੈ। ਮਨ ਇਕ ਧੁਰੇ ਉੱਤੇ ਕਾਇਮ ਹੋ ਜਾਏ, ਮਨ ਦੀ ਸੂਈ ਕੰਪਾਸ ਵਾਂਗ ਸਦਾ ਅੰਦਰ ਸ਼ਬਦ ਵੱਲ ਝੁਕੀ ਰਹੇ। ਵਿਹਲੇ ਸਮੇਂ ਸਫ਼ਰ ਵਿਚ, ਚਲਦੇ ਫਿਰਦੇ, ਉੱਠਦੇ ਬਹਿੰਦੇ, ਸੌਂਦੇ ਜਾਗਦੇ, ਸੁਰਤੀ ਦੀ ਇਹ ਖੇਡ ਜਾਰੀ ਰਹਿਣੀ ਚਾਹੀਦੀ ਹੈ। ਬਾਹਰ ਦਾ ਕੰਮਕਾਜ ਸਿਰਫ਼ ਓਪਰਾ ਤੇ ਇਕ ਗੌਣ ਜਾਂ ਦੁਜੈਲੀ ਕਿਰਿਆ ਬਣੀ ਰਹੇ। ਅਸਲ ਕੰਮ, ਸ਼ਬਦ ਦੇ ਧਿਆਨ ਤੇ ਜਾਪ ਦਾ, ਸਦਾ ਜਾਰੀ ਰਹੇ, ਸੁਤੇ ਸਿੱਧ, ਸਹਿਜੇ, ਜਿਵੇਂ ਸਾਹ ਲੈਣ ਦੀ ਸੁਭਾਵਕ ਕਿਰਿਆ। ਖਾਣ ਪੀਣ ਵੇਲੇ ਮਨ ਸਹਿਜ ਅਵਸਥਾ ਵਿਚ ਸੰਤੁਸ਼ਟ ਰਹੇ, ਰਸ ਕਸ ਨਾ ਮਾਣੇ। ਸੰਤੋਖ ਮਨੁੱਖੀ ਗੁਣਾਂ ਵਿਚੋਂ ਬਹੁਤ ਵੱਡਾ ਤੇ ਜ਼ਰੂਰੀ ਗੁਣ ਹੈ। ਏਸੇ ਤਰ੍ਹਾਂ ਹੀ ਧੀਰਜ, ਹੌਸਲਾ, ਠਰੰਮਾ ਵੀ ਜ਼ਰੂਰੀ ਗੁਣ ਹਨ। ਕਾਹਲੀ ਸਹਿਜ ਦੇ ਉਲਟ ਕਿਰਿਆ ਹੈ। ਕੁਰਾਨ ਵਿਚ ਕਾਹਲੀ ਨੂੰ ਸ਼ੈਤਾਨੀ ਕੰਮ ਦੱਸਿਆ ਗਿਆ ਹੈ।



Sri Satguru Jagjit Singh Ji eLibrary NamdhariElibrary@gmail.com

ਆਤਮ ਤੱਤ ਦੀ ਲਖਤਾ ਸਰੀਰਕ ਅਨੁਭਵ ਤੋਂ ਪਰ੍ਹੇ ਦਾ ਅਨੁਭਵ ਹੈ ਕਿਉਂਕਿ ਆਤਮਾ ਸਰੀਰ ਤੋਂ ਅਤੀਤ ਰਹਿੰਦੀ ਹੈ। ਵਾਹਿਗੁਰੂ ਨਿਰੋਲ ਆਤਮ-ਤੱਤ ਹੈ, ਸਮੇਂ, ਸਥਾਨ, ਕਾਰਨ-ਕਾਰਜ ਸੰਗਲੀ ਤੋਂ ਪਰੇ ਦੀ ਅਪਰ ਅਪਾਰ ਸ਼ਕਤੀ। ਆਤਮਕ ਅਨੁਭਵ ਹੀ ਅਸਲ ਵਿਚ ਪਰਮਾਤਮਾ ਦਾ ਸਹੀ ਸਰੂਪ ਹੈ, ਸ਼ਬਦ ਰੂਪ ਹੋਰ ਕੋਈ ਸਰੂਪ ਨਹੀਂ। ਇਹੋ ਲੱਛਣ ਸਤਿਗੁਰੂ ਦਾ ਹੈ। ਇਹ ਸੰਸਾਰ, ਇਹ ਸਰੀਰਕ ਕਿਰਿਆ, ਇਹ ਦ੍ਰਿਸ਼ਟਮਾਨ ਜੋ ਕੁਝ ਵੀ ਹੈ, ਇਹ ਸਭ ਮਿਥਿਆ ਹੈ, ਭ੍ਰਾਂਤੀ ਹੈ, ਛਲਾਵਾ ਹੈ। ਇਸ ਨੂੰ ਹੀ ਮਾਇਆ ਦਾ ਨਾਂ ਦਿੱਤਾ ਗਿਆ ਹੈ।

ਸੋ ਲੋੜ ਮਨ ਨੂੰ ਸੁਚੇਤ ਕਰਨ ਦੀ ਹੈ, ਚੇਤਨਾ ਨੂੰ ਸਫੁਰਤ ਕਰਨ ਦੀ, ਸੁਰਤੀ ਨੂੰ ਕਾਇਮ ਤੇ ਬਲਵਾਨ ਕਰਨ ਦੀ, ਮਨ ਵਿਚ ਸ਼ਾਂਤੀ, ਚੰਗੇ ਗੁਣਾਂ, ਖਿਮਾ, ਦਇਆ, ਜਤ ਸਤ, ਨਿਮਰਤਾ, ਪ੍ਰੇਮ, ਸਹਿਣਸ਼ੀਲਤਾ, ਨੇਕੀ, ਪਰਉਪਕਾਰ ਆਦਿ ਦੇ ਧਾਰਨ ਕਰਨ ਨਾਲ ਹੀ ਮਿਲ ਸਕਦੀ ਹੈ। ਈਰਖਾ, ਦਵੈਖ, ਵਿਸ਼ੇ ਵਿਕਾਰ, ਨਿੰਦਾ, ਹਿੰਸਾ, ਹਉਮੈ- ਇਹ ਸਭ ਮਨ ਨੂੰ ਭਟਕਣ ਤੇ ਅਸ਼ਾਂਤੀ ਵੱਲ ਲਿਜਾਂਦੇ ਹਨ। ਆਤਮ-ਤੱਤ ਸਰੀਰ, ਮਨ, ਸੰਸਾਰ, ਸਭ ਕਾਸੇ ਤੋਂ ਨਿਰਮੋਹ ਹੋਣ ਵਿਚ ਹੀ ਹੈ। ਇਸ ਦਾ ਮੂਲ ਸਹਾਰਾ ਸ਼ਬਦ ਦੀ ਚੇਤਨਾ ਵਿਚ ਲੁਕਿਆ ਹੈ।

SIKHBOOKCLUB.COM

ਇਸ ਨਾਲ ਨਿਰੰਤਰ ਆਤਮ ਰਸ ਮਾਣਿਆ ਜਾ ਸਕਦਾ ਹੈ। ਮਨ ਪ੍ਰਭੂ ਸਿਮਰਨ ਵਿਚ ਜੁੜਿਆ ਰਹਿ ਸਕਦਾ ਹੈ। ਆਮ ਲੋਕਾਂ ਦੀ ਭੀੜ ਭਾੜ ਵਿਚੋਂ ਵੀ ਰੱਬ ਦੀ ਅਪਾਰ ਲੀਲਾ ਦੇ ਦਰਸ਼ਨ ਹੋ ਸਕਦੇ ਹਨ ਕਿਉਂਕਿ ਖਲਕਤ ਵਿਚ ਹੀ ਰੱਬ ਵੱਸਦਾ ਹੈ।

ਇਕ ਅਨੁਭਵੀ ਤੇ ਅਭਿਆਸਸ਼ੀਲ ਵਿਅਕਤੀ ਜਦ ਆਪਣੇ ਅਧਿਆਤਮਕ ਵਿਚਾਰ ਪ੍ਰਗਟ ਕਰਦਾ ਹੈ ਤਾਂ ਸੁਭਾਵਕ ਹੀ ਅਜੇਹੀ ਲਿਖਤ ਦਾ ਦੂਜੇ ਮਨੁੱਖਾਂ ਉੱਤੇ ਡੂੰਘਾ ਤੇ ਸਥਾਈ ਪ੍ਰਭਾਵ ਪੈਂਦਾ ਹੈ, ਕਿਉਂਕਿ ਡਾ. ਮੁਹੰਮਦ ਇਕਬਾਲ, ਪ੍ਰਸਿੱਧ ਉਰਦੂ ਸ਼ਾਇਰ ਦੇ ਕਥਨ ਅਨੁਸਾਰ: ਬਾਤ ਜੋ ਦਿਲ ਸੇ ਨਿਕਲਤੀ ਹੈ, ਅਸਰ ਰਖਤੀ ਹੈ ਮਨੁੱਖੀ ਗਿਆਨ ਦੇ ਦੋ ਪੱਧਰ ਮੰਨੇ ਗਏ ਹਨ: ਇਕ ਰਹੱਸਵਾਦੀ (ਭਾਵ ਅੰਦਰਮੁਖੀ, ਜੋ ਆਤਮਕ ਅਨੁਭਵ ਤੇ ਆਧਾਰਿਤ ਹੁੰਦਾ ਹੈ) ਅਤੇ ਦੂਜਾ ਬੌਧਿਕ (ਭਾਵ ਬਾਹਰਮੁਖੀ ਜੋ ਵਸਤੂਗਤ ਤੇ ਇੰਦਰਿਆਵੀ ਅਨੁਭਵ ਦਾ ਸਿੱਟਾ ਹੁੰਦਾ ਹੈ)। ਰਹੱਸਵਾਦੀ ਅਨੁਭਵ ਵਾਲੇ ਵਿਅਕਤੀ ਦੇ ਗਿਆਨ ਦੇ ਸਾਹਮਣੇ ਆਮ ਮਨੁੱਖਾਂ ਦਾ ਬੌਧਿਕ ਗਿਆਨ ਸੂਰਜ ਦੀ ਰੌਸ਼ਨੀ ਦੇ ਟਾਕਰੇ ਰਾਤ ਦੇ ਹਨ੍ਹੇਰੇ ਸਮਾਨ ਹੁੰਦਾ ਹੈ।



Sri Satguru Jagjit Singh Ji eLibrary NamdhariElibrary@gmail.com

ਗਿਆਨੀ ਜੰਗ ਸਿੰਘ ਜੀ ਦੀ ਜੀਵਨੀ 'ਸਫ਼ਲ ਜੀਵਨ' ਪੜ੍ਹ ਕੇ ਉਨ੍ਹਾਂ ਦੇ ਸਮੁੱਚੇ ਆਚਰਣ ਦਾ ਪਤਾ ਲਗਦਾ ਹੈ ਅਤੇ ਉਨ੍ਹਾਂ ਵੱਲੋਂ ਪ੍ਰਕਾਸ਼ਿਤ ਹੋਰ ਧਾਰਮਿਕ ਪੁਸਤਕਾਂ ਦੇ ਅਧਿਐਨ ਤੋਂ ਵੀ ਗਿਆਤ ਹੁੰਦਾ ਹੈ ਕਿ ਆਪ ਇਕ ਅਨੁਭਵੀ ਪੁਰਸ਼ ਹਨ। ਉਨ੍ਹਾਂ ਨੇ ਸਿੱਖ ਧਰਮ ਨੂੰ ਕੇਵਲ ਜਾਨਣ ਤੇ ਸਮਝਣ ਦਾ ਜਤਨ ਹੀ ਨਹੀਂ ਕੀਤਾ ਹੈ, ਸਗੋਂ ਸਿੱਖ ਧਰਮ ਦੇ ਮੂਲ ਉਪਦੇਸ਼ਾਂ ਨੂੰ ਆਪਣੇ ਨਿੱਜੀ ਜੀਵਨ ਵਿਚ ਘਟਾ ਕੇ ਤੇ ਘੋਖ-ਪਰਤਾ ਕੇ ਵੀ ਦੇਖਿਆ ਹੈ।

ਗਿਆਨੀ ਜੰਗ ਸਿੰਘ ਜੀ ਗੁਰਮਤਿ ਦੇ ਪ੍ਰਮਾਣੀਕ ਵਿਆਖਿਆਕਾਰ ਹਨ। ਹਰ ਸਮੇਂ ਵਿਚ ਹਰ ਧਰਮ ਦੀ ਸੱਚਾਈ ਨੂੰ ਨਵੇਂ ਸਿਰਿਓਂ ਮੂਰਤੀਮਾਨ ਕਰਨਾ ਪੈਂਦਾ ਹੈ। ਹਰ ਸਮੇਂ ਦਾ ਆਪਣਾ ਇਕ ਨਵੇਕਲਾ ਵਾਤਾਵਰਨ ਤੇ ਪ੍ਰਭਾਵ ਹੁੰਦਾ ਹੈ। ਉਸ ਦੇ ਅਨੁਕੂਲ ਮੂਲ ਸੱਚਾਈ ਨੂੰ ਪੇਸ਼ ਕਰਨਾ ਆਵੱਸ਼ਕ ਹੈ। ਗੁਰਮਤਿ ਦੀ ਅਟੱਲ ਸੱਚਾਈ ਸਦੀਵ ਕਾਲ ਲਈ ਗੁਰਬਾਣੀ ਦੇ ਰੂਪ ਵਿਚ ਵਿਦਮਾਨ ਹੈ ਪਰੰਤੂ ਇਸ ਦੀ ਵਿਆਖਿਆ ਕਈ ਸਦੀਆਂ ਤੋਂ ਹਰ ਸਮੇਂ ਦੇ ਸੁਭਾਵ ਤੇ ਮੁਹਾਵਰੇ ਅਨੁਸਾਰ ਹੁੰਦੀ ਰਹੀ ਹੈ ਅਤੇ ਹੋ ਰਹੀ ਹੈ। ਇਕ ਅਨੁਭਵੀ ਸਿੱਖ ਜਦ ਗੁਰਮਤਿ ਨੂੰ ਜੀਵਨ ਵਿਚ ਪਰਤਾ ਕੇ ਦੇਖਦਾ ਪਰਖਦਾ ਹੈ ਤਾਂ ਇਹ ਪ੍ਰਾਪਤੀ ਬੜੀ ਕੀਮਤੀ ਹੁੰਦੀ ਹੈ। ਇਹ ਮਾਨੋ ਗੁਰਮਤਿ ਦੀ ਸੱਚਾਈ ਦਾ ਨਵੀਨੀਕਰਨ ਜਾਂ ਨਵ-ਸਿਰਜਣ ਕਿਹਾ ਜਾ ਸਕਦਾ ਹੈ।

SIKHBOOKCLUB.COM

ਗਿਆਨੀ ਜੀ ਦੇ ਵਿਚਾਰਾਂ ਤੇ ਪ੍ਰਗਟਾ ਢੰਗਾਂ ਵਿਚ ਸਭ ਤੋਂ ਵਿਸ਼ੇਸ਼ ਗੁਣ ਸਪੱਸ਼ਟਤਾ ਅਤੇ ਸੰਜਮ ਦਾ ਪ੍ਰਤੀਤ ਹੁੰਦਾ ਹੈ। ਗੁਰਮਤਿ ਦੀ ਸੱਚਾਈ ਦੇ ਪ੍ਰਮਾਣ ਲਈ ਗੁਰਬਾਣੀ ਦਾ ਪੂਰਨ ਤੌਰ 'ਤੇ ਆਸਰਾ ਲਿਆ ਗਿਆ ਹੈ। ਵਿਚਾਰਾਂ ਦੀ ਸਪੱਸ਼ਟਤਾ ਲਈ ਥਾਂ-ਪੁਰ-ਥਾਂ ਗੁਰਬਾਣੀ ਵਿਚੋਂ ਟੂਕਾਂ ਦਿੱਤੀਆਂ ਗਈਆਂ ਹਨ। ਵਾਧੂ ਕਿਸਮ ਦੀ ਵਿਆਖਿਆ ਜਾਂ ਆਪਣੇ ਵੱਲੋਂ ਕੁਝ ਅਟਕਲਪੱਚੂ ਕਹਿਣ ਤੋਂ ਪੂਰੀ ਤਰ੍ਹਾਂ ਸੰਕੋਚ ਕੀਤਾ ਗਿਆ ਹੈ। ਹਥਲੀ ਪੁਸਤਕ ਵਿਚ ਨਾਮ ਦੇ ਮਹੱਤਵ ਨੂੰ ਉਜਾਗਰ ਕਰਨ ਲਈ ਲੇਖਕ ਨੇ ਡੂੰਘੀ ਖੋਜ ਕੀਤੀ ਹੈ। ਇਹ ਰਚਨਾ ਗੁਰਮਤਿ ਮਾਰਗ ਦੇ ਪੈਰੋਕਾਰਾਂ, ਨਾਮ-ਅਭਿਆਸੀਆਂ ਅਤੇ ਆਮ ਪਾਠਕਾਂ ਲਈ ਇਕ ਵਡਮੁੱਲੀ ਸੌਗਾਤ ਹੈ।

**ਦੀਵਾਨ ਸਿੰਘ (ਡਾ.)**
ਭੂਤਪੂਰਵ ਪ੍ਰੋਫ਼ੈਸਰ ਤੇ ਮੁਖੀ

ਪੰਜਾਬੀ ਅਧਿਐਨ ਸਕੂਲ,
ਗੁਰੂ ਨਾਨਕ ਦੇਵ ਯੂਨੀਵਰਸਿਟੀ,
ਅੰਮ੍ਰਿਤਸਰ-143005.



Sri Satguru Jagjit Singh Ji eLibrary NamdhariElibrary@gmail.com

ੴ

# ਏਕੇ ਦਾ ਸੰਦੇਸ਼

**ਸ੍ਰੀ ਗੁਰੂ ਗ੍ਰੰਥ ਸਾਹਿਬ** ਦੇ ਆਦਿ ਵਿਚ ਜੋ ਏਕਾ ਅੰਕ ਲਿਖਿਆ ਹੈ, ਉਸ ਰਾਹੀਂ "ਜਗਤ ਗੁਰ ਬਾਬਾ" ਸ੍ਰੀ ਗੁਰੂ ਨਾਨਕ ਦੇਵ ਜੀ ਸਾਰੇ ਸੰਸਾਰ ਨੂੰ ਕੀ ਸੰਦੇਸ਼ ਦੇਣਾ ਚਾਹੁੰਦੇ ਹਨ? ਇਸ ਪ੍ਰਸ਼ਨ ਉੱਤੇ ਬੜੀ ਗੰਭੀਰਤਾ ਨਾਲ ਵਿਚਾਰ ਕਰਨ ਦੀ ਲੋੜ ਹੈ। ਜਦੋਂ ਮੈਂ ਇਸ ਪ੍ਰਸ਼ਨ ਉੱਤੇ ਵਿਚਾਰ ਕਰਨ ਲੱਗਿਆ ਤਾਂ ਸੱਚੇ ਸਤਿਗੁਰੂ ਨੇ ਇਹ ਸੋਝੀ ਬਖ਼ਸ਼ੀ ਕਿ ਇਸ ਏਕੇ ਰਾਹੀਂ ਸਤਿਗੁਰ ਸੱਚੇ ਪਾਤਿਸ਼ਾਹ ਸਾਰੀ ਮਾਨਵਤਾ ਨੂੰ ਇਹ ਸੰਦੇਸ਼ ਦੇਣਾ ਚਾਹੁੰਦੇ ਹਨ ਕਿ ਮਨੁੱਖਾ ਜਨਮ ਦਾ ਅਸਲ ਮਨੋਰਥ "ਦੋਇ ਤੇ ਏਕ ਰੂਪ ਹ੍ਵੈ ਗਇਓ" ਹੈ। ਭਾਵ ਜਿਸ ਪਰਮਾਤਮਾ ਨਾਲੋਂ ਇਹ ਜੀਵ ਆਤਮਾ ਵਿਛੜੀ ਹੈ ਉਸ ਵਿਚ ਅਭੇਦ ਹੋਣਾ ਹੀ ਮਨੁੱਖਾ ਜਨਮ ਪ੍ਰਾਪਤ ਕਰਨ ਦਾ ਲਕਸ਼ ਹੈ। ਇਸ ਲਕਸ਼ ਨੂੰ ਪ੍ਰਾਪਤ ਕਰਨ ਦੇ ਸਾਧਨਾਂ ਦਾ ਹੀ ਗੁਰਬਾਣੀ ਵਿਚ ਵਰਣਨ ਕੀਤਾ ਗਿਆ ਹੈ। ਇਸ ਲਕਸ਼ ਦੀ ਪ੍ਰਾਪਤੀ ਦਾ ਮੁੱਖ ਸਾਧਨ ਸਤਿਗੁਰਾਂ ਨੇ ਨਾਮ ਸਿਮਰਨ ਦੱਸਿਆ ਹੈ। ਸੁਖਮਨੀ ਸਾਹਿਬ ਵਿਚ ਸਤਿਗੁਰੂ ਜੀ ਫੁਰਮਾਉਂਦੇ ਹਨ:

SIKHBOOKCLUB.COM

**ਏਕੋ ਜਪਿ ਏਕੋ ਸਾਲਾਹਿ॥**
**ਏਕੁ ਸਿਮਰਿ ਏਕੋ ਮਨ ਆਹਿ॥**
**ਏਕਸ ਕੇ ਗੁਨ ਗਾਉ ਅਨੰਤ॥**
**ਮਨਿ ਤਨਿ ਜਾਪਿ ਏਕ ਭਗਵੰਤ॥**
**ਏਕੋ ਏਕੁ ਏਕੁ ਹਰਿ ਆਪਿ॥**
**ਪੂਰਨ ਪੂਰਿ ਰਹਿਓ ਪ੍ਰਭੁ ਬਿਆਪਿ॥**
**ਅਨਿਕ ਬਿਸਥਾਰ ਏਕ ਤੇ ਭਏ॥**
**ਏਕੁ ਅਰਾਧਿ ਪਰਾਛਤ ਗਏ॥**
**ਮਨ ਤਨ ਅੰਤਰਿ ਏਕੁ ਪ੍ਰਭੁ ਰਾਤਾ॥**
**ਗੁਰ ਪ੍ਰਸਾਦਿ ਨਾਨਕ ਇਕੁ ਜਾਤਾ॥** (ਪੰਨਾ ੨੮੯)

ਜੇ ਮਨੁੱਖ ਉਪਰ ਲਿਖੇ ਸ਼ਬਦ ਨੂੰ ਆਪਣੇ ਹਿਰਦੇ ਵਿਚ ਵਸਾ ਲਵੇ ਤੇ ਉਸ 'ਤੇ ਅਮਲ ਕਰਕੇ ਪੂਰਨ ਪ੍ਰੇਮ ਨਾਲ ਇਕ ਅਕਾਲ ਪੁਰਖ ਦੇ ਨਾਮ ਦਾ ਸਿਮਰਨ



Sri Satguru Jagjit Singh Ji eLibrary NamdhariElibrary@gmail.com

ਕਰੇ ਤਾਂ ਉਹ "ਦੋਇ ਤੇ ਏਕ ਰੂਪ" ਹੋ ਸਕਦਾ ਹੈ। "ਦੁਬਿਧਾ ਦੂਰ ਕਰੋ ਲਿਵਲਾਇ" ਦੇ ਮਹਾਂਵਾਕ ਅਨੁਸਾਰ ਜੇ ਮਨੁੱਖ ਸ਼ਬਦ ਸੁਰਤਿ ਦਾ ਮੇਲ ਕਰਕੇ ਤੇ ਇਕ ਨਾਮ ਵਿਚ ਲਿਵ ਲਾ ਕੇ, ਇਕ ਮਨ ਇਕ ਚਿਤ ਹੋ ਕੇ ਸਿਮਰਨ ਕਰੇ, ਤਾਂ ਉਸ ਦੀ ਦੁਬਿਧਾ ਦੂਰ ਹੋ ਸਕਦੀ ਹੈ ਤੇ ਉਹ ਜਿਸ ਪਰਮਾਤਮਾ ਨਾਲੋਂ ਵਿਛੜਿਆ ਹੈ ਉਸ ਵਿਚ ਅਭੇਦ ਹੋ ਸਕਦਾ ਹੈ।

ਇਹ ਜੀਵ ਆਤਮਾ ਉਸ ਪਰਮਾਤਮਾ ਨਾਲੋਂ ਵਿਛੜ ਕਿਵੇਂ ਗਈ? ਇਸ ਦਾ ਕਾਰਨ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨੇ ਅਨੰਦ ਸਾਹਿਬ ਬਾਣੀ ਵਿਚ ਇਸ ਤਰ੍ਹਾਂ ਦੱਸਿਆ ਹੈ:

**ਮਾਤਾ ਕੇ ਉਦਰ ਮਹਿ ਪ੍ਰਤਿਪਾਲ ਕਰੇ**
**ਸੋ ਕਿਉ ਮਨਹੁ ਵਿਸਾਰੀਐ॥**
**ਮਨਹੁ ਕਿਉ ਵਿਸਾਰੀਐ ਏਵਡੁ ਦਾਤਾ**
**ਜਿ ਅਗਨਿ ਮਹਿ ਆਹਾਰੁ ਪਹੁਚਾਵਏ॥**
**ਓਸਨੋ ਕਿਹੁ ਪੋਹਿ ਨ ਸਕੀ**
**ਜਿਸ ਨਉ ਆਪਣੀ ਲਿਵ ਲਾਵਏ॥**
**ਆਪਣੀ ਲਿਵ ਆਪੇ ਲਾਏ ਗੁਰਮੁਖਿ ਸਦਾ ਸਮਾਲੀਐ॥**
**ਕਹੈ ਨਾਨਕੁ ਏਵਡੁ ਦਾਤਾ ਸੋ ਕਿਉ ਮਨਹੁ ਵਿਸਾਰੀਐ॥** (ਪੰਨਾ ੯੨੦)

ਗੁਰਬਾਣੀ ਵਿਚੋਂ ਇਸ ਭਾਵ ਦੇ ਅਨੇਕ ਪ੍ਰਮਾਣ ਮਿਲਦੇ ਹਨ ਕਿ ਮਾਤਾ ਦੇ ਉਦਰ ਵਿਚ ਜੀਵ ਦੀ ਰੱਖਿਆ ਪਰਮਾਤਮਾ ਨੇ ਆਪਣਾ ਸਿਮਰਨ ਦੇ ਕੇ ਤੇ ਆਪਣੇ ਨਾਲ ਲਿਵ ਲਗਾ ਕੇ ਕੀਤੀ:

**ਮਾਤ ਗਰਭ ਮਹਿ ਆਪਨ ਸਿਮਰਨੁ ਦੇ ਤਹ ਤੁਮ ਰਾਖਨਹਾਰੇ॥**
**ਪਾਵਕ ਸਾਗਰ ਅਥਾਹ ਲਹਰਿ ਮਹਿ ਤਾਰਹੁ ਤਾਰਨਹਾਰੇ॥**
**ਮਾਧੌ ਤੂ ਠਾਕੁਰੁ ਸਿਰਿ ਮੋਰਾ॥ ਈਹਾ ਊਹਾ ਤੁਹਾਰੋ ਧੋਰਾ॥**

(ਪੰਨਾ ੬੧੩)

ਭਾਵ ਹੇ ਪਰਮਾਤਮਾ ਮਾਤਾ ਦੇ ਉਦਰ ਵਿਚ ਜਿਵੇਂ ਤੁਸੀਂ ਮੇਰੀ ਰੱਖਿਆ ਕੀਤੀ ਸੀ, ਉਸੇ ਤਰ੍ਹਾਂ ਇਸ ਮਾਤ-ਲੋਕ ਵਿਚ ਵੀ ਕਿਰਪਾ ਕਰਕੇ ਮੇਰੀ ਰੱਖਿਆ ਕਰੋ। ਜਦੋਂ ਸਿੱਖ ਮਨ ਇਕਾਗਰ ਕਰਕੇ, ਉਸ ਕਰਤਾ ਪੁਰਖ ਅੱਗੇ ਅਰਦਾਸਾਂ ਬੇਨਤੀਆਂ ਕਰਦਾ ਹੈ ਤਾਂ ਉਹ ਦਿਆਲੂ ਪਿਤਾ ਇਸ ਲੋਕ ਵਿਚ ਵੀ ਆਪਣੇ ਸਿਮਰਨ ਦੀ ਦਾਤ ਦੇ ਕੇ ਉਸਦੀ ਰੱਖਿਆ ਕਰਦਾ ਹੈ।



Sri Satguru Jagjit Singh Ji eLibrary NamdhariElibrary@gmail.com

ਇਸ ਹਕੀਕਤ ਨੂੰ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨੇ ਅਨੰਦ ਸਾਹਿਬ ਦੀ ਇਕ ਹੋਰ ਪਉੜੀ ਵਿਚ ਇਸ ਤਰ੍ਹਾਂ ਬਿਆਨ ਕੀਤਾ ਹੈ:

**ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ॥**
**ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ॥**
**ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ॥**
**ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥**
**ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ॥**
**ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ**
**ਤਿਨੀ ਵਿਚੇ ਮਾਇਆ ਪਾਇਆ॥** (ਪੰਨਾ ੯੨੧)

ਸਤਿਗੁਰੂ ਜੀ ਨੇ ਇਸ ਸ਼ਬਦ ਵਿਚ ਦੱਸਿਆ ਹੈ ਕਿ ਜਦੋਂ ਜੀਵ ਆਤਮਾ ਦੀ ਪਰਮਾਤਮਾ ਨਾਲੋਂ ਲਿਵ ਟੁੱਟ ਗਈ ਤਾਂ ਉਸ ਨੂੰ ਮਾਇਆ ਨੇ ਆਪਣੇ ਜਾਲ ਵਿਚ ਫਸਾ ਲਿਆ। ਲਿਵ ਦੀ ਥਾਂ ਉਸ ਨੂੰ ਮਾਇਆ ਦੀ ਤ੍ਰਿਸ਼ਨਾ ਲੱਗ ਗਈ ਅਤੇ ਪਰਮਾਤਮਾ ਦੇ ਪਿਆਰ ਦੀ ਥਾਂ ਉਸ ਨੂੰ "ਭਾਉ ਦੂਜਾ ਲਾਇਆ" ਦੇ ਮਹਾਂਵਾਕ ਅਨੁਸਾਰ ਉਸਦਾ ਪ੍ਰੇਮ ਸੰਸਾਰ ਦੀਆਂ ਕੂੜੀਆਂ ਵਸਤਾਂ ਨਾਲ ਲੱਗ ਗਿਆ ਅਤੇ SIKHBOOKCLUB.COM

**ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ॥** (ਪੰਨਾ ੪੬੮)

ਦੇ ਮਹਾਂਵਾਕ ਅਨੁਸਾਰ ਰੱਖਣਹਾਰ ਪਰਮਾਤਮਾ ਨੂੰ ਜੀਵ ਆਤਮਾ ਨੇ ਉੱਕਾ ਹੀ ਵਿਸਾਰ ਦਿੱਤਾ। ਬਹੁਤ ਸਾਰੇ ਲੋਕ ਤਾਂ ਉਸ ਕਰਤਾ ਪੁਰਖ ਦੀ ਹੋਂਦ ਤੋਂ ਇਨਕਾਰ ਕਰਨ ਲੱਗ ਪਏ ਤੇ ਨਾਸਤਕ ਬਣ ਗਏ। ਗੁਰੂ ਜੀ ਨੇ ਮਾਨਵਤਾ ਉੱਤੇ ਤਰਸ ਕਰਦੇ ਹੋਏ ਉਪਰ ਲਿਖੇ ਸ਼ਬਦ ਵਿਚ ਇਹ ਵੀ ਲਿਖ ਦਿੱਤਾ ਕਿ ਜਿਨ੍ਹਾਂ ਮਨੁੱਖਾਂ ਉੱਤੇ ਗੁਰੂ ਦੀ ਕਿਰਪਾ ਹੋ ਜਾਵੇ ਅਤੇ ਜਿਨ੍ਹਾਂ ਨੂੰ ਗੁਰਬਾਣੀ ਪੜ੍ਹ ਕੇ ਤੇ ਵਿਚਾਰ ਕੇ ਆਤਮ ਗਿਆਨ ਪ੍ਰਾਪਤ ਹੋ ਜਾਵੇ, ਉਹ ਨਾਮ ਸਿਮਰਨ ਕਰਕੇ ਆਪਣੀ ਲਿਵ ਫਿਰ ਉਸ ਪਰਮਾਤਮਾ ਨਾਲ ਲਗਾ ਲੈਂਦੇ ਹਨ।

"ਗੁਰਮੁਖਿ ਮਾਇਆ ਵਿਚ ਉਦਾਸੀ" ਦੇ ਕਥਨ ਅਨੁਸਾਰ ਉਹ ਤ੍ਰਿਸ਼ਨਾ ਅੱਗ ਵਿਚ ਸੜਨ ਤੋਂ ਉਸੇ ਤਰ੍ਹਾਂ ਬਚ ਜਾਂਦੇ ਹਨ ਜਿਵੇਂ ਉਹ ਮਾਤਾ ਦੇ ਉਦਰ ਦੀ ਅੱਗ ਤੋਂ ਬਚ ਗਏ ਸਨ।

ਮਨੁੱਖ ਦਾ ਪ੍ਰਭੂ ਨਾਲੋਂ ਟੁੱਟ ਜਾਣਾ ਹੀ ਸਾਰੀ ਮਾਨਵਤਾ ਦੇ ਸਾਹਮਣੇ ਮੁੱਖ ਸਮੱਸਿਆ ਹੈ ਜਿਸ ਉੱਤੇ ਗੁਰਬਾਣੀ ਨੇ ਜਿਵੇਂ ਰੌਸ਼ਨੀ ਪਾਈ ਹੈ ਸੰਸਾਰ ਦੇ ਹੋਰ



Sri Satguru Jagjit Singh Ji eLibrary NamdhariElibrary@gmail.com

ਕਿਸੇ ਧਰਮ ਗ੍ਰੰਥ ਨੇ ਨਹੀਂ ਪਾਈ। ਇਸ ਕਰਕੇ **ਸ੍ਰੀ ਗੁਰੂ ਗ੍ਰੰਥ ਸਾਹਿਬ** ਦੀ ਪਵਿੱਤਰ ਬਾਣੀ ਵਿਚ ਹੀ ਮਨੁੱਖ ਦੇ ਮੁੜ ਕੇ ਪ੍ਰਭੂ ਨਾਲ ਮਿਲਣ ਦੇ ਜੋ ਸਾਧਨ ਦੱਸੇ ਗਏ ਹਨ, ਉਨ੍ਹਾਂ ਦੁਆਰਾ ਸਾਰੇ ਸੰਸਾਰ ਦਾ ਕਲਿਆਣ ਹੋ ਸਕਦਾ ਹੈ ਅਤੇ ਸਰਬੱਤ ਦੇ ਭਲੇ ਦੇ ਸਿਧਾਂਤ ਉੱਤੇ ਅਮਲ ਕਰਕੇ ਪਦਾਰਥਵਾਦ ਦੀ ਥਾਂ ਅਧਿਆਤਮਵਾਦ ਦਾ ਇਕ ਨਵਾਂ ਜੁੱਗ ਲਿਆਂਦਾ ਜਾ ਸਕਦਾ ਹੈ।

ਜਗਤ ਗੁਰ ਬਾਬਾ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ **ਸ੍ਰੀ ਗੁਰੂ ਗ੍ਰੰਥ ਸਾਹਿਬ** ਦੇ ਆਦਿ ਵਿਚ ਲਿਖੇ ਏਕੇ ਰਾਹੀਂ

**ਤੇਰਾ ਏਕੁ ਨਾਮੁ ਤਾਰੇ ਸੰਸਾਰੁ॥**
**ਮੈ ਏਹਾ ਆਸ ਏਹੋ ਆਧਾਰੁ॥** (ਪੰਨਾ ੨੪)

ਦਾ ਸੰਦੇਸ਼ ਸਾਰੀ ਮਾਨਵਤਾ ਦੇ ਭਲੇ ਲਈ ਦਿੱਤਾ ਹੈ। ਮਨੁੱਖ ਕਿੰਨ੍ਹਾਂ ਕਾਰਨਾਂ ਕਰਕੇ ਪਰਮਾਤਮਾ ਨਾਲੋਂ ਵਿਛੜ ਗਿਆ ਹੈ ਅਤੇ ਕਿੰਨ੍ਹਾਂ ਸਾਧਨਾਂ ਨਾਲ ਫਿਰ ਪ੍ਰਭੂ ਨੂੰ ਮਿਲ ਸਕਦਾ ਹੈ ਇਸ ਦਾ ਪੂਰਨ ਵਿਸਥਾਰ ਨਾਲ ਕੀਤਾ ਹੋਇਆ ਵਰਣਨ ਵੀ ਗੁਰਬਾਣੀ ਵਿਚੋਂ ਹੀ ਮਿਲਦਾ ਹੈ, ਹੋਰ ਕਿਸੇ ਧਾਰਮਿਕ ਗ੍ਰੰਥ ਵਿਚੋਂ ਨਹੀਂ ਮਿਲਦਾ।

ਸਿੱਧਾਂ ਦੇ ਇਕ ਪ੍ਰਸ਼ਨ ਦੇ ਉੱਤਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨੁੱਖ ਦੇ ਪ੍ਰਭੂ ਨਾਲੋਂ ਵਿਛੜਨ ਦਾ ਕਾਰਨ ਇਉਂ ਦੱਸਿਆ ਹੈ:

**ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ**
**ਕਿਤੁ ਕਿਤੁ ਦੁਖਿ ਬਿਨਸਿ ਜਾਈ॥** (ਪੰਨਾ ੯੪੬)

ਉੱਤਰ:

**ਹਉਮੈ ਵਿਚਿ ਜਗੁ ਉਪਜੈ ਪੁਰਖਾ**
**ਨਾਮਿ ਵਿਸਰਿਐ ਦੁਖੁ ਪਾਈ॥**
**ਗੁਰਮੁਖਿ ਹੋਵੈ ਸੁ ਗਿਆਨੁ ਤਤੁ ਬੀਚਾਰੈ**
**ਹਉਮੈ ਸਬਦਿ ਜਲਾਏ॥**
**ਤਨੁ ਮਨੁ ਨਿਰਮਲੁ ਨਿਰਮਲ ਬਾਣੀ**
**ਸਾਚੈ ਰਹੈ ਸਮਾਏ॥**
**ਨਾਮੇ ਨਾਮਿ ਰਹੇ ਬੈਰਾਗੀ ਸਾਚੁ ਰਖਿਆ ਉਰਿ ਧਾਰੇ॥**
**ਨਾਨਕ ਬਿਨੁ ਨਾਵੈ ਜੋਗੁ ਕਦੇ ਨ ਹੋਵੈ ਦੇਖਹੁ ਰਿਦੈ ਬੀਚਾਰੇ॥**

(ਪੰਨਾ ੯੪੬)



Sri Satguru Jagjit Singh Ji eLibrary NamdhariElibrary@gmail.com

ਇਸ ਸ਼ਬਦ ਵਿਚ ਸਤਿਗੁਰੂ ਜੀ ਨੇ ਮਨੁੱਖ ਦੇ ਪ੍ਰਭੂ ਨਾਲੋਂ ਵਿਛੜਣ ਦਾ ਕਾਰਨ ਹਉਮੈ ਨੂੰ ਦੱਸਿਆ ਹੈ, ਅਤੇ ਫਿਰ ਮਿਲਣ ਦਾ ਸਾਧਨ ਨਾਮ ਸਿਮਰਨ ਕਰਕੇ ਮਨ ਨੂੰ ਨਿਰਮਲ ਕਰਨ ਦਾ ਸਾਧਨ ਵੀ ਦੱਸਿਆ ਹੈ। ਕਿਰਪਾਲੂ ਸਤਿਗੁਰੂ ਜੀ ਨੇ ਇਸ ਸ਼ਬਦ ਵਿਚ

**ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥** (ਪੰਨਾ ੧)

ਦੇ ਉਸ ਪ੍ਰਸ਼ਨ ਦਾ ਉੱਤਰ ਵੀ ਦੇ ਦਿੱਤਾ ਹੈ ਜੋ ਸਤਿਗੁਰਾਂ ਨੇ ਆਪ ਹੀ ਜਪੁਜੀ ਸਾਹਿਬ ਬਾਣੀ ਦੇ ਆਦਿ ਵਿਚ ਉਠਾਇਆ ਸੀ। ਇਸ ਪ੍ਰਸ਼ਨ ਦਾ ਉੱਤਰ ਭਾਵੇਂ ਸਤਿਗੁਰੂ ਜੀ ਨੇ ਅਗਲੀ ਪੰਕਤੀ ਵਿਚ ਇਉਂ ਦਿੱਤਾ ਸੀ:

**ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥** (ਪੰਨਾ ੧)

ਪਰ ਸਿੱਧ ਗੋਸਟਿ ਵਿਚ ਹਉਮੈ ਨੂੰ ਮਾਰਨ ਬਾਰੇ ਹੋਰ ਵਿਸਥਾਰ ਨਾਲ ਇਉਂ ਲਿਖਿਆ ਹੈ:

**ਗੁਰਮੁਖਿ ਮਨੁ ਜੀਤਾ ਹਉਮੈ ਮਾਰਿ॥**
**ਗੁਰਮੁਖਿ ਸਾਚੁ ਰਖਿਆ ਉਰ ਧਾਰਿ॥** (ਪੰਨਾ ੯੪੬)

ਗੁਰਮੁਖਿ ਮੂਲ ਮੰਤ੍ਰ ਤੇ ਗੁਰਮੰਤ੍ਰ ਦਾ ਜਾਪ ਕਰਕੇ ਹਉਮੈ ਨੂੰ ਮਾਰ ਦਿੰਦਾ ਹੈ। ਜਦ ਹਉਮੈ ਮਰ ਗਈ ਤਾਂ ਤੂੰ ਹੀ ਰਹਿ ਗਿਆ ਤੇ ਜੀਵਾਤਮਾ ਉਸ ਪਰਮਾਤਮਾ ਵਿਚ ਅਭੇਦ ਹੋ ਗਈ। ਗੁਰਬਾਣੀ ਵਿਚ ਇਸ ਅਵਸਥਾ ਦਾ ਵਰਣਨ ਇਉਂ ਕੀਤਾ ਗਿਆ ਹੈ:

**ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥**
**ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥** (ਪੰਨਾ ੮੪੬)

ਕਬੀਰ ਸਾਹਿਬ ਇਸ ਅਵਸਥਾ ਬਾਰੇ ਫੁਰਮਾਉਂਦੇ ਹਨ:

**ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ॥**
**ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ॥**

(ਪੰਨਾ ੧੩੭੫)

ਸੰਸਾਰ ਦੇ ਸਾਰੇ ਧਰਮਾਂ ਦਾ ਤੁਲਨਾਤਮਕ ਅਧਿਐਨ ਕਰਨ ਤੋਂ ਪਤਾ ਲੱਗਦਾ ਹੈ ਕਿ ਹੋਰ ਕਿਸੇ ਵੀ ਧਰਮ ਗ੍ਰੰਥ ਵਿਚ ਜੀਵ ਦੇ ਪਰਮਾਤਮਾ ਨਾਲੋਂ ਵਿਛੜਨ ਦੇ ਕਾਰਨਾਂ ਤੇ ਇਸ ਤਰ੍ਹਾਂ ਰੌਸ਼ਨੀ ਨਹੀਂ ਪਾਈ ਗਈ ਜਿਵੇਂ ਗੁਰਬਾਣੀ ਵਿਚ ਪਾਈ ਗਈ ਹੈ। ਜਦੋਂ ਵਿਛੜਨ ਦਾ ਹੀ ਵਰਣਨ ਨਹੀਂ ਕੀਤਾ ਗਿਆ ਤਾਂ ਮਿਲਣ ਦੇ ਸਾਧਨ ਕਿਸ ਨੇ ਦੱਸਣੇ ਸਨ। ਹੋਰ ਕਿਸੇ ਵੀ ਧਰਮ ਗ੍ਰੰਥ ਨੇ ਹਉਮੈ



Sri Satguru Jagjit Singh Ji eLibrary NamdhariElibrary@gmail.com

ਨੂੰ ਦੀਰਘ ਰੋਗ ਨਹੀਂ ਮੰਨਿਆ। ਜਦ ਰੋਗ ਨੂੰ ਰੋਗ ਹੀ ਨਹੀਂ ਮੰਨਿਆ ਗਿਆ ਤਾਂ ਉਸ ਦੇ ਇਲਾਜ ਦਾ ਵਰਣਨ ਕਰਨ ਦੀ ਲੋੜ ਹੀ ਨਹੀਂ ਪਈ। ਇਸ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਇਹ ਗੌਰਵ ਗੁਰਬਾਣੀ ਨੂੰ ਹੀ ਪ੍ਰਾਪਤ ਹੈ ਜਿਸ ਨੇ ਸਾਰੀ ਮਾਨਵਤਾ ਨੂੰ ਲੱਗੇ ਹੋਏ ਇਸ ਰੋਗ ਦੀ ਪਹਿਲਾਂ ਤਾਂ ਸਹੀ ਅਰਥਾਂ ਵਿਚ ਪਛਾਣ ਕੀਤੀ ਅਤੇ ਫਿਰ ਸਾਰੀ ਮਾਨਵਤਾ ਨੂੰ ਉਸ ਦੀਰਘ ਰੋਗ ਤੋਂ ਮੁਕਤਿ ਹੋਣ ਦਾ ਸਾਧਨ ਸਿਮਰਨ ਕਰਨਾ ਦੱਸਿਆ।

ਇਸਤੋਂ ਇਹ ਵੀ ਸਾਬਤ ਹੋ ਜਾਂਦਾ ਹੈ ਕਿ **ਸ੍ਰੀ ਗੁਰੂ ਗ੍ਰੰਥ ਸਾਹਿਬ** ਹੀ ਸਾਰੀ ਮਾਨਵਤਾ ਦਾ ਉਧਾਰ ਕਰਨ ਦੀ ਸਮਰੱਥਾ ਰੱਖਦਾ ਹੈ। ਸੰਸਾਰ ਦੇ ਹੋਰ ਧਾਰਮਿਕ ਗ੍ਰੰਥਾਂ ਦੀ ਸੀਮਾ ਉਸ ਧਰਮ ਦੇ ਦਾਇਰੇ ਤੇ ਜਾ ਕੇ ਖ਼ਤਮ ਹੋ ਜਾਂਦੀ ਹੈ, ਪਰੰਤੂ **ਸ੍ਰੀ ਗੁਰੂ ਗ੍ਰੰਥ ਸਾਹਿਬ** ਦੀ ਸਮਰੱਥਾ ਅਸੀਮ ਹੈ। **ਸ੍ਰੀ ਗੁਰੂ ਗ੍ਰੰਥ ਸਾਹਿਬ** ਦੀ ਬਾਣੀ ਪ੍ਰਭੂ ਦੀ ਬਾਣੀ, ਖਸਮ ਦੀ ਬਾਣੀ, ਧੁਰ ਕੀ ਬਾਣੀ ਹੈ ਭਾਵ ਇਹ ਬਾਣੀ ਉਸ ਪਰਮਾਤਮਾ ਦੀ ਬਾਣੀ ਹੈ ਜੋ

**ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ॥** (ਪੰਨਾ ੬੧੨)

ਹੈ। ਇਸ ਕਰਕੇ ਜਿਵੇਂ ਉਸ ਪਰਮਾਤਮਾ ਦਾ ਕੋਈ ਆਦਿ ਜਾਂ ਅੰਤ ਨਹੀਂ ਹੈ, ਉਸੇ ਤਰ੍ਹਾਂ ਗੁਰਬਾਣੀ ਦੇ ਪ੍ਰਭਾਵ ਤੇ ਮਹੱਤਵ ਦਾ ਕੋਈ ਵੀ ਅੰਤ ਨਹੀਂ। ਉਸ ਨੂੰ ਵੀ ਬੇਅੰਤ ਹੀ ਕਹਿਆ ਜਾ ਸਕਦਾ ਹੈ। ਉਸ ਕਰਤਾ ਪੁਰਖ ਨੇ ਇਸ ਸੰਸਾਰ ਦੇ ਉਧਾਰ ਅਤੇ ਇਸ ਨੂੰ ਨਵਾਂ ਰੂਪ ਦੇਣ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੂੰ ਅਨੰਤ ਕਲਾ ਅਤੇ ਭਗਤੀ ਅਤੇ ਸ਼ਕਤੀ ਦੇ ਅਖੁੱਟ ਭੰਡਾਰੇ ਦੇ ਕੇ ਇਸ ਸੰਸਾਰ ਵਿਚ ਭੇਜਿਆ। "ਜਗਤ ਗੁਰ ਬਾਬਾ" ਜੀ ਨੇ ਉਹ ਅਨੰਤ ਕਲਾ ਅਤੇ ਭਗਤੀ ਤੇ ਸ਼ਕਤੀ ਦੇ ਸਾਰੇ ਅਖੁੱਟ ਭੰਡਾਰੇ **ਸ੍ਰੀ ਗੁਰੂ ਗ੍ਰੰਥ ਸਾਹਿਬ** ਦੀ ਪਾਵਨ ਬਾਣੀ ਵਿਚ ਜੁਗਾਂ ਜੁਗਾਂ ਤਕ ਸੁਰੱਖਿਅਤ ਕਰਕੇ ਰੱਖੇ ਹੋਏ ਹਨ।

**ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ॥** (ਪੰਨਾ ੯੩੫)

ਦੇ ਮਹਾਂਵਾਕ ਅਨੁਸਾਰ ਜਿਹੜੇ ਗੁਰਮੁਖਿ ਗੁਰਬਾਣੀ ਦੀ ਬੀਚਾਰ ਕਰਨਗੇ ਅਤੇ ਪੂਰੇ ਗੁਰੂ ਦੇ ਉਪਦੇਸ਼ ਨੂੰ ਸੁਣ ਕੇ, ਤੇ ਮੰਨ ਕੇ, ਪ੍ਰੇਮ ਭਰੇ ਹਿਰਦੇ ਨਾਲ ਉਸ ਦੀ ਕਮਾਈ ਕਰਨਗੇ, ਉਨ੍ਹਾਂ ਨੂੰ ਹੀ ਤੱਤ ਗਿਆਨ ਤੇ ਬਿਬੇਕ ਬੁਧਿ ਪ੍ਰਾਪਤ ਹੋਵੇਗੀ। ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨੇ ਇਸ ਤੱਥ ਨੂੰ ਇਉਂ ਬਿਆਨ ਕੀਤਾ ਹੈ:

**ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ॥**



Sri Satguru Jagjit Singh Ji eLibrary NamdhariElibrary@gmail.com

**ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤੈ ਸਾਰ ਨ ਜਾਣੀ॥**
**ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ॥**
**ਗੁਰ ਕਿਰਪਾ ਤੇ ਸੇ ਜਨ ਜਾਗੇ**
**ਜਿਨਾ ਹਰਿ ਮਨਿ ਵਸਿਆ ਬੋਲਹਿ ਅੰਮ੍ਰਿਤ ਬਾਣੀ॥**
**ਕਹੈ ਨਾਨਕੁ ਸੋ ਤਤੁ ਪਾਏ ਜਿਸ ਨੋ ਅਨਦਿਨੁ**
**ਹਰਿ ਲਿਵ ਲਾਗੈ ਜਾਗਤ ਰੈਣਿ ਵਿਹਾਣੀ॥** (ਪੰਨਾ ੯੨੦)

ਇਸ ਮਹਾਂਵਾਕ 'ਤੇ ਗੰਭੀਰਤਾ ਨਾਲ ਵਿਚਾਰ ਕਰਨ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਬੇਦ, ਸ਼ਾਸਤ੍ਰ ਕੇਵਲ ਪੁੰਨ ਪਾਪ ਦੀ ਵੀਚਾਰ ਕਰਦੇ ਹਨ ਤੇ ਇਤਨਾ ਹੀ ਗਿਆਨ ਦਿੰਦੇ ਹਨ ਕਿ ਚੰਗੇ ਮਾੜੇ ਕਰਮਾਂ ਦਾ ਫਲ ਕੀ ਮਿਲੇਗਾ। ਉਨ੍ਹਾਂ ਦੇ ਪੜ੍ਹਨ ਨਾਲ ਕਰਮ ਜਾਲ ਤੋਂ ਛੁੱਟਣ ਦਾ ਤੱਤ-ਗਿਆਨ ਪ੍ਰਾਪਤ ਨਹੀਂ ਹੁੰਦਾ। ਇਹ ਤੱਤ-ਗਿਆਨ ਤਾਂ ਗੁਰਬਾਣੀ ਪੜ੍ਹਨ ਤੇ ਵਿਚਾਰਨ ਵਾਲੇ ਗੁਰਮੁਖਾਂ ਨੂੰ ਪ੍ਰਾਪਤ ਹੋ ਸਕਦਾ ਹੈ। ਹਿੰਦੂ ਧਰਮ ਗ੍ਰੰਥਾਂ ਨੇ ਤਾਂ ਇਹ ਵੀ ਲਿਖ ਦਿੱਤਾ ਕਿ ਈਸ਼ਵਰ, ਜੀਵ ਤੇ ਪ੍ਰਕਿਰਤੀ ਤਿੰਨੇ ਅਨਾਦੀ ਅਨੰਤ ਹਨ। ਇਸ ਦਾ ਭਾਵ ਇਹ ਹੋਇਆ ਕਿ ਜੀਵ ਤੇ ਪ੍ਰਕਿਰਤੀ ਅਰਥਾਤ ਮਾਇਆ ਇਹ ਈਸ਼ਵਰ ਦੇ ਸ਼ਰੀਕ ਹਨ। ਉਸ ਦੇ ਬਰਾਬਰ ਦੀਆਂ ਸ਼ਕਤੀਆਂ ਹਨ। ਇਹ ਉਸਦੇ ਅਧੀਨ ਨਹੀਂ ਹਨ। ਇਸ ਤਰ੍ਹਾਂ ਹਿੰਦੂ ਸ਼ਾਸਤਰਕਾਰਾਂ ਨੂੰ ਗੁਰਬਾਣੀ ਦੇ ਆਦਿ ਵਿਚ ਲਿਖੇ ਏਕੇ ਰਾਹੀਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਰੀ ਮਾਨਵਤਾ ਨੂੰ "ਏਕ ਈਸ਼ਵਰਵਾਦ" ਦਾ ਜੋ ਸੰਦੇਸ਼ ਦਿੱਤਾ ਹੈ ਉਸ ਦਾ ਤੱਤ-ਗਿਆਨ ਪ੍ਰਾਪਤ ਨਹੀਂ ਹੋਇਆ ਸੀ। ਇਸੇ ਵਾਸਤੇ ਗੁਰੂ ਅਮਰਦਾਸ ਜੀ ਮਹਾਰਾਜ ਨੇ ਲਿਖਿਆ

**ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤੈ ਸਾਰ ਨ ਜਾਣੀ॥**
(ਪੰਨਾ ੯੨੦)

ਸੋ ਇਸ ਸ਼ਬਦ ਦੀ ਵੀਚਾਰ ਤੋਂ ਇਹ ਸਾਬਤ ਹੋ ਜਾਂਦਾ ਹੈ ਕਿ ਹਿੰਦੂ ਧਾਰਮਿਕ ਗ੍ਰੰਥਾਂ ਦੇ ਪੜ੍ਹਨ ਨਾਲ ਮਨੁੱਖਤਾ ਨੂੰ ਤੱਤ-ਗਿਆਨ ਪ੍ਰਾਪਤ ਨਹੀਂ ਹੋ ਸਕਦਾ। ਗੁਰੂ ਜੀ ਬਾਣੀ ਵਿਚ ਫੁਰਮਾਉਂਦੇ ਹਨ:

**ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ॥**
**ਤੱਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ॥** (ਪੰਨਾ ੨੮੫)

ਭਾਵ ਜਿਸ ਨੂੰ ਗੁਰਬਾਣੀ ਪੜ੍ਹ ਕੇ ਇਹ ਦ੍ਰਿੜ੍ਹ ਵਿਸ਼ਵਾਸ ਹੋ ਗਿਆ ਹੈ ਕਿ ਈਸ਼ਵਰ ਇਕ ਹੈ ਤੇ ਉਹ ਇਕ ਹੀ ਸ੍ਰਿਸ਼ਟੀ ਨੂੰ ਪੈਦਾ ਕਰਦਾ ਹੈ। ਉਹ ਹੀ



Sri Satguru Jagjit Singh Ji eLibrary NamdhariElibrary@gmail.com

ਇਸ ਦੀ ਪ੍ਰਿਤਪਾਲ ਕਰਦਾ ਹੈ ਤੇ ਉਹ ਹੀ ਇਸ ਨੂੰ ਮਾਰਦਾ ਹੈ। ਗੁਰੂ ਜੀ ਫੁਰਮਾਉਂਦੇ ਹਨ:

– **ਸਾਹਿਬੁ ਮੇਰਾ ਏਕੋ ਹੈ॥ ਏਕੋ ਹੈ ਭਾਈ ਏਕੋ ਹੈ॥** (ਪੰਨਾ ੩੫੦)

– **ਏਕੋ ਏਕੁ ਬਖਾਨੀਐ ਬਿਰਲਾ ਜਾਣੈ ਸ੍ਵਾਦੁ॥**
**ਗੁਣ ਗੋਬਿੰਦ ਨ ਜਾਣੀਐ ਨਾਨਕ ਸਭੁ ਬਿਸਮਾਦੁ॥** (ਪੰਨਾ ੨੯੯)

ਗੁਰਬਾਣੀ ਵਿਚੋਂ ਉਸ ਪਰਮਾਤਮਾ ਦੇ ਇਕ ਹੋਣ ਦੇ ਅਨੇਕ ਪ੍ਰਮਾਣ ਦਿੱਤੇ ਜਾ ਸਕਦੇ ਹਨ। ਹਿੰਦੂ ਧਰਮ ਗ੍ਰੰਥਾਂ ਨੇ ਤਾਂ ਬਹੁਦੇਵ ਪੂਜਾ ਦੇ ਝੰਜਟ ਵਿਚ ਹੀ ਮਨੁੱਖਤਾ ਨੂੰ ਉਲਝਾਇਆ ਹੋਇਆ ਹੈ। ਕਬੀਰ ਸਾਹਿਬ ਨੇ ਉਨ੍ਹਾਂ ਦੇ ਇਸ ਕਰਮਕਾਂਡ ਦੀ ਅਸਲੀਅਤ ਨੂੰ ਬਿਆਨ ਕਰਦੇ ਹੋਏ ਫੁਰਮਾਇਆ ਹੈ:

**ਨਾਵਨ ਕਉ ਤੀਰਥ ਘਨੇ ਮਨ ਬਉਰਾ ਰੇ ਪੂਜਨ ਕਉ ਬਹੁ ਦੇਵ॥**
**ਕਹੁ ਕਬੀਰ ਛੂਟਨੁ ਨਹੀ ਮਨ ਬਉਰਾ ਰੇ ਛੂਟਨੁ ਹਰਿ ਕੀ ਸੇਵ॥**

(ਪੰਨਾ ੩੩੬)

ਸ੍ਰੀ ਗੁਰੂ ਤੇਗ ਬਹਾਦਰ ਫੁਰਮਾਉਂਦੇ ਹਨ:

**ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ॥**
SIKHBOOKCLUB.COM
**ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ॥**

(ਪੰਨਾ ੧੪੨੮)

ਭਾਵ ਤੀਰਥਾਂ ਦੇ ਇਸ਼ਨਾਨ ਤੇ ਬਹੁਦੇਵ ਪੂਜਾ ਕਰਨ ਨਾਲ ਮਨੁੱਖਤਾ ਦਾ ਕਰਮ ਜਾਲ ਤੋਂ ਛੁਟਕਾਰਾ ਨਹੀਂ ਹੁੰਦਾ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਵਿਚ ਦੱਸਿਆ ਹੈ ਕਿ ਕਰਮਕਾਂਡ ਤੇ ਬਹੁ ਦੇਵ ਪੂਜਾ ਦਾ ਸਿਲਸਿਲਾ ਆਰੰਭ ਕਿਵੇਂ ਹੋਇਆ?

**ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ॥**
**ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ॥**
**ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ॥**
**ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ॥**
**ਆਦੇਸੁ ਤਿਸੈ ਆਦੇਸੁ॥ ਆਦਿ ਅਨੀਲੁ ਅਨਾਦਿ ਅਨਾਹਤਿ**
**ਜੁਗੁ ਜੁਗੁ ਏਕੋ ਵੇਸੁ॥** (ਪੰਨਾ ੭)

ਭਾਵ ਮਾਇਆ ਨੇ ਆਪਣੇ ਤਿੰਨ ਪੁੱਤ, ਤਿੰਨ ਦੇਵਤੇ— ਬ੍ਰਹਮਾ, ਬਿਸਨ ਤੇ ਮਹੇਸ਼ ਪੈਦਾ ਕੀਤੇ। ਉਨ੍ਹਾਂ ਤਿੰਨਾਂ ਵਿਚੋਂ ਬ੍ਰਹਮਾ ਸ੍ਰਿਸ਼ਟੀ ਨੂੰ ਪੈਦਾ ਕਰਦਾ ਹੈ।



Sri Satguru Jagjit Singh Ji eLibrary NamdhariElibrary@gmail.com

ਬਿਸ਼ਨ ਪਾਲਣਾ ਕਰਦਾ ਹੈ ਤੇ ਸ਼ਿਵ ਜੀ ਲੈ ਕਰਦਾ ਹੈ। ਇਨ੍ਹਾਂ ਤਿੰਨਾਂ ਦੇ ਤਿੰਨ ਗੁਣ ਰਜੋ, ਸਤੋ ਤੇ ਤਮੋ ਪੈਦਾ ਕੀਤੇ। ਇਨ੍ਹਾਂ ਤਿੰਨਾਂ ਗੁਣਾਂ ਦੇ ਅਧੀਨ ਹੀ ਸਾਰੀ ਸ੍ਰਿਸ਼ਟੀ ਚਲ ਰਹੀ ਹੈ। ਗੁਰੂ ਜੀ ਨੇ ਇਹ ਵਿਚਾਰ ਹਿੰਦੂ ਗ੍ਰੰਥਾਂ ਅਨੁਸਾਰ ਦੱਸੇ ਹਨ। ਇਨ੍ਹਾਂ ਤਿੰਨ ਦੇਵਤਿਆਂ ਤੋਂ ਹਿੰਦੂਆਂ ਦਾ ਬਹੁਦੇਵ ਪੂਜਾ ਦਾ ਸਿਲਸਿਲਾ ਤੇ ਕਰਮਕਾਂਡ ਦਾ ਜਾਲ ਆਰੰਭ ਹੋਇਆ ਜੋ ਵਧਦਾ ਹੀ ਗਿਆ ਤੇ ਅੱਜ ਵੀ ਜਾਰੀ ਹੈ।

ਗੁਰੂ ਜੀ ਦਾ ਆਪਣਾ ਮਤ ਇਹ ਹੈ ਕਿ ਮਾਇਆ ਵੀ ਪਰਮਾਤਮਾ ਨੇ ਆਪ ਹੀ ਪੈਦਾ ਕੀਤੀ ਹੈ ਤੇ ਉਸਦੇ ਇਹ ਤਿੰਨੇ ਪੁੱਤਰ ਵੀ ਉਸ ਕਰਤਾ ਪੁਰਖ ਦੇ ਹੁਕਮ ਦੇ ਅਧੀਨ ਹੀ ਹਨ। ਉਸ ਦੇ ਫੁਰਮਾਣ ਅਨੁਸਾਰ ਹੀ ਇਹ ਚੱਲ ਰਹੇ ਹਨ। ਉਹ ਇਨ੍ਹਾਂ ਦੇ ਕੰਮਾਂ ਨੂੰ ਵੇਖ ਰਿਹਾ ਹੈ ਪਰ ਇਨ੍ਹਾਂ ਨੂੰ ਉਹ ਨਦਰਿ ਨਹੀਂ ਆਉਂਦਾ। ਇਸ ਕਰਕੇ ਇਹ ਉਸ ਨੂੰ ਮਿਲ ਨਹੀਂ ਸਕਦੇ ਤੇ ਨਾ ਹੀ ਵਿਸ਼ਨੂੰ ਤੋਂ ਜੋ ੨੪ ਅਵਤਾਰ ਪੈਦਾ ਹੋਏ, ਉਹ ਉਸ ਨੂੰ ਮਿਲ ਸਕੇ ਅਤੇ ਨਾ ਹੀ ਉਨ੍ਹਾਂ ਅਵਤਾਰਾਂ ਦੀ ਪੂਜਾ ਕਰਨ ਵਾਲੇ ਹੀ ਉਸ ਨੂੰ ਮਿਲ ਸਕਦੇ ਹਨ।

ਇਸ ਸਾਰੀ ਵਿਚਾਰ ਦਾ ਭਾਵ ਇਹ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ "ਤੇਰਾ ਏਕੁ ਨਾਮੁ ਤਾਰੇ ਸੰਸਾਰੁ" ਦਾ ਜੋ ਸਿਧਾਂਤ ਸਾਰੀ ਮਾਨਵਤਾ ਦੇ ਕਲਿਆਣ ਲਈ ਗੁਰਬਾਣੀ ਵਿਚ ਪੇਸ਼ ਕੀਤਾ ਹੈ, ਸਭ ਤੋਂ ਸ਼੍ਰੋਮਣੀ ਹੈ, ਸਭ ਤੋਂ ਉਪਰ ਹੈ।

SIKHBOOKCLUB.COM

– **ਬੇਦ ਕਤੇਬ ਸੰਸਾਰ ਹਭਾਹੂੰ ਬਾਹਰਾ॥**
**ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ॥** (ਪੰਨਾ ੩੯੭)

– **ਸਭ ਊਪਰਿ ਪਾਰਬ੍ਰਹਮੁ ਦਾਤਾਰੁ॥**
**ਤੇਰੀ ਟੇਕ ਤੇਰਾ ਆਧਾਰੁ॥** (ਪੰਨਾ ੭੨੩)

ਸਭ ਤੋਂ ਉਪਰ ਤੇ ਕਰਣ ਕਾਰਨ ਸਮਰੱਥ ਉਹ ਅਕਾਲ ਪੁਰਖ ਵਾਹਿਗੁਰੂ ਹੈ ਜਿਸ ਨੂੰ ਮਿਲਣ ਦਾ ਸਾਧਨ ਗੁਰਬਾਣੀ ਵਿਚ ਨਾਮ ਸਿਮਰਨ ਕਰਨਾ ਦੱਸਿਆ ਹੈ। ਗੁਰਮੁਖਿ ਗੁਰਬਾਣੀ ਵਿਚ ਦੱਸੇ ਇਸ ਸਾਧਨ ਅਨੁਸਾਰ ਤ੍ਰਿਗੁਣ ਅਤੀਤ ਹੋ ਕੇ ਭਾਵ ਤਿੰਨਾਂ ਗੁਣਾਂ ਤੋਂ ਉਪਰ ਉੱਠ ਕੇ ਉਸ ਪਰਮਾਤਮਾ ਨੂੰ ਮਿਲ ਕੇ "ਦੋਇ ਤੇ ਏਕ ਰੂਪ" ਹੋ ਜਾਂਦੇ ਹਨ। ਗੁਰਬਾਣੀ ਵਿਚ ਸਤਿਗੁਰੂ ਜੀ ਫੁਰਮਾਉਂਦੇ ਹਨ:

**ਹਉ ਹਉ ਮੈ ਮੈ ਵਿਚਹੁ ਖੋਵੈ॥ ਦੂਜਾ ਮੇਟੈ ਏਕੋ ਹੋਵੈ॥** (ਪੰਨਾ ੯੪੩)



Sri Satguru Jagjit Singh Ji eLibrary NamdhariElibrary@gmail.com

ਭਗਤ ਰਵਿਦਾਸ ਜੀ ਨੇ ਉਪਰ ਲਿਖੇ ਮਹਾਂਵਾਕ ਦੀ ਪ੍ਰੋੜਤਾ ਕਰਦੇ ਹੋਏ ਫੁਰਮਾਇਆ ਹੈ:

**ਜਬ ਹਮ ਹੋਤੇ ਤਬ ਤੁਮ ਨਾਹੀ॥**

**ਅਬ ਤੁਮ ਹਹੁ ਹਮ ਨਾਹੀ॥** (ਪੰਨਾ ੩੩੯)

ਭਾਵ ਜਦ ਤਕ ਮੇਰੇ ਵਿਚ ਹਉਮੈ ਸੀ ਤਦ ਤਕ ਮੇਰੇ ਹਿਰਦੇ ਵਿਚ ਨਾ ਤੂੰ ਹੀ ਵੱਸਿਆ ਸੀ ਤੇ ਨਾ ਤੇਰਾ ਨਾਮ ਹੀ ਵੱਸਿਆ ਸੀ, ਪਰ ਹੁਣ ਮੈਂ ਆਪਣੇ ਹਿਰਦੇ ਵਿਚੋਂ ਹਉਮੈ ਖ਼ਤਮ ਕਰ ਦਿੱਤੀ ਹੈ ਤੇ "ਤੇਰਾ ਏਕ ਨਾਮ" ਹਿਰਦੇ ਵਿਚ ਵਸਾ ਲਿਆ ਹੈ। ਹੁਣ ਮੈਂ ਜਿਧਰ ਵੇਖਦਾ ਹਾਂ ਤੂੰ ਹੀ ਨਜ਼ਰ ਆਉਂਦਾ ਹੈਂ। ਕਬੀਰ ਸਾਹਿਬ ਫੁਰਮਾਉਂਦੇ ਹਨ:

**ਅਬ ਤਉ ਜਾਇ ਚਢੇ ਸਿੰਘਾਸਿਨ ਮਿਲੇ ਹੈ ਸਾਰਿੰਗਪਾਨੀ॥**

**ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥** (ਪੰਨਾ ੯੬੯)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਵੀ ਕਰਮਕਾਂਡ ਨੂੰ "ਕੂਰ ਕਿਰਿਆ" ਦੱਸਦੇ ਹੋਏ ਫੁਰਮਾਇਆ ਹੈ:

**ਕਹਾ ਭਯੋ ਜੋ ਦੋਊ ਲੋਚਨ ਮੂੰਦ ਕੈ ਬੈਠਿ ਰਹਿਓ ਬਕ ਧਿਆਨ ਲਗਾਇਓ॥**

**ਨਾਤ ਫਿਰਿਉ ਲੀਏ ਸਾਤ ਸਮੁੰਦ੍ਰਨਿ ਲੋਕ ਗਯੋ ਪਰਲੋਕ ਗਵਾਇਓ॥**

**ਬਾਸ ਕੀਓ ਬਿਖਿਆਨ ਸੋ ਬੈਠ ਕੈ ਐਸੇ ਹੀ ਐਸ ਸੁ ਬੈਸ ਬਿਤਾਇਓ॥**

**ਸਾਚੁ ਕਹੋਂ ਸੁਨ ਲੇਹੁ ਸਭੈ, ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥**

ਸਤਿਗੁਰੂ ਮਹਾਰਾਜ ਨੇ ਇਸ ਸਵੱਈਏ ਵਿਚ ਸਪੱਸ਼ਟ ਕਰ ਦਿੱਤਾ ਹੈ ਕਿ ਜਿਨ੍ਹਾਂ ਨੇ ਕਰਮਕਾਂਡ ਵਿਚ ਉਲਝ ਕੇ ਆਪਣਾ ਜਨਮ ਬਿਰਥਾ ਗਵਾ ਲਿਆ, ਉਹ ਆਪਣਾ ਇਹ ਲੋਕ ਵੀ ਨ ਸਵਾਰ ਸਕੇ ਤੇ ਪਰਲੋਕ ਵਿਚ ਵੀ ਉਨ੍ਹਾਂ ਨੂੰ ਢੋਈ ਨਹੀਂ ਮਿਲੀ। ਦਸ਼ਮੇਸ਼ ਜੀ ਨੇ ਸਾਰੀ ਮਾਨਵਤਾ ਉੱਤੇ ਤਰਸ ਕਰਦੇ ਹੋਏ ਇਹ ਵੀ ਸਪੱਸ਼ਟ ਕਰ ਦਿੱਤਾ ਹੈ ਕਿ "ਦੋਇ ਤੇ ਏਕ ਰੂਪ" ਹੋਣ ਤੇ ਪ੍ਰਭੂ ਵਿਚ ਅਭੇਦ ਹੋਣ ਦਾ ਸੱਚਾ ਮਾਰਗ ਉਸ ਸੱਚੇ ਨਾਲ ਸੱਚੇ ਦਿਲੋਂ ਸੱਚਾ ਪ੍ਰੇਮ ਕਰਨਾ ਹੈ।

ਗੁਰਬਾਣੀ ਵਿਚੋਂ ਦੋ ਹੋਰ ਪ੍ਰਮਾਣ ਐਸੇ ਮਿਲੇ ਹਨ ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਹਉਮੈ ਦੇ ਰੋਗ ਵਿਚ ਤਾਂ ਬ੍ਰਹਮਾ, ਵਿਸ਼ਨੂ ਤੇ ਮਹਾਦੇਓ ਵੀ ਗ੍ਰੱਸੇ ਹੋਏ ਹਨ। ਉਹ ਆਪਣਾ ਰੋਗ ਹੀ ਦੂਰ ਨਹੀਂ ਕਰ ਸਕੇ, ਉਨ੍ਹਾਂ ਦੇ ਜੋ ਅਵਤਾਰ ਹੋਏ ਉਹ ਵੀ ਇਸ ਰੋਗ ਤੋਂ ਮੁਕਤ ਨਹੀਂ ਹੋ ਸਕੇ। ਉਨ੍ਹਾਂ ਨੇ ਆਪਣੇ ਸ਼ਰਧਾਲੂਆਂ



Sri Satguru Jagjit Singh Ji eLibrary NamdhariElibrary@gmail.com

ਨੂੰ ਵੀ ਮੁਕਤਿ ਹੋਣ ਦਾ ਕੋਈ ਸਾਧਨ ਨਹੀਂ ਦੱਸਿਆ। ਸ੍ਰੀ ਗੁਰੂ ਅਮਰਦਾਸ ਜੀ ਨੇ ਤਿੰਨ ਦੇਵਤਿਆਂ ਦੀ ਦਸ਼ਾ ਇਉਂ ਬਿਆਨ ਕੀਤੀ ਹੈ:

**ਬ੍ਰਹਮਾ ਬਿਸਨੁ ਮਹਾਦੇਉ ਤ੍ਰੈਗੁਣ ਭੁਲੇ ਹਉਮੈ ਮੋਹੁ ਵਧਾਇਆ॥**
**ਪੰਡਿਤ ਪੜਿ ਪੜਿ ਮੋਨੀ ਭੁਲੇ ਦੂਜੈ ਭਾਇ ਚਿਤੁ ਲਾਇਆ॥**
**ਜੋਗੀ ਜੰਗਮ ਸੰਨਿਆਸੀ ਭੁਲੇ ਵਿਣੁ ਗੁਰ ਤਤੁ ਨ ਪਾਇਆ॥**
**ਮਨਮੁਖ ਦੁਖੀਏ ਸਦਾ ਭ੍ਰਮਿ ਭੁਲੇ ਤਿਨ੍ੀ ਬਿਰਥਾ ਜਨਮੁ ਗਵਾਇਆ॥**
**ਨਾਨਕ ਨਾਮਿ ਰਤੇ ਸੇਈ ਜਨ ਸਮਧੇ ਜਿ ਆਪੇ ਬਖਸਿ ਮਿਲਾਇਆ॥**

(ਪੰਨਾ ੮੫੨)

ਇਸ ਸ਼ਬਦ ਦੀ ਆਖ਼ਰੀ ਪੰਗਤੀ ਵਿਚ ਗੁਰੂ ਜੀ ਨੇ

**ਤੇਰਾ ਏਕੁ ਨਾਮੁ ਤਾਰੇ ਸੰਸਾਰੁ॥** (ਪੰਨਾ ੨੪)

ਦੀ ਪ੍ਰੋੜ੍ਹਤਾ ਕਰਦੇ ਹੋਏ ਫੁਰਮਾਇਆ ਹੈ ਕਿ ਜੋ ਪ੍ਰਭੂ ਦੇ ਨਾਮ ਦੇ ਮਜੀਠੀ ਰੰਗ ਵਿਚ ਰੰਗੇ ਗਏ, ਉਨ੍ਹਾਂ ਉੱਤੇ ਉਸ ਪ੍ਰਭੂ ਨੇ ਬਖਸ਼ਿਸ਼ ਕਰਕੇ ਉਨ੍ਹਾਂ ਨੂੰ ਆਪਣੇ ਨਾਲ ਮਿਲਾ ਲਿਆ। ਇਸ ਸੱਚਾਈ ਨੂੰ ਗੁਰੂ ਜੀ ਨੇ ਅਨੰਦ ਸਾਹਿਬ ਬਾਣੀ ਵਿਚ ਹੋਰ ਚੰਗੀ ਤਰ੍ਹਾਂ ਪ੍ਰਗਟ ਕਰਦੇ ਹੋਏ ਫੁਰਮਾਇਆ ਹੈ:

**ਸਿਵ ਸਕਤਿ ਆਪਿ ਉਪਾਇ ਕੈ ਕਰਤਾ ਆਪੇ ਹੁਕਮੁ ਵਰਤਾਏ॥**
**ਹੁਕਮੁ ਵਰਤਾਏ ਆਪਿ ਵੇਖੈ ਗੁਰਮੁਖਿ ਕਿਸੈ ਬੁਝਾਏ॥**
**ਤੋੜੇ ਬੰਧਨ ਹੋਵੈ ਮੁਕਤੁ ਸਬਦੁ ਮੰਨਿ ਵਸਾਏ॥**
**ਗੁਰਮੁਖਿ ਜਿਸਨੋ ਆਪਿ ਕਰੇ ਸੁ ਹੋਵੈ ਏਕਸ ਸਿਉ ਲਿਵ ਲਾਏ॥**
**ਕਹੈ ਨਾਨਕੁ ਆਪਿ ਕਰਤਾ ਆਪੇ ਹੁਕਮੁ ਬੁਝਾਏ॥** (ਪੰਨਾ ੯੨੦)

ਸਤਿਗੁਰੂ ਜੀ ਨੇ ਇਸ ਸ਼ਬਦ ਵਿਚ ਹਿੰਦੂ ਸ਼ਾਸਤਰਾਂ ਦੀ ਇਸ ਥਿਊਰੀ ਨੂੰ ਰੱਦ ਕਰ ਦਿੱਤਾ ਹੈ। ਜਿਸ ਵਿਚ ਉਨ੍ਹਾਂ ਨੇ ਈਸ਼ਵਰ, ਜੀਵ ਤੇ ਪ੍ਰਕਿਰਤੀ ਤਿੰਨਾਂ ਨੂੰ ਅਨਾਦੀ, ਅਨੰਤ ਲਿਖਿਆ ਹੈ। ਗੁਰੂ ਜੀ ਨੇ ਸ਼ਬਦ ਦੀ ਪਹਿਲੀ ਪੰਗਤੀ ਵਿਚ ਜੋ "ਸਿਵ ਸਕਤਿ ਆਪਿ ਉਪਾਇ ਕੈ ਕਰਤਾ ਆਪੇ ਹੁਕਮ ਵਰਤਾਏ" ਲਿਖਿਆ ਹੈ ਉਸ ਵਿਚ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਜੀਵ ਤੇ ਸ਼ਕਤੀ ਮਾਇਆ ਉਸ ਕਰਤਾ ਪੁਰਖ ਨੇ ਆਪ ਪੈਦਾ ਕੀਤੀ ਹੈ ਅਤੇ ਆਪ ਹੀ ਆਪਣੇ ਹੁਕਮ ਅਨੁਸਾਰ ਉਨ੍ਹਾਂ ਨੂੰ ਚਲਾ ਰਿਹਾ ਹੈ। ਉਹ ਹੀ ਗੁਰਮੁਖਾਂ ਨੂੰ ਪ੍ਰਭ ਕੀ ਬਾਣੀ ਦੁਆਰਾ ਇਹ ਤੱਤ ਗਿਆਨ ਕਰਾ ਦਿੰਦਾ ਹੈ ਕਿ ਸਭ ਕੁਝ ਉਸਦੇ ਹੁਕਮ ਦੇ ਅੰਦਰ ਹੀ ਹੋ ਰਿਹਾ ਹੈ:



Sri Satguru Jagjit Singh Ji eLibrary NamdhariElibrary@gmail.com

**ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥**
**ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥** (ਪੰਨਾ ੧)

ਗੁਰਮੁਖਾਂ ਨੂੰ ਇਸ ਹੁਕਮ ਦੀ ਸੋਝੀ ਵੀ ਉਹ ਆਪ ਹੀ ਬਖ਼ਸ਼ਦਾ ਹੈ:

**ਹੁਕਮੈ ਬੂਝੈ ਤਾ ਦਰੁ ਸੂਝੈ॥**
**ਗਿਆਨ ਵਿਹੂਣਾ ਕਥਿ ਕਥਿ ਲੂਝੈ॥** (ਪੰਨਾ ੪੬੬)

ਜਿਨ੍ਹਾਂ ਗੁਰਮੁਖਾਂ ਨੂੰ ਗੁਰੂ ਦੀ ਕਿਰਪਾ ਨਾਲ ਤੱਤ ਗਿਆਨ ਪ੍ਰਾਪਤ ਹੋ ਜਾਂਦਾ ਹੈ ਉਨ੍ਹਾਂ ਨੂੰ ਸੋਦਰ ਦੀ ਸੋਝੀ ਆ ਜਾਂਦੀ ਹੈ, ਜਿਸ ਬਾਰੇ ਗੁਰਬਾਣੀ ਵਿਚ ਲਿਖਿਆ ਹੈ:

**ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ**
**ਜਿਤੁ ਬਹਿ ਸਰਬ ਸਮਾਲੇ॥** (ਪੰਨਾ ੮)

ਇਸ ਸੋਝੀ ਆਉਣ ਨਾਲ ਹੀ ਗੁਰਮੁਖ "ਦੋਇ ਤੇ ਏਕ ਰੂਪ" ਹੋਣ ਲਈ ਨਾਮ ਸਿਮਰਨ ਕਰਦੇ ਹਨ। ਬਾਬਾ ਫ਼ਰੀਦ ਨੇ ਇਸੇ ਸੋਝੀ ਬਾਰੇ ਫੁਰਮਾਇਆ ਹੈ:

**ਇਕਨਾ ਨੋ ਸਭ ਸੋਝੀ ਆਈ ਇਕਿ ਫਿਰਦੇ ਵੇਪਰਵਾਹਾ॥**
**ਅਮਲ ਜਿ ਕੀਤਿਆ ਦੁਨੀ ਵਿਚਿ ਸੇ ਦਰਗਹ ਓਗਾਹਾ॥**

(ਪੰਨਾ ੧੩੮੩)

SIKHBOOKCLUB.COM

ਗੁਰਬਾਣੀ ਵਿਚ ਸਤਿਗੁਰੂ ਜੀ ਫੁਰਮਾਉਂਦੇ ਹਨ:

**ਮਾਨੁਖੁ ਬਿਨੁ ਬੂਝੇ ਬਿਰਥਾ ਆਇਆ॥**
**ਅਨਿਕ ਸਾਜ ਸੀਗਾਰ ਬਹੁ ਕਰਤਾ ਜਿਉ ਮਿਰਤਕੁ ਓਢਾਇਆ॥**

(ਪੰਨਾ ੭੧੨)

ਭਾਵ ਜਿਸ ਮਨੁੱਖ ਨੂੰ ਇਸ ਇਕ ਗੱਲ ਦੀ ਸਮਝ ਨਹੀਂ ਆਈ ਕਿ ਉਸ ਦਾ ਇਸ ਸੰਸਾਰ ਵਿਚ ਆਉਣ ਦਾ ਅਸਲ ਮਨੋਰਥ ਕੀ ਹੈ? ਉਹ ਆਪਣਾ ਜੀਵਨ ਅਜਾਈਂ ਗਵਾ ਕੇ ਚਲਿਆ ਜਾਂਦਾ ਹੈ। ਉਸ ਦਾ ਚੰਗੇ ਕੱਪੜੇ ਪਾਉਣਾ ਤੇ ਸ਼ਿੰਗਾਰ ਆਦਿਕ ਕਰਨੇ ਉਸ ਤਰ੍ਹਾਂ ਹੀ ਹਨ, ਜਿਵੇਂ ਮਿਰਤਕ ਦੇਹ ਉੱਤੇ ਸੋਹਣੇ ਕੱਪੜੇ ਪਾਏ ਜਾਂਦੇ ਹਨ। ਗੁਰਬਾਣੀ ਵਿਚ ਤਾਂ ਸਤਿਗੁਰੂ ਜੀ ਨੇ ਇਥੋਂ ਤਕ ਫੁਰਮਾਇਆ ਹੈ:

**ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥**
**ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥**

(ਪੰਨਾ ੨੫੩)



Sri Satguru Jagjit Singh Ji eLibrary NamdhariElibrary@gmail.com

ਜਿਸ ਮਨੁੱਖ ਦੇ ਹਿਰਦੇ ਵਿਚ ਪ੍ਰਭੂ ਦਾ ਪ੍ਰੇਮ ਪੈਦਾ ਨਹੀਂ ਹੋਇਆ, ਉਸਦਾ ਜੀਵਨ ਵਿਅਰਥ ਹੈ। ਬਾਬਾ ਫ਼ਰੀਦ ਜੀ ਹੋਰ ਫੁਰਮਾਉਂਦੇ ਹਨ:

**ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ॥**

**ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ॥**

(ਪੰਨਾ ੧੩੭੯)

ਬਾਬਾ ਜੀ ਨੇ ਕਿਤਨਾ ਸਪੱਸ਼ਟ ਕੀਤਾ ਹੈ ਕਿ ਜਿਸ ਮਨੁੱਖ ਦੇ ਸਰੀਰ ਵਿਚ ਬਿਰਹਾ (ਇਸ਼ਕ ਖੁਦਾ) ਪੈਦਾ ਨਹੀਂ ਹੋਇਆ ਉਸ ਦਾ ਸਰੀਰ ਤਾਂ ਮਸਾਨ ਘਾਟ ਵਿਚ ਪਈ ਹੋਈ ਲਾਸ਼ ਦੇ ਸਮਾਨ ਹੈ। ਗੁਰਬਾਣੀ ਵਿਚ ਸਤਿਗੁਰੂ ਜੀ ਫੁਰਮਾਉਂਦੇ ਹਨ:

**ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥**

**ਨਾਨਕ ਅਵਰੁ ਨ ਜੀਵੈ ਕੋਇ॥**

**ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥**

(ਪੰਨਾ ੧੪੨)

ਇਸ ਸ਼ਬਦ ਤੋਂ ਇਹ ਸਿੱਖਿਆ ਮਿਲਦੀ ਹੈ ਕਿ ਜਿਸ ਮਨੁੱਖ ਦੇ ਹਿਰਦੇ ਵਿਚ ਨਾਮ ਵੱਸ ਜਾਂਦਾ ਹੈ ਉਸ ਦਾ ਜੀਵਨ ਖ਼ੁਸ਼ੀਆਂ ਤੇ ਖੇੜਿਆਂ ਭਰਿਆ ਹੁੰਦਾ ਹੈ ਅਤੇ ਜਿਹੜੇ ਮਨੁੱਖ ਕਰਤਾ ਪੁਰਖ ਨੂੰ ਵਿਸਾਰ ਕੇ ਮੋਹ ਮਾਇਆ ਦੇ ਜਾਲ ਵਿਚ ਫਸ ਜਾਂਦੇ ਹਨ, ਉਹ ਇਸ ਜੀਵਨ ਵਿਚ ਤਾ "ਅਗਨ ਸ਼ੋਕ ਸਾਗਰ" ਵਿਚ ਗੋਤੇ ਖਾਂਦੇ ਰਹਿੰਦੇ ਹਨ ਤੇ ਪਰਲੋਕ ਵਿਚ ਜਾ ਕੇ ਨਰਕਾਂ ਦੀ ਅੱਗ ਵਿਚ ਸੜਦੇ ਰਹਿੰਦੇ ਹਨ। ਗੁਰਬਾਣੀ ਵਿਚ ਉਨ੍ਹਾਂ ਦੇ ਜੀਵਨ ਨੂੰ ਸੱਪ ਦੇ ਜੀਵਨ ਨਾਲ ਤਸ਼ਬੀਹ (ਸਮਾਨਤਾ) ਦਿੱਤੀ ਹੈ:

SIKHBOOKCLUB.COM

**ਬਿਨੁ ਸਿਮਰਨ ਜੋ ਜੀਵਨੁ ਬਲਨਾ**

**ਸਰਪ ਜੈਸੇ ਅਰਜਾਰੀ॥** (ਪੰਨਾ ੭੧੨)

ਜਿਵੇਂ ਸੱਪ ਆਪਣੀ ਜ਼ਹਿਰ ਨਾਲ ਸੜਦਾ ਰਹਿੰਦਾ ਹੈ ਉਸੇ ਤਰ੍ਹਾਂ ਪ੍ਰਭੂ ਨਾਲੋਂ ਟੁੱਟੇ ਹੋਏ ਲੋਕ ਵੈਰ ਵਿਰੋਧ ਤੇ ਈਰਖਾ ਦਵੈਖ ਦੀ ਅੱਗ ਵਿਚ ਸੜਦੇ ਰਹਿੰਦੇ ਹਨ। ਸੁਖਮਨੀ ਸਾਹਿਬ ਵਿਚ ਉਨ੍ਹਾਂ ਦੀ ਹਾਲਤ ਇਉਂ ਬਿਆਨ ਕੀਤੀ ਹੈ:

**ਬੈਰ ਬਿਰੋਧ ਕਾਮ ਕ੍ਰੋਧ ਮੋਹ॥ ਝੂਠ ਬਿਕਾਰ ਮਹਾ ਲੋਭ ਧ੍ਰੋਹ॥**

**ਇਆਹੂ ਜੁਗਤਿ ਬਿਹਾਨੇ ਕਈ ਜਨਮ॥**

**ਨਾਨਕ ਰਾਖਿ ਲੇਹੁ ਆਪਨ ਕਰਿ ਕਰਮ॥** (ਪੰਨਾ ੨੬੭)



Sri Satguru Jagjit Singh Ji eLibrary NamdhariElibrary@gmail.com

ਉਹ ਇਸ ਜਨਮ ਵਿਚ ਹੀ ਨਹੀਂ ਇਸ ਤੋਂ ਪਹਿਲਾਂ ਵੀ ਕਈ ਜਨਮਾਂ ਵਿਚ ਵੈਰ ਵਿਰੋਧ ਦੀ ਅੱਗ ਵਿਚ ਸੜਦੇ ਰਹੇ ਹਨ। ਸੰਸਾਰ ਦੇ ਸਾਰੇ ਧਰਮਾਂ ਦਾ ਤੁਲਨਾਤਮਕ ਅਧਿਐਨ ਕਰਨ ਲੱਗਿਆਂ ਜਦੋਂ ਬੁੱਧ ਧਰਮ ਤੇ ਜੈਨ ਧਰਮ ਦਾ ਅਧਿਐਨ ਕੀਤਾ ਤਾਂ ਸਿੱਟਾ ਇਹ ਨਿਕਲਿਆ ਕਿ ਇਨ੍ਹਾਂ ਦੋਹਾਂ ਧਰਮਾਂ ਦੇ ਮੋਢੀ ਮਹਾਤਮਾ ਬੁੱਧ ਅਤੇ ਸੁਆਮੀ ਮਹਾਂਬੀਰ ਨੇ ਵੀ ਮਨੁੱਖ ਦੇ ਪ੍ਰਭੂ ਨਾਲੋਂ ਵਿਛੜਨ ਦੇ ਕਾਰਨਾਂ ਉੱਤੇ ਕੋਈ ਖ਼ਾਸ ਰੌਸ਼ਨੀ ਨਹੀਂ ਪਾਈ। ਮਹਾਤਮਾ ਬੁੱਧ ਨੇ ਤਾਂ ਪ੍ਰਭੂ ਦੀ ਹੋਂਦ ਬਾਰੇ ਹੀ ਨਾ ਹਾਂ-ਪੱਖੀ ਹੁੰਗਾਰਾ ਭਰਿਆ ਹੈ ਅਤੇ ਨਾ ਨਾਂਹ-ਪੱਖੀ। ਜਦ ਉਨ੍ਹਾਂ ਨੇ ਜੀਵ ਦੇ ਪ੍ਰਭੂ ਨਾਲੋਂ ਵਿਛੜਨ ਦਾ ਹੀ ਕੋਈ ਕਾਰਨ ਨਹੀਂ ਦੱਸਿਆ ਤਾਂ ਪ੍ਰਭੂ ਦੇ ਮਿਲਾਪ ਦੇ ਸਾਧਨਾਂ ਦਾ ਵਰਣਨ ਕਰਨ ਦੀ ਲੋੜ ਹੀ ਨਹੀਂ ਰਹਿ ਜਾਂਦੀ। ਮਹਾਤਮਾ ਬੁੱਧ ਨੇ ਮਨੁੱਖ ਦੇ "ਦੋਇ ਤੇ ਏਕਰੂਪ ਹ੍ਵੈ ਗਇਓ" ਨੂੰ ਮਨੁੱਖਾ ਜਨਮ ਦਾ ਅਸਲੀ ਮਨੋਰਥ ਨਹੀਂ ਦੱਸਿਆ। ਉਨ੍ਹਾਂ ਨੇ ਤਾਂ ਕੇਵਲ "ਨਿਰਬਾਣ ਪਦ" ਦੀ ਪਰਾਪਤੀ ਹੀ ਮਨੁੱਖੀ ਜੀਵਨ ਦਾ ਮਨੋਰਥ ਦੱਸਿਆ ਹੈ। ਜਿਹੜੇ ਨਿਰਬਾਣ ਪਦ ਦੀ ਪ੍ਰਾਪਤੀ ਲਈ ਮਹਾਤਮਾ ਬੁੱਧ ਨੇ ਆਪਣਾ ਘਰ ਬਾਰ ਤੇ ਰਾਜ ਭਾਗ ਦੇ ਸਾਰੇ ਸੁੱਖ ਆਰਾਮ ਤਿਆਗ ਕੇ ਜੰਗਲਾਂ ਵਿਚ ਜਾ ਕੇ ਅਨੇਕ ਪ੍ਰਕਾਰ ਦੇ ਕਸ਼ਟ ਸਹਾਰੇ, ਉਸ ਪਦ ਦੀ ਪ੍ਰਾਪਤੀ ਗੁਰਮੁਖਾਂ ਨੂੰ ਘਰ ਵਿਚ ਰਹਿੰਦਿਆਂ ਹੋਇਆਂ ਸੇਵਾ ਤੇ ਸਿਮਰਨ ਕਰਨ ਨਾਲ ਸਹਿਜੇ ਹੀ ਪ੍ਰਾਪਤ ਹੋ ਜਾਂਦੀ ਹੈ। ਸੁਖਮਨੀ ਸਾਹਿਬ ਵਿਚ ਗੁਰੂ ਜੀ ਫੁਰਮਾਉਂਦੇ ਹਨ:

SIKHBOOKCLUB.COM

**ਅਨਦਿਨੁ ਕੀਰਤਨੁ ਕੇਵਲ ਬਖ੍ਯ੍ਯਾਨੁ ॥**
**ਗ੍ਰਿਹਸਤ ਮਹਿ ਸੋਈ ਨਿਰਬਾਨੁ ॥** (ਪੰਨਾ ੨੮੧)

ਅਥਵਾ: **ਵਿਚੇ ਗ੍ਰਿਹ ਸਦਾ ਰਹੈ ਉਦਾਸੀ**
**ਜਿਉ ਕਮਲੁ ਰਹੈ ਵਿਚਿ ਪਾਣੀ ਹੇ ॥** (ਪੰਨਾ ੧੦੭੦)

ਕਬੀਰ ਸਾਹਿਬ ਵੀ ਗ੍ਰਿਹਸਤ ਵਿਚ ਰਹਿੰਦੇ ਹੋਏ ਹੀ ਪਰਮਾਤਮਾ ਨਾਲ ਅਭੇਦ ਹੋ ਗਏ ਸਨ। ਉਨ੍ਹਾਂ ਨੇ ਆਪਣੇ ਨਿੱਜੀ ਤਜਰਬੇ ਦੇ ਆਧਾਰ 'ਤੇ ਫੁਰਮਾਇਆ ਹੈ:

**ਮਾਇਆ ਮਹਿ ਜਿਸੁ ਰਖੈ ਉਦਾਸੁ ॥**
**ਕਹਿ ਕਬੀਰ ਹਉ ਤਾ ਕੋ ਦਾਸੁ ॥** (ਪੰਨਾ ੧੧੫੭)

ਉਪਰ ਲਿਖੀ ਵਿਚਾਰ ਤੋਂ ਸਾਬਤ ਹੋ ਜਾਂਦਾ ਹੈ ਕਿ ਬੁੱਧ ਧਰਮ ਭਾਵੇਂ ਗਿਣਤੀ ਦੇ ਲਿਹਾਜ਼ ਨਾਲ ਬਹੁਤ ਵੱਡਾ ਧਰਮ ਹੈ ਪਰ ਇਸ ਧਰਮ ਨੇ ਮਨੁੱਖਤਾ ਨੂੰ ਪ੍ਰਭੂ



Sri Satguru Jagjit Singh Ji eLibrary NamdhariElibrary@gmail.com

ਨਾਲ ਮਿਲਣ ਦਾ ਕੋਈ ਮਾਰਗ ਨਹੀਂ ਦੱਸਿਆ। ਗੁਰਬਾਣੀ ਨੇ "ਲੋਕ ਸੁਖੀ ਪਰਲੋਕ ਸੁਹੇਲੇ ਨਾਨਕ ਹਰਿ ਪ੍ਰਭੁ ਆਪੇ ਮੇਲੇ" ਦਾ ਜੋ ਮਹਾਨ ਸੰਦੇਸ਼ ਸਾਰੀ ਮਾਨਵਤਾ ਨੂੰ ਦਿੱਤਾ ਹੈ ਉਹ ਸਭ ਤੋਂ ਵਿਲੱਖਣ ਤੇ ਨਿਰਾਲਾ ਹੈ। ਉਸ ਸੰਦੇਸ਼ ਉੱਤੇ ਚੱਲ ਕੇ

**ਤੇਰਾ ਏਕੁ ਨਾਮੁ ਤਾਰੇ ਸੰਸਾਰੁ॥**

ਦੇ ਮਹਾਂਵਾਕ ਅਨੁਸਾਰ ਸਾਰੇ ਸੰਸਾਰ ਦਾ ਉਧਾਰ ਹੋ ਸਕਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤਾਂ ਭੁੱਖੇ ਰਹਿ ਕੇ ਤੇ ਇਸ ਮਨੁੱਖਾ ਦੇਹੀ ਨੂੰ ਕਈ ਪ੍ਰਕਾਰ ਦੇ ਕਸ਼ਟ ਦੇ ਕੇ ਕਮਜ਼ੋਰ ਕਰਨ ਨੂੰ ਆਪਣੇ ਉੱਤੇ ਆਪ ਹੀ ਜ਼ੁਲਮ ਕਰਨਾ ਦੱਸਿਆ ਹੈ:

**ਅੰਨੁ ਨ ਖਾਇਆ ਸਾਦੁ ਗਵਾਇਆ॥**
**ਬਹੁ ਦੁਖੁ ਪਾਇਆ ਦੂਜਾ ਭਾਇਆ॥**
**ਬਸਤ੍ਰ ਨ ਪਹਿਰੈ ਅਹਿਨਿਸ ਕਹਰੈ॥**
**ਮੋਨਿ ਵਿਗੂਤਾ ਕਿਉ ਜਾਗੈ ਗੁਰ ਬਿਨੁ ਸੂਤਾ॥** (ਪੰਨਾ ੪੬੭)

ਸਤਿਗੁਰਾਂ ਨੇ ਤਾਂ ਸਿੱਖਾਂ ਨੂੰ ਨਾ ਚੰਗੇ ਭੋਜਨ ਖਾਣ ਤੋਂ ਵਰਜਿਆ ਹੈ, ਨਾ ਚੰਗੇ ਵਸਤਰ ਪਹਿਨਣ ਤੋਂ। ਉਨ੍ਹਾਂ ਨੇ ਤਾਂ ਸਿੱਖਾਂ ਨੂੰ ਤ੍ਰਿਹਾਵਲ ਦਾ ਕੜਾਹ ਪ੍ਰਸ਼ਾਦਿ ਛਕਣ ਦਾ ਉਪਦੇਸ਼ ਦਿੱਤਾ ਹੈ। ਉਨ੍ਹਾਂ ਦੇ ਇਸ ਉਪਦੇਸ਼ ਦੀ ਮਹਾਨਤਾ ਸਰਬੋਤਮ ਇਸ ਕਰਕੇ ਵੀ ਸਮਝੀ ਜਾ ਸਕਦੀ ਹੈ ਕਿ ਜਦੋਂ ਸਾਰੇ ਮਜ਼ਹਬਾਂ ਦਾ ਕੋਈ ਵੱਡਾ ਤਿਉਹਾਰ ਆਉਂਦਾ ਹੈ ਜਿਵੇਂ ਮੁਸਲਮਾਨਾਂ ਦੀ ਈਦ ਤੇ ਈਸਾਈਆਂ ਦੀ ਕ੍ਰਿਸਮਿਸ, ਉਸ ਦਿਨ ਬਹੁਤ ਸਾਰੇ ਜਾਨਵਰ ਕੱਟੇ ਜਾਂਦੇ ਹਨ। ਮੁਸਲਮਾਨ ਉਸ ਦਿਨ ਬਹੁਤ ਸਾਰੀਆਂ ਗਊਆਂ ਦੀ ਕੁਰਬਾਨੀ ਦਿੰਦੇ ਹਨ। ਤੇ ਇਸ ਨੂੰ ਸਵਾਬ (ਪੁੰਨ ਕਰਮ) ਸਮਝਦੇ ਹਨ। ਪਰੰਤੂ ਸਿੱਖਾਂ ਦਾ ਜਦੋਂ ਵੀ ਕੋਈ ਵੱਡਾ ਤਿਉਹਾਰ ਜਾਂ ਗੁਰਪੁਰਬ ਆਉਂਦਾ ਹੈ ਤਾਂ ਸਿੱਖ ਉਸ ਦਿਨ ਕੜਾਹ ਪ੍ਰਸ਼ਾਦਿ ਦੇ ਗਹਿਰੇ ਗੱਫੇ ਵਰਤਾਉਂਦੇ ਹਨ। ਪੰਜਾਬ ਦੇ ਲੋਕ ਇਸ ਕਰਕੇ ਦੂਜੇ ਦੇਸ਼ਾਂ ਦੇ ਲੋਕਾਂ ਨਾਲੋਂ ਵਧੇਰੇ ਤਾਕਤਵਰ ਹੁੰਦੇ ਸਨ ਕਿ ਉਹ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਚਲਾਈ ਹੋਈ ਮਰਯਾਦਾ ਅਨੁਸਾਰ ਕੜਾਹ ਪ੍ਰਸ਼ਾਦਿ ਖੂਬ ਛਕਦੇ ਸਨ। ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਮੇਂ ਗੁਰੂ ਕੇ ਲੰਗਰ ਵਿਚ "ਰਸ ਅੰਮ੍ਰਿਤ ਖੀਰ ਘਿਆਲੀ" ਵੀ ਤਿਆਰ ਹੁੰਦੀ ਸੀ ਅਤੇ ਗੁਰੂ ਜੀ ਮੱਲਾਂ ਦੇ ਅਖਾੜੇ ਰਚ ਕੇ ਉਨ੍ਹਾਂ ਨੂੰ ਵਰਜ਼ਸ਼ਾਂ ਕਰਕੇ ਹੋਰ ਤਾਕਤਵਰ ਹੋਣ ਦੀ ਪ੍ਰੇਰਨਾ ਦਿੰਦੇ ਰਹਿੰਦੇ ਸਨ।



Sri Satguru Jagjit Singh Ji eLibrary NamdhariElibrary@gmail.com

ਬੁੱਧ ਧਰਮ ਵਾਂਗ ਜੈਨੀ ਵੀ ਆਪਣਾ ਹਿੰਦੂਆਂ ਨਾਲੋਂ ਵੱਖਰਾ ਧਰਮ ਮੰਨਦੇ ਹਨ। ਉਨ੍ਹਾਂ ਦੇ ਧਰਮ ਦੇ ਬਾਨੀ ਸੁਆਮੀ ਮਹਾਂਬੀਰ ਹੋਏ ਹਨ ਜਿਨ੍ਹਾਂ ਨੇ ਸੰਸਾਰਕ ਸੁੱਖਾਂ ਦਾ ਤਿਆਗ ਕਰਕੇ ਸਾਧੂ ਬਣ ਕੇ ਬਹੁਤ ਕਸ਼ਟ ਸਹਾਰੇ। ਮੁਕਤੀ ਪ੍ਰਾਪਤ ਕਰਨ ਵਾਸਤੇ ਭਾਰਤ ਦੇ ਸਾਰੇ ਧਰਮਾਂ ਨੇ ਤਿੰਨ ਮਾਰਗ ਦੱਸੇ ਹਨ: (੧) ਕਰਮ ਮਾਰਗ (੨) ਗਿਆਨ ਮਾਰਗ, ਤੇ (੩) ਭਗਤੀ ਮਾਰਗ। ਬੁੱਧ ਧਰਮ ਨੇ ਵੀ ਕਰਮ ਮਾਰਗ ਅਪਨਾਉਣ 'ਤੇ ਜ਼ੋਰ ਦਿੱਤਾ ਹੈ। ਉਨ੍ਹਾਂ ਦਾ ਵਿਚਾਰ ਹੈ ਕਿ ਜੇ ਮਨੁੱਖ ਸਦਾਚਾਰੀ ਬਣ ਕੇ ਮਾੜੇ ਕੰਮ ਨਾ ਕਰੇ ਤਾਂ ਉਸ ਨੂੰ ਨਿਰਬਾਣ ਪਦ ਪ੍ਰਾਪਤ ਹੋ ਜਾਂਦਾ ਹੈ ਤੇ ਉਸਦੇ ਮਾਇਆ ਜਾਲ ਦੇ ਬੰਧਨ ਕੱਟੇ ਜਾਂਦੇ ਹਨ। ਗੁਰਬਾਣੀ ਅਨੁਸਾਰ "ਸਿੰਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰ ਦੇ ਤਤੈ ਸਾਰ ਨ ਜਾਣੀ" ਦੇ ਮਹਾਂਵਾਕ ਅਨੁਸਾਰ ਮਹਾਤਮਾ ਬੁੱਧ ਨੂੰ ਗਿਆਨ ਤਾਂ ਪ੍ਰਾਪਤ ਹੋਇਆ ਪਰ ਇਹ ਤੱਤ ਗਿਆਨ ਪ੍ਰਾਪਤ ਨਹੀਂ ਹੋਇਆ ਕਿ ਜੀਵਾਤਮਾ ਕਿੰਨ੍ਹਾਂ ਕਾਰਨਾਂ ਕਰਕੇ ਪਰਮਾਤਮਾ ਨਾਲੋਂ ਵਿਛੜੀ ਹੈ? ਅਤੇ ਕਿੰਨ੍ਹਾਂ ਸਾਧਨਾਂ ਨਾਲ ਇਹ ਮੁੜ ਉਸ ਨੂੰ ਮਿਲ ਸਕਦੀ ਹੈ। ਕਰਮ ਮਾਰਗ ਵਾਲੇ ਕਰਮ ਗਤੀ ਨੂੰ ਅਮਿੱਟ ਮੰਨਦੇ ਹਨ ਤੇ ਕਰਮਾਂ ਦੇ ਜਾਲ ਵਿਚੋਂ ਨਿਕਲਣ ਦਾ ਕੋਈ ਉਪਾਅ ਨਹੀਂ ਦੱਸਦੇ।

SIKHBOOKCLUB.COM

ਜੈਨ ਧਰਮ ਵੀ ਕਰਮ ਮਾਰਗ ਨੂੰ ਧਾਰਨ ਕਰਨ 'ਤੇ ਜ਼ੋਰ ਦਿੰਦਾ ਹੈ। ਇਨ੍ਹਾਂ ਦੋਹਾਂ ਧਰਮਾਂ ਨੇ ਅਹਿੰਸਾ ਪਰਮੋ ਧਰਮ ਦੇ ਸਿੱਧਾਂਤ ਉੱਤੇ ਬਹੁਤ ਜ਼ੋਰ ਦਿੱਤਾ ਜਿਸ ਕਰਕੇ ਭਾਰਤ ਦੇ ਲੋਕਾਂ ਵਿਚ ਕਾਇਰਤਾ ਤੇ ਬੁਜ਼ਦਿਲੀ ਇਤਨੀ ਵਧ ਗਈ ਕਿ ਉਹ ਆਪਣੀ ਸੁਤੰਤਰਤਾ ਤੇ ਇੱਜ਼ਤ ਆਬਰੂ ਨੂੰ ਵੀ ਬਾਹਰਲੇ ਦੇਸ਼ਾਂ ਤੋਂ ਆਏ ਹਮਲਾਵਰਾਂ ਤੋਂ ਨਾ ਬਚਾ ਸਕੇ ਤੇ ਸਦੀਆਂ ਤਕ ਗ਼ੁਲਾਮੀ ਦੇ ਦੁੱਖ ਭੋਗਦੇ ਰਹੇ। ਇਨ੍ਹਾਂ ਦੀਆਂ ਕਾਇਰਤਾ ਤੇ ਬੁਜ਼ਦਿਲੀ ਦੀਆਂ ਕਮਜ਼ੋਰੀਆਂ ਨੂੰ ਦੂਰ ਕਰਕੇ ਇਨ੍ਹਾਂ ਦੇ ਗਲੋਂ ਗ਼ੁਲਾਮੀ ਦਾ ਜੂਲਾ ਲਾਹੁਣ ਲਈ ਅਕਾਲ ਪੁਰਖ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਖ਼ਾਲਸਾ ਪੰਥ ਦੀ ਸਿਰਜਨਾ ਕਰਨ ਵਾਸਤੇ ਮਾਤਲੋਕ ਵਿਚ ਭੇਜਿਆ ਤੇ ਉਨ੍ਹਾਂ ਨੇ ਖੰਡੇ ਬਾਟੇ ਦਾ ਅੰਮ੍ਰਿਤ ਦੇ ਕੇ ਮਨੁੱਖਾਂ ਨੂੰ ਨਵਾਂ ਜੀਵਨ ਬਖ਼ਸ਼ਿਆ ਤੇ ਉਨ੍ਹਾਂ ਵਿਚ ਮੁੜ ਕੇ ਸੂਰਬੀਰਤਾ ਦਾ ਗੁਣ ਪੈਦਾ ਕਰਕੇ ਉਨ੍ਹਾਂ ਨੂੰ ਜ਼ੁਲਮ ਨੂੰ ਖ਼ਤਮ ਕਰਨ ਵਾਲੇ ਸੰਤ ਸਿਪਾਹੀ ਬਣਾ ਦਿੱਤਾ।

ਹਰੇਕ ਧਰਮ ਦੇ ਮਹੱਤਵ ਦਾ ਅਨੁਮਾਨ ਇਸ ਗੱਲ ਤੋਂ ਲਗਾਇਆ ਜਾਂਦਾ ਹੈ ਕਿ ਉਸ ਨੇ ਮਾਨਵਤਾ ਦੀ ਭਲਾਈ ਲਈ ਕਿਹੋ ਜਿਹੇ ਨਿਯਮ ਉਪਨਿਯਮ



Sri Satguru Jagjit Singh Ji eLibrary NamdhariElibrary@gmail.com

ਥਾਪੇ ਹਨ। ਇਸ ਪੱਖ ਤੋਂ ਜਦੋਂ ਜੈਨ ਮੱਤ ਦਾ ਤੁਲਨਾਤਮਕ ਅਧਿਐਨ ਕੀਤਾ ਤਾਂ ਪਤਾ ਲੱਗਿਆ ਕਿ ਇਸ ਧਰਮ ਨੇ ਤਾਂ ਮਨੁੱਖ ਨੂੰ ਨਿਮਾਣਾ ਨਿਤਾਣਾ ਤੇ ਨਿਕੰਮਾ ਕਰ ਦੇਣ ਵਾਲੇ ਉਪਦੇਸ਼ ਦਿੱਤੇ ਹਨ। ਇਸ ਧਰਮ ਨੂੰ ਮੰਨਣ ਵਾਲਿਆਂ ਦੇ ਦੋ ਪ੍ਰਕਾਰ ਦੇ ਸਾਧੂ ਹਨ। ਇਕ ਦਿਗੰਬਰ ਹਨ ਜੋ ਅਲਫ਼ ਨੰਗੇ ਰਹਿੰਦੇ ਹਨ। ਕੱਪੜੇ ਬਿਲਕੁਲ ਨਹੀਂ ਪਹਿਨਦੇ ਅਤੇ ਦੂਜੇ ਪੀਤੰਬਰ ਜੋ ਪੀਲੇ ਰੰਗ ਦੇ ਕੱਪੜੇ ਪਹਿਨਦੇ ਹਨ। ਇਨ੍ਹਾਂ ਦੇ ਸਾਧੂਆਂ ਨੂੰ ਕਾਮ ਤੋਂ ਬਚਣ ਲਈ ਇਹ ਉਪਦੇਸ਼ ਦਿੱਤਾ ਗਿਆ ਕਿ ਉਹ ਤਾਜ਼ੇ ਪਾਣੀ ਨਾਲ ਇਸ਼ਨਾਨ ਨਾ ਕਰਨ। ਇਸ ਨਾਲ ਜੀਵ ਹੱਤਿਆ ਹੁੰਦੀ ਹੈ। ਇਸ਼ਨਾਨ ਕਰਨਾ ਹੀ ਹੋਵੇ ਤਾਂ ਕਿਸੇ ਦੇ ਪਹਿਲਾਂ ਵਰਤੇ ਹੋਏ ਪਾਣੀ ਨਾਲ ਕਰਨ। ਤਾਜ਼ਾ ਭੋਜਨ ਨਾ ਖਾਣ ਸਗੋਂ ਜੇ ਭੁੱਖ ਬਹੁਤ ਸਤਾਵੇ ਤਾਂ ਕਿਸੇ ਪਾਸੋਂ ਜੂਠਾ ਭੋਜਨ ਮੰਗ ਕੇ ਖਾਣ। ਦੰਦਾਂ ਨੂੰ ਸਾਫ਼ ਨਾ ਕਰਨ ਤੇ ਸਰੀਰ ਨੂੰ ਇਤਨਾ ਗੰਦਾ ਰੱਖਣ ਕਿ ਇਸਤਰੀਆਂ ਇਨ੍ਹਾਂ ਤੋਂ ਨਫ਼ਰਤ ਕਰਨ ਲੱਗ ਪੈਣ ਤੇ ਇਨ੍ਹਾਂ ਦੇ ਨਾਲ ਸੰਗ ਨਾ ਕਰਨ। ਇਸ ਤਰ੍ਹਾਂ ਕਰਕੇ ਉਹ ਕਾਮ ਵਾਸ਼ਨਾ 'ਤੇ ਕਾਬੂ ਪਾ ਸਕਦੇ ਹਨ। ਇਸ਼ਨਾਨ ਨਾ ਕਰਨ ਨਾਲ ਜਦੋਂ ਇਨ੍ਹਾਂ ਦੇ ਵਾਲਾਂ ਵਿਚ ਜੂੰਆਂ ਪੈ ਜਾਣ ਤਾਂ ਉਹ ਆਪਣੇ ਸਿਰ ਦੇ ਵਾਲ ਕੈਂਚੀ ਜਾਂ ਉਸਤਰੇ ਨਾਲ ਕੱਟਣ ਦੀ ਥਾਂ ਉਨ੍ਹਾਂ ਨੂੰ ਇਕ ਇਕ ਕਰਕੇ ਜੜ੍ਹਾਂ ਤੋਂ ਹੀ ਪੁੱਟ ਦੇਣ ਤੇ ਸਿਰ ਨੂੰ ਗੰਜਾ ਕਰ ਦੇਣ। ਇਸ ਤਰ੍ਹਾਂ ਦੇ ਥਾਪੇ ਹੋਏ ਨਿਯਮਾਂ ਨੇ ਮਨੁੱਖਾਂ ਦਾ ਕੀ ਭਲਾ ਕੀਤਾ? ਉਨ੍ਹਾਂ ਨੂੰ ਉੱਦਮੀ ਤੇ ਰਿਸ਼ਟ ਪੁਸ਼ਟ ਬਣਾਉਣ ਦੀ ਥਾਂ ਨਿਕੰਮੇ ਤੇ ਭੀਖ ਮੰਗ ਕੇ ਖਾਣ ਵਾਲੇ ਬਣਾ ਦਿੱਤਾ। ਇਸ ਦੇ ਮੁਕਾਬਲੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ

**ਘਾਲਿ ਖਾਇ ਕਿਛੁ ਹਥਹੁ ਦੇਇ॥**
**ਨਾਨਕ ਰਾਹੁ ਪਛਾਣਹਿ ਸੇਇ॥** (ਪੰਨਾ ੧੨੪੫)

ਦਾ ਉਪਦੇਸ਼ ਦਿੱਤਾ ਹੈ। ਇਸ ਤੋਂ ਇਲਾਵਾ ਗੁਰਬਾਣੀ ਵਿਚ ਸਤਿਗੁਰੂ ਜੀ ਨੇ:

**ਗੁਰਮੁਖਿ ਨਾਮੁ ਦਾਨੁ ਇਸਨਾਨੁ॥**
**ਗੁਰਮੁਖਿ ਲਾਗੈ ਸਹਜਿ ਧਿਆਨੁ॥** (ਪੰਨਾ ੯੪੨)

ਦਾ ਉਪਦੇਸ਼ ਦਿੱਤਾ ਹੈ ਅਤੇ ਹਰੇਕ ਮਨੁੱਖ ਨੂੰ ਉੱਦਮੀ ਤੇ ਪਰਉਪਕਾਰੀ ਬਣਨ ਦੀ ਪ੍ਰੇਰਣਾ ਦਿੱਤੀ ਹੈ।

**ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ॥**
**ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ॥** (ਪੰਨਾ ੫੨੨)



Sri Satguru Jagjit Singh Ji eLibrary NamdhariElibrary@gmail.com

ਜੈਨੀ ਸਾਧੂਆਂ ਦੀ ਤਰਸਯੋਗ ਹਾਲਤ ਵੇਖ ਕੇ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਾਝ ਦੀ ਵਾਰ ਦੇ ਸਲੋਕਾਂ ਵਿਚ ਲਿਖਿਆ ਹੈ:

ਸਿਰੁ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ॥
ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ॥
ਭੇਡਾ ਵਾਗੀ ਸਿਰੁ ਖੋਹਾਇਨਿ ਭਰੀਅਨਿ ਹਥ ਸੁਆਹੀ॥
ਮਾਊ ਪੀਊ ਕਿਰਤੁ ਗਵਾਇਨਿ ਟਬਰ ਰੋਵਨਿ ਧਾਹੀ॥
ਓਨਾ ਪਿੰਡੁ ਨ ਪਤਲਿ ਕਿਰਿਆ ਨ ਦੀਵਾ ਮੁਏ ਕਿਥਾਊ ਪਾਹੀ॥
ਅਠਸਠਿ ਤੀਰਥ ਦੇਨਿ ਨ ਢੋਈ ਬ੍ਰਹਮਣ ਅੰਨ ਨ ਖਾਹੀ॥
ਸਦਾ ਕੁਚੀਲ ਰਹਹਿ ਦਿਨੁ ਰਾਤੀ ਮਥੈ ਟਿਕੇ ਨਾਹੀ॥
ਝੁੰਡੀ ਪਾਇ ਬਹਨਿ ਨਿਤਿ ਮਰਣੈ ਦੜਿ ਦੀਬਾਣਿ ਨ ਜਾਹੀ॥
ਲਕੀ ਕਾਸੇ ਹਥੀ ਫੁੰਮਣ ਅਗੋ ਪਿਛੀ ਜਾਹੀ॥
ਨਾ ਓਇ ਜੋਗੀ ਨਾ ਓਇ ਜੰਗਮ ਨਾ ਓਇ ਕਾਜੀ ਮੁੰਲਾ॥
ਦਯਿ ਵਿਗੋਏ ਫਿਰਹਿ ਵਿਗੁਤੇ ਫਿਟਾ ਵਤੈ ਗਲਾ॥
ਜੀਆ ਮਾਰਿ ਜੀਵਾਲੇ ਸੋਈ ਅਵਰੁ ਨ ਕੋਈ ਰਖੈ॥
ਦਾਨਹੁ ਤੈ ਇਸਨਾਨਹੁ ਵੰਜੇ ਭਸੁ ਪਈ ਸਿਰਿ ਖੁਥੈ॥
ਪਾਣੀ ਵਿਚਹੁ ਰਤਨ ਉਪੰਨੇ ਮੇਰੁ ਕੀਆ ਮਾਧਾਣੀ॥
ਅਠਸਠਿ ਤੀਰਥ ਦੇਵੀ ਥਾਪੇ ਪੁਰਬੀ ਲਗੈ ਬਾਣੀ॥
ਨਾਇ ਨਿਵਾਜਾ ਨਾਤੈ ਪੂਜਾ ਨਾਵਨਿ ਸਦਾ ਸੁਜਾਣੀ॥
ਮੁਇਆ ਜੀਵਦਿਆ ਗਤਿ ਹੋਵੈ ਜਾਂ ਸਿਰਿ ਪਾਈਐ ਪਾਣੀ॥
ਨਾਨਕ ਸਿਰਖੁਥੇ ਸੈਤਾਨੀ ਏਨਾ ਗਲ ਨ ਭਾਣੀ॥
ਵੁਠੈ ਹੋਇਐ ਹੋਇ ਬਿਲਾਵਲੁ ਜੀਆ ਜੁਗਤਿ ਸਮਾਣੀ॥
ਵੁਠੈ ਅੰਨੁ ਕਮਾਦੁ ਕਪਾਹਾ ਸਭਸੈ ਪੜਦਾ ਹੋਵੈ॥
ਵੁਠੈ ਘਾਹੁ ਚਰਹਿ ਨਿਤਿ ਸੁਰਹੀ ਸਾ ਧਨ ਦਹੀ ਵਿਲੋਵੈ॥
ਤਿਤੁ ਘਿਇ ਹੋਮ ਜਗ ਸਦ ਪੂਜਾ ਪਇਐ ਕਾਰਜੁ ਸੋਹੈ॥
ਗੁਰੂ ਸਮੁੰਦੁ ਨਦੀ ਸਭਿ ਸਿਖੀ ਨਾਤੈ ਜਿਤੁ ਵਡਿਆਈ॥
ਨਾਨਕ ਜੇ ਸਿਰ ਖੁਥੇ ਨਾਵਨਿ ਨਾਹੀ ਤਾ ਸਤ ਚਟੇ ਸਿਰਿ ਛਾਈ॥

(ਪੰਨੇ ੧੪੯-੫੦)

ਉਪਰ ਲਿਖੇ ਸ਼ਬਦ ਵਿਚ ਜਗਤ ਗੁਰ ਬਾਬਾ ਸ੍ਰੀ ਗੁਰੂ ਨਾਨਕ ਦੇਵ ਜੀ



Sri Satguru Jagjit Singh Ji eLibrary NamdhariElibrary@gmail.com

ਮਹਾਰਾਜ ਨੇ ਜੈਨੀ ਸਾਧੂਆਂ ਦੀ ਤਰਸਯੋਗ ਹਾਲਤ ਉੱਤੇ ਖ਼ੂਬ ਚਾਨਣਾ ਪਾਇਆ ਹੈ। ਸਤਿਗੁਰੂ ਜੀ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਜਦੋਂ ਕੋਈ ਜੈਨੀ ਸਾਧੂ ਬਣਦਾ ਸੀ ਤਾਂ ਉਸ ਪਾਸੋਂ ਉਸ ਦਾ ਪਿਤਾ-ਪੁਰਖੀ ਕਿੱਤਾ ਵੀ ਛੁਡਾ ਦਿੱਤਾ ਜਾਂਦਾ ਸੀ ਅਤੇ ਜਿੱਥੇ ਉਹ ਕੰਮਕਾਰ ਕਰਕੇ ਆਪਣੇ ਪਰਿਵਾਰ ਦੀ ਪਾਲਣਾ ਕਰਦਾ ਸੀ ਉਥੇ ਆਪ ਵੀ ਕਮਾ ਕੇ ਖਾਂਦਾ ਸੀ। ਇਸ ਕਰਕੇ ਜਦੋਂ ਉਸ ਦੇ ਸਿਰ ਦੇ ਵਾਲ ਪੁੱਟ ਕੇ ਉਸ ਨੂੰ ਸਾਧੂ ਬਣਾ ਲਿਆ ਜਾਂਦਾ ਤਾਂ ਉਸ ਨੂੰ ਭੋਜਨ ਭਿਖਿਆ ਮੰਗ ਕੇ ਖਾਣ ਦਾ ਹੁਕਮ ਦਿੱਤਾ ਜਾਂਦਾ। ਉਸ ਵੇਲੇ ਉਸ ਦੇ ਟੱਬਰ ਦੇ ਜੀ ਧਾਹਾਂ ਮਾਰ ਕੇ ਰੋਂਦੇ ਸਨ। "ਮਾਊ ਪੀਊ ਕਿਰਤ ਗਵਾਇਨ ਟਬਰ ਰੋਵਣ ਧਾਹੀ" ਉਹ ਰੋਂਦੇ ਸਨ ਕਿ ਹੁਣ ਸਾਡੀ ਪਾਲਣਾ ਕੌਣ ਕਰੇਗਾ। ਇਸ ਦੇ ਮੁਕਾਬਲੇ ਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਇਹ ਹੁਕਮ ਕੀਤਾ ਕਿ

**ਘਾਲਿ ਖਾਇ ਕਿਛੁ ਹਥਹੁ ਦੇਇ॥**
**ਨਾਨਕ ਰਾਹੁ ਪਛਾਣਹਿ ਸੇਇ॥** (ਪੰਨਾ ੧੨੪੫)

ਅਤੇ ਨਾਮ ਜਪੋ, ਧਰਮ ਦੀ ਕਿਰਤ ਕਰੋ ਤੇ ਵੰਡ ਕੇ ਛਕੋ। ਗੁਰੂ ਜੀ ਨੇ ਕਿਤਨੇ ਸੁਨਹਿਰੀ ਅਸੂਲ ਪੇਸ਼ ਕੀਤੇ ਹਨ ਜਿਨ੍ਹਾਂ ਉੱਤੇ ਅਮਲ ਕਰਕੇ ਸਾਰੀ ਮਨੁੱਖਤਾ ਦਾ ਭਲਾ ਹੋ ਸਕਦਾ ਹੈ ਅਤੇ ਮਾਨਵਤਾ ਵਿਚ ਪੈਦਾ ਕੀਤੇ ਗਏ ਸਭ ਪ੍ਰਕਾਰ ਦੇ ਵਿੱਥਾਂ, ਵਿਤਕਰੇ ਖ਼ਤਮ ਕਰਕੇ ਇਕ ਆਦਰਸ਼ ਮਨੁੱਖੀ ਸਮਾਨਤਾ ਪੈਦਾ ਕੀਤੀ ਜਾ ਸਕਦੀ ਹੈ।

ਗੁਰੂ ਜੀ ਨੇ ਇਹ ਵੀ ਦੱਸਿਆ ਹੈ ਕਿ ਪਰਮਾਤਮਾ ਨੇ ਸਾਰੀ ਮਨੁੱਖਤਾ ਲਈ ਹਵਾ, ਪਾਣੀ, ਧਰਤੀ, ਅਗਨੀ ਤੇ ਆਕਾਸ਼, ਜੋ ਪੰਜ ਤੱਤ ਪੈਦਾ ਕੀਤੇ ਹਨ ਅਤੇ ਉਨ੍ਹਾਂ ਵਿਚ ਪਰਮ ਤੱਤ ਹੋ ਕੇ ਉਹ ਆਪ ਸਮਾਇਆ ਹੋਇਆ ਹੈ, ਇਹ ਉਸ ਦੀਆਂ ਮਨੁੱਖਤਾ ਨੂੰ ਦਿੱਤੀਆਂ ਹੋਈਆਂ ਅਮੋਲਕ ਦਾਤਾਂ ਹਨ। ਇਨ੍ਹਾਂ ਦਾਤਾਂ ਨੂੰ ਨਿਰਸੰਕੋਚ ਵਰਤਣ ਤੋਂ ਜੈਨੀ ਸਾਧੂਆਂ ਨੂੰ ਵਰਜ ਦਿੱਤਾ ਗਿਆ। ਜਿਵੇਂ ਪਾਣੀ ਇਨ੍ਹਾਂ ਦਾਤਾਂ ਵਿਚੋਂ ਸਭ ਤੋਂ ਵੱਧ ਅਮੋਲਕ ਦਾਤ ਹੈ, ਜਿਸ ਨਾਲ ਇਸਨਾਨ ਕਰਨ ਤੇ ਪੀਣ ਤੇ ਵੀ ਰੋਕਾਂ ਲਾ ਦਿੱਤੀਆਂ। ਸ਼ਬਦ ਦੀਆਂ ਆਖ਼ਰੀ ਪੰਗਤੀਆਂ ਵਿਚ ਸਤਿਗੁਰੂ ਜੀ ਨੇ ਲਿਖਿਆ ਹੈ:

**ਗੁਰੂ ਸਮੁੰਦੁ ਨਦੀ ਸਭਿ ਸਿਖੀ ਨਾਤੈ ਜਿਤੁ ਵਡਿਆਈ॥**
**ਨਾਨਕ ਜੇ ਸਿਰਖੁਥੇ ਨਾਵਨਿ ਨਾਹੀ ਤਾ ਸਤ ਚਟੇ ਸਿਰਿ ਛਾਈ॥**

(ਪੰਨਾ ੧੫੦)



Sri Satguru Jagjit Singh Ji eLibrary NamdhariElibrary@gmail.com

ਇਨ੍ਹਾਂ ਪੰਗਤੀਆਂ ਉੱਤੇ ਗੰਭੀਰਤਾ ਨਾਲ ਵਿਚਾਰ ਕਰਨ ਤੇ ਉਨ੍ਹਾਂ ਦੇ ਅਰਥਾਂ ਦੀ ਗਹਿਰਾਈ ਸਮਝਣ ਤੋਂ ਪਤਾ ਲੱਗਦਾ ਹੈ ਕਿ **ਸ੍ਰੀ ਗੁਰੂ ਗ੍ਰੰਥ ਸਾਹਿਬ** ਤਾਂ ਗਿਆਨ ਦੇ ਸਾਗਰ ਹਨ। ਸਿੱਖੀ ਉਸ ਸਾਗਰ ਤੋਂ ਨਿਕਲੀ ਨਦੀ ਹੈ। ਚਾਹੀਦਾ ਤਾਂ ਇਹ ਹੈ ਕਿ ਸਰੀਰਕ ਇਸ਼ਨਾਨ ਤੋਂ ਇਲਾਵਾ ਗਿਆਨ ਦੀ ਨਦੀ ਵਿਚ ਮਨ ਦਾ ਵੀ ਇਸ਼ਨਾਨ ਕਰਾਇਆ ਜਾਵੇ, ਪਰੰਤੂ ਜੈਨੀ ਅਚਾਰੀਆਂ ਤਾਂ ਸਾਧੂਆਂ ਨੂੰ ਸਰੀਰਕ ਇਸ਼ਨਾਨ ਕਰਨ ਦੀ ਖੁੱਲ੍ਹ ਵੀ ਨਹੀਂ ਦਿੰਦੇ, ਜਿਸ ਕਰਕੇ ਉਹ ਗੰਦੇ ਰਹਿੰਦੇ ਹਨ। ਇਸ ਤਰ੍ਹਾਂ ਕਰਨ ਨਾਲ ਉਨ੍ਹਾਂ ਦੇ ਲੋਕ ਤੇ ਪਰਲੋਕ ਦੋਵੇਂ ਖ਼ਰਾਬ ਹੋ ਜਾਂਦੇ ਹਨ। ਗੁਰਬਾਣੀ ਤਾਂ ਗੁਰਸਿੱਖਾਂ ਨੂੰ

**ਇਹ ਲੋਕ ਸੁਖੀਏ ਪਰਲੋਕ ਸੁਹੇਲੇ॥**
**ਨਾਨਕ ਹਰਿ ਪ੍ਰਭਿ ਆਪਹਿ ਮੇਲੇ॥** (ਪੰਨੇ ੨੯੨-੯੩)

ਦਾ ਉਪਦੇਸ਼ ਦਿੰਦੀ ਹੈ, ਜਿਸ ਕਰਕੇ ਸਿੱਖ ਧਰਮ ਨੂੰ ਸਰਬੋਤਮ ਧਰਮ ਕਿਹਾ ਜਾ ਸਕਦਾ ਹੈ।

ਸੰਸਾਰ ਦੇ ਸਾਰੇ ਧਰਮਾਂ ਦਾ ਤੁਲਨਾਤਮਕ ਅਧਿਐਨ ਕਰਨ ਲੱਗਿਆਂ ਚਾਰ ਕਿਤਾਬਾਂ— ਕੁਰਾਨ, ਬਾਈਬਲ, ਜੰਬੂਰ ਤੇ ਤੌਰੇਤ ਤੇ ਆਧਾਰਿਤ ਧਰਮਾਂ ਉੱਤੇ ਵਿਚਾਰ ਕਰਨੀ ਹੀ ਅਤਿਅੰਤ ਜ਼ਰੂਰੀ ਹੈ। ਇਨ੍ਹਾਂ ਧਰਮਾਂ ਨੇ ਜੀਵਾਤਮਾ ਦੇ ਪਰਮਾਤਮਾ ਨਾਲੋਂ ਵਿਛੜਨ ਦੇ ਉਹ ਕਾਰਨ ਨਹੀਂ ਦੱਸੇ ਜੋ ਗੁਰਬਾਣੀ ਨੇ ਦੱਸੇ ਹਨ ਅਤੇ ਨਾ ਹੀ ਉਨ੍ਹਾਂ ਨੇ ਪਰਮਾਤਮਾ ਨੂੰ ਮਿਲਣ ਦੇ ਉਹ ਸਾਰਥਿਕ ਸਾਧਨ ਦੱਸੇ ਹਨ ਜਿਨ੍ਹਾਂ ਨਾਲ ਜੀਵ ਆਤਮਾ ਨੂੰ ਫਿਰ

**ਦ੍ਵੈ ਤੇ ਏਕ ਰੂਪ ਹ੍ਵੈ ਗਇਓ**

ਦੇ ਮਹਾਂਵਾਕ ਅਨੁਸਾਰ ਪਰਮਾਤਮਾ ਵਿਚ ਅਭੇਦ ਹੋਣ ਉੱਤੇ ਹੀ ਜ਼ੋਰ ਦਿੱਤਾ ਹੈ। ਹਿੰਦੂਆਂ ਦੇ ਕਰਮਕਾਂਡ ਦੀ ਤਰ੍ਹਾਂ, ਉਨ੍ਹਾਂ ਧਰਮਾਂ ਨੇ ਵੀ ਸ਼ਰ੍ਹਾਅ ਦੇ ਨਿਯਮਾਂ ਦਾ ਸਖ਼ਤੀ ਨਾਲ ਪਾਲਣ ਕਰਨ ਤੇ ਹੀ ਬਹੁਤਾ ਜ਼ੋਰ ਦਿੱਤਾ ਹੈ ਅਤੇ ਕਿਹਾ ਹੈ ਕਿ ਜਿਹੜੇ ਲੋਕ ਆਪਣੇ ਆਪਣੇ ਧਰਮ ਦੀ ਸ਼ਰ੍ਹਾਅ ਦਾ ਪਾਲਣ ਕਰਨਗੇ ਉਨ੍ਹਾਂ ਦੇ ਪੈਗ਼ੰਬਰ ਜਜਮੈਂਟ ਦੇ ਦਰਬਾਰ ਵਿਚ ਸਿਫਾਰਿਸ਼ ਕਰਕੇ ਉਨ੍ਹਾਂ ਨੂੰ ਬਹਿਸ਼ਤ ਵਿਚ ਜਾਣ ਦੀ ਪ੍ਰਵਾਨਗੀ ਲੈ ਦੇਣਗੇ ਅਤੇ ਜਿਹੜੇ ਲੋਕ ਗੁਨਾਹਾਂ ਵਿਚ ਫਸ ਕੇ ਆਪਣਾ ਮਨੁੱਖਾ ਜਨਮ ਖ਼ਰਾਬ ਕਰ ਲੈਣਗੇ ਉਹਨਾਂ ਨੂੰ ਦੋਜ਼ਖ਼ ਵਿਚ ਸੁੱਟ ਦਿੱਤਾ ਜਾਵੇਗਾ। ਚਾਰੇ ਕਿਤਾਬਾਂ ਵਿਚ ਮਨੁੱਖ ਦੇ ਖ਼ੁਦਾ ਨਾਲੋਂ ਵਿਛੜਨ ਅਤੇ ਬਹਿਸ਼ਤ ਵਿਚੋਂ ਕੱਢ ਕੇ ਇਸ ਮਾਤਲੋਕ ਵਿਚ ਭੇਜੇ ਜਾਣ ਦੀ



Sri Satguru Jagjit Singh Ji eLibrary NamdhariElibrary@gmail.com

ਬਾਬਾ ਆਦਮ ਦੀ ਇਕੋ ਕਹਾਣੀ ਥੋੜ੍ਹੇ ਘਣੇ ਫ਼ਰਕ ਨਾਲ ਬਿਆਨ ਕੀਤੀ ਗਈ ਹੈ। ਜਿਸ ਵਿਚ ਕਿਹਾ ਗਿਆ ਹੈ ਕਿ ਖ਼ੁਦਾ ਨੇ ਸਭ ਤੋਂ ਪਹਿਲਾਂ ਬਾਬਾ ਆਦਮ ਨੂੰ ਪੈਦਾ ਕੀਤਾ ਤੇ ਉਸ ਨੂੰ ਬਹਿਸ਼ਤ ਵਿਚ ਰਹਿ ਕੇ ਖ਼ੁਸ਼ੀਆਂ ਭਰਿਆ ਜੀਵਨ ਬਤੀਤ ਕਰਨ ਦੀ ਖੁੱਲ੍ਹ ਦਿੱਤੀ। ਫਿਰ ਲਿਖਿਆ ਹੈ ਕਿ ਬਾਬੇ ਆਦਮ ਨੇ ਖ਼ੁਦਾ ਨੂੰ ਕਿਹਾ ਮੇਰੇ ਇਕੱਲੇ ਦਾ ਇਥੇ ਚਿੱਤ ਨਹੀਂ ਲੱਗਦਾ ਮੇਰੇ ਲਈ ਕੋਈ ਜੀਵਨ-ਸਾਥੀ ਪੈਦਾ ਕਰਦੇ। ਖ਼ੁਦਾ ਨੇ ਉਸ 'ਤੇ ਮਿਹਰਬਾਨੀ ਕਰਦੇ ਹੋਏ ਮਾਈ ਹਵਾ ਪੈਦਾ ਕਰ ਦਿੱਤੀ ਅਤੇ ਦੋਹਾਂ ਦੇ ਮੇਲ ਤੋਂ ਮਨੁੱਖ ਜਾਤੀ ਦੇ ਵਿਕਾਸ ਤੇ ਉਤਪਤੀ ਦਾ ਸਾਧਨ ਪੈਦਾ ਕਰ ਦਿੱਤਾ। ਨਾਲ ਹੀ ਖ਼ੁਦਾ ਨੇ ਬਾਬੇ ਆਦਮ ਨੂੰ ਇਹ ਹੁਕਮ ਦਿੱਤਾ ਕਿ ਤੂੰ ਹੋਰ ਸਾਰੇ ਫ਼ਲ ਖਾ ਸਕਦਾ ਹੈਂ ਪਰ ਇਹ ਇਕ ਫ਼ਲ (ਕਣਕ) ਨਾ ਖਾਈਂ। ਥੋੜ੍ਹੇ ਦਿਨਾਂ ਪਿੱਛੋਂ ਮਾਈ ਹਵਾ ਨੇ ਸ਼ੈਤਾਨ ਦੇ ਪ੍ਰੇਰਤ ਕਰਨ ਉੱਤੇ ਬਾਬਾ ਆਦਮ ਨੂੰ ਕਿਹਾ ਕਿ ਇਸ ਫ਼ਲ ਵਿਚ ਕੋਈ ਖ਼ਾਸ ਖ਼ਾਸੀਅਤ ਹੈ ਜਿਸ ਕਰਕੇ ਖ਼ੁਦਾ ਨੇ ਇਹ ਫ਼ਲ ਆਪਣੇ ਲਈ ਸੁਰੱਖਿਅਤ ਰੱਖ ਲਿਆ ਹੈ ਤੇ ਤੈਨੂੰ ਇਹ ਫ਼ਲ ਖਾਣ ਤੋਂ ਵਰਜ ਦਿੱਤਾ ਹੈ। ਤੂੰ ਇਹ ਫ਼ਲ ਖਾ ਕੇ ਵੇਖ ਕਿ ਇਸ ਵਿਚ ਕੀ ਖ਼ਾਸ ਗੁਣ ਹੈ! ਬਾਬਾ ਆਦਮ ਮਾਈ ਹਵਾ ਦੇ ਵਰਗਲਾਉਣ ਕਰਕੇ ਖ਼ੁਦਾ ਦੇ ਹੁਕਮ ਦੀ ਅਦੂਲੀ (ਉਲੰਘਣਾ) ਕਰਨ ਲਈ ਤਿਆਰ ਹੋ ਗਿਆ। ਇਸ ਹੁਕਮ ਦੀ ਅਦੂਲੀ ਦੀ ਸਜ਼ਾ ਦੇਣ ਵਾਸਤੇ ਖ਼ੁਦਾ ਨੇ ਬਾਬੇ ਆਦਮ ਤੇ ਮਾਈ ਹਵਾ ਨੂੰ ਮਾਤਲੋਕ ਵਿਚ ਭੇਜ ਦਿੱਤਾ। ਉਸ ਤੋਂ ਇਥੇ ਮਨੁੱਖ ਜਾਤੀ ਦਾ ਵਾਧਾ ਹੁੰਦਾ ਗਿਆ ਤੇ ਸਾਰੀ ਮਨੁੱਖਤਾ ਹੁਣ ਤਕ ਉਸ ਹੁਕਮ ਅਦੂਲੀ ਦੀ ਸਜ਼ਾ ਭੁਗਤ ਰਹੀ ਹੈ ਅਤੇ ਕਿਆਮਤ ਤੱਕ ਭੁਗਤਦੀ ਰਹੇਗੀ। ਮਨੁੱਖ ਜਾਤੀ ਨੂੰ ਉਸ ਦੀ ਗ਼ਲਤੀ ਬਾਰੇ ਸਮਝਾਉਣ ਬੁਝਾਉਣ ਲਈ ਖ਼ੁਦਾ ਨੇ ਕਈ ਪੈਗ਼ੰਬਰ ਭੇਜੇ ਜਿਨ੍ਹਾਂ ਨੇ ਆਪਣੇ ਆਪਣੇ ਮਜ਼ਹਬ ਚਲਾਏ ਤੇ ਇਨਸਾਨ ਨੂੰ ਚੰਗੇ ਕੰਮ ਕਰਕੇ ਦੋਜ਼ਖ਼ ਦੀ ਅੱਗ ਤੋਂ ਬਚਾਉਣ ਦੇ ਯਤਨ ਕੀਤੇ। ਉਨ੍ਹਾਂ ਸਾਰਿਆਂ ਨੇ ਇਨਸਾਨਾਂ ਨੂੰ ਇਹ ਭਰੋਸਾ ਦਿਵਾਇਆ ਕਿ ਜਿਹੜੇ ਲੋਕ ਉਨ੍ਹਾਂ ਵੱਲੋਂ ਕਾਇਮ ਕੀਤੀ ਸ਼ਰ੍ਹਾ ਅਨੁਸਾਰ ਚੱਲਣਗੇ ਜੱਜਮੈਂਟ ਵਾਲੇ ਦਿਨ ਅਸੀਂ ਉਨ੍ਹਾਂ ਦੀ ਖੁਦਾ ਦੇ ਦਰਬਾਰ ਵਿਚ ਸਿਫਾਰਿਸ਼ ਕਰਕੇ ਉਨ੍ਹਾਂ ਨੂੰ ਦੋਜ਼ਖ਼ ਦੀ ਅੱਗ ਵਿਚ ਸੜਨ ਤੋਂ ਬਚਾ ਕੇ ਬਹਿਸ਼ਤ ਵਿਚ ਭੇਜ ਦੇਵਾਂਗੇ। ਇਸ ਤੋਂ ਅੱਗੇ ਜੀਵ ਉਸ ਖ਼ੁਦਾ ਨਾਲ "ਦੈਵ ਤੇ ਏਕ ਰੂਪ" ਕਿਵੇਂ ਹੋ ਸਕਦਾ ਹੈ? ਇਸ ਬਾਰੇ ਕਿਸੇ ਵੀ ਕਿਤਾਬ ਵਿਚੋਂ ਕੋਈ ਖ਼ਾਸ ਵਰਣਨ ਨਹੀਂ ਮਿਲਦਾ। ਮਨੁੱਖ ਦਾ ਖ਼ੁਦਾ ਨਾਲੋਂ ਵਿਛੜਨ

SIKHBOOKCLUB.COM



Sri Satguru Jagjit Singh Ji eLibrary NamdhariElibrary@gmail.com

ਦਾ ਵੀ ਸਾਰਿਆਂ ਨੇ ਇਕੋ ਕਾਰਨ ਦੱਸਿਆ ਹੈ। ਇਸ ਸਾਰੀ ਵਿਚਾਰ ਦਾ ਸਿੱਟਾ ਵੀ ਇਹੋ ਨਿਕਲਦਾ ਹੈ ਕਿ ਗੁਰਬਾਣੀ ਨੇ ਮਨੁੱਖ ਦੇ ਪਰਮਾਤਮਾ ਨਾਲੋਂ ਵਿਛੜਨ ਦੇ ਜੋ ਕਾਰਨ ਦੱਸੇ ਹਨ ਉਹ ਆਤਮ ਸਾਇੰਸ ਅਤੇ ਮਨੋਵਿਗਿਆਨ ਅਨੁਸਾਰ ਬਿਲਕੁਲ ਸੱਚੇ ਹਨ। ਜੋ ਰੂਹਾਨੀ ਗਿਆਨ ਤੇ ਆਤਮ ਗਿਆਨ ਗੁਰਬਾਣੀ ਵਿਚੋਂ ਮਿਲਦਾ ਹੈ, ਉਹ ਨਾ ਵੇਦਾਂ ਸ਼ਾਸਤਰਾਂ ਵਿਚੋਂ ਮਿਲਦਾ ਹੈ ਅਤੇ ਨਾ ਹੀ ਚਾਰ ਕਿਤਾਬਾਂ ਵਿਚੋਂ। ਇਸ ਕਰਕੇ ਗੁਰਬਾਣੀ ਤੋਂ ਪ੍ਰਾਪਤ ਹੋਣ ਵਾਲੇ ਗਿਆਨ ਨਾਲ ਹੀ ਸਾਰੀ ਮਨੁੱਖਤਾ ਦਾ ਉਧਾਰ ਹੋ ਸਕਦਾ ਹੈ।

ਇਸ ਨੁਕਤੇ ਉੱਤੇ ਪੂਰਨ ਗੰਭੀਰਤਾ ਨਾਲ ਵਿਚਾਰ ਕਰਨ ਤੋਂ ਇਕ ਹੋਰ ਇਹ ਸਿੱਟਾ ਵੀ ਨਿਕਲਦਾ ਹੈ ਕਿ ਸਾਰੇ ਮਤ ਮਤਾਂਤਰ ਆਪਣੇ ਆਪਣੇ ਸੀਮਿਤ ਦਾਇਰੇ ਵਿਚ ਰਹਿ ਕੇ ਹੀ ਆਪਣੇ ਸ਼ਰਧਾਲੂਆਂ ਨੂੰ ਥੋੜ੍ਹਾ ਘਣਾ ਫਾਇਦਾ ਪਹੁੰਚਾ ਸਕਦੇ ਹਨ ਪਰ ਸਾਰੀ ਮਨੁੱਖਤਾ ਦੇ ਕਲਿਆਣ ਤੇ ਉਧਾਰ ਦਾ ਕੋਈ ਸਾਰਥਿਕ ਪ੍ਰੋਗਰਾਮ ਉਨ੍ਹਾਂ ਵਿਚੋਂ ਕਿਸੇ ਪਾਸ ਵੀ ਨਹੀਂ ਹੈ।

ਸਾਰੀ ਮਨੁੱਖਤਾ ਦੇ ਉਧਾਰ ਕਰਨ ਦੀ ਸਮਰੱਥਾ ਤਾਂ ਉਸ ਸਰਬ ਕਲਾ ਸਮਰੱਥਾ ਪਰਮਾਤਮਾ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੂੰ ਦੇ ਕੇ ਇਸ ਸੰਸਾਰ ਵਿਚ ਭੇਜਿਆ। ਇਸ ਸੱਚ ਨੂੰ ਇਉਂ ਵੀ ਬਿਆਨ ਕੀਤਾ ਜਾ ਸਕਦਾ ਹੈ ਕਿ "ਅਨੰਤ ਕਲਾ ਲੈ ਠਾਕਰ ਚੜ੍ਹਿਆ" ਅਤੇ "ਗੁਰੂ ਨਾਨਕ ਗੋਬਿੰਦ ਰੂਪ" ਦੇ ਮਹਾਂਵਾਕਾਂ ਅਨੁਸਾਰ ਉਹ ਪਰਮਾਤਮਾ ਆਪ ਹੀ

**ਆਪਿ ਨਾਰਾਇਣੁ ਕਲਾ ਧਾਰਿ**
**ਜਗ ਮਹਿ ਪਰਵਰਿਯਉ॥** (ਪੰਨਾ ੧੩੯੫)

ਦੇ ਮਹਾਂਵਾਕ ਅਨੁਸਾਰ ਗੁਰੂ ਨਾਨਕ ਦੇ ਰੂਪ ਵਿਚ ਪ੍ਰਗਟ ਹੋਇਆ। ਸ੍ਰੀ ਗੁਰੂ ਨਾਨਕ ਦੇਵ ਜੀ ਨੇ "ਪ੍ਰਭ ਕੀ ਬਾਣੀ" "ਖਸਮ ਕੀ ਬਾਣੀ" "ਧੁਰ ਕੀ ਬਾਣੀ" ਰਾਹੀਂ ਸਾਰੀ ਮਨੁੱਖਤਾ ਦੇ ਉਧਾਰ ਲਈ ਸਾਰੇ ਸੰਸਾਰ ਨੂੰ

**ਤੇਰਾ ਏਕੁ ਨਾਮੁ ਤਾਰੇ ਸੰਸਾਰੁ॥**

ਦਾ ਸੰਦੇਸ਼ ਦਿੱਤਾ ਹੈ।

**ਸ੍ਰੀ ਗੁਰੂ ਗ੍ਰੰਥ ਸਾਹਿਬ** ਦੇ ਆਦਿ ਵਿਚ ਲਿਖੇ ਹੋਏ ਏਕੇ ਰਾਹੀਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੂਜਾ ਸੰਦੇਸ਼ ਇਹ ਦਿੱਤਾ ਹੈ ਕਿ "ਏਕ ਪਿਤਾ ਏਕਸ ਕੇ ਹਮ ਬਾਰਕ" ਦੇ ਮਹਾਵਾਕ ਅਨੁਸਾਰ ਸਾਰੀ ਮਾਨਵਤਾ ਇਕ ਪਰਿਵਾਰ ਹੈ, ਇਸ ਕਰਕੇ "ਏਕੋ ਧਰਮ ਦ੍ਰਿੜੈ ਸਭ ਕੋਇ" ਦੇ ਗੁਰਬਾਣੀ ਦੇ ਮਹਾਂਵਾਕ



Sri Satguru Jagjit Singh Ji eLibrary NamdhariElibrary@gmail.com

ਅਨੁਸਾਰ ਸਾਰੀ ਮਾਨਵਤਾ ਦਾ ਸਾਂਝਾ ਧਰਮ ਵੀ ਇਕੋ ਹੀ ਹੋ ਸਕਦਾ ਹੈ। ਇਸ ਸੱਚਾਈ ਨੂੰ ਸਮਝਣ ਲਈ ਧਰਮ ਤੇ ਮਜ਼ਹਬ ਵਿਚ ਜੋ ਬਹੁਤ ਵੱਡਾ ਅੰਤਰ (ਭੇਦ) ਹੈ ਉਸ ਨੂੰ ਸਮਝਣ ਦੀ ਲੋੜ ਹੈ। ਗੁਰਬਾਣੀ ਨੇ ਸਾਰੀ ਮਨੁੱਖਤਾ ਦੇ ਉਧਾਰ ਲਈ ਇਹ ਬਿਲਕੁਲ ਵਿਲੱਖਣ ਤੇ ਮਹਾਨ ਸਿਧਾਂਤ ਪੇਸ਼ ਕੀਤਾ ਹੈ ਕਿ ਮਜ਼ਹਬ ਵੱਖੋ ਵੱਖਰੇ ਹੋ ਸਕਦੇ ਹਨ ਪਰ ਧਰਮ ਸਾਰੀ ਮਾਨਵਤਾ ਦਾ ਇਕੋ ਹੈ। ਉਹ ਧਰਮ ਕੀ ਹੈ? ਇਸ ਬਾਰੇ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਸੁਖਮਨੀ ਸਾਹਿਬ ਵਿਚ ਫੁਰਮਾਇਆ ਹੈ:

**ਸਰਬ ਧਰਮ ਮਹਿ ਸ੍ਰੇਸਟ ਧਰਮੁ ॥**
**ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥**
**ਸਗਲ ਕ੍ਰਿਆ ਮਹਿ ਊਤਮ ਕਿਰਿਆ ॥**
**ਸਾਧਸੰਗਿ ਦੁਰਮਤਿ ਮਲੁ ਹਿਰਿਆ ॥**
**ਸਗਲ ਉਦਮ ਮਹਿ ਉਦਮੁ ਭਲਾ ॥**
**ਹਰਿ ਕਾ ਨਾਮੁ ਜਪਹੁ ਜੀਅ ਸਦਾ ॥**
**ਸਗਲ ਬਾਨੀ ਮਹਿ ਅੰਮ੍ਰਿਤ ਬਾਨੀ ॥**
**ਹਰਿ ਕੋ ਜਸੁ ਸੁਨਿ ਰਸਨ ਬਖਾਨੀ ॥**
**ਸਗਲ ਥਾਨ ਤੇ ਓਹੁ ਊਤਮ ਥਾਨੁ ॥**
**ਨਾਨਕ ਜਿਹ ਘਟਿ ਵਸੈ ਹਰਿਨਾਮੁ ॥** (ਪੰਨਾ ੨੬੬)

SIKHBOOKCLUB.COM

ਇਸ ਮਹਾਂਵਾਕ ਤੇ ਗੰਭੀਰਤਾ ਨਾਲ ਵਿਚਾਰ ਕਰਨ ਤੋਂ ਇਹ ਵੀ ਸਪੱਸ਼ਟ ਹੋ ਜਾਂਦਾ ਹੈ ਕਿ ਇਸ ਸਰਬ ਸ੍ਰੇਸ਼ਟ ਧਰਮ ਦਾ ਕਿਸੇ ਵੀ ਮਜ਼ਹਬ ਦੇ ਅਸੂਲਾਂ ਨਾਲ ਵਿਰੋਧ ਨਹੀਂ ਹੈ। ਇਸ ਸਰਬ ਸਾਂਝੇ ਧਰਮ ਨੂੰ ਦ੍ਰਿੜ ਕਰਨ ਲੱਗਿਆਂ ਕਿਸੇ ਵੀ ਮਜ਼ਹਬ ਦੇ ਲੋਕਾਂ ਨੂੰ ਆਪਣੇ ਮਜ਼ਹਬ ਦੇ ਅਸੂਲਾਂ ਦਾ ਤਿਆਗ ਕਰਨ ਦੀ ਲੋੜ ਨਹੀਂ ਹੈ। ਭਾਰਤ ਦੇ ਧਾਰਮਿਕ ਇਤਿਹਾਸ ਉੱਤੇ ਵਿਚਾਰ ਕਰਨ ਤੋਂ ਪਤਾ ਲੱਗਦਾ ਹੈ ਕਿ ਹਿੰਦੂ ਤੇ ਮੁਸਲਮਾਨਾਂ ਵਿਚੋਂ ਕਈ ਸੂਝਵਾਨ ਵਿਦਵਾਨ ਸੁਖਮਨੀ ਸਾਹਿਬ ਦਾ ਪਾਠ ਕਰਕੇ ਆਪਣੇ ਮਨੁੱਖਾ ਜਨਮ ਨੂੰ ਸਫਲਾ ਕਰਦੇ ਰਹੇ ਹਨ ਤੇ ਕਰ ਵੀ ਰਹੇ ਹਨ। ਇਸ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਸਾਰੀ ਮਾਨਵਤਾ ਗੁਰਬਾਣੀ ਪੜ੍ਹ ਕੇ, ਵਿਚਾਰ ਕੇ ਤੇ ਉਸ 'ਤੇ ਅਮਲ ਕਰਕੇ ਆਪਣਾ ਉਧਾਰ ਕਰ ਸਕਦੀ ਹੈ।

ਜੇ ਇਸ "ਸਰਬ ਧਰਮ ਮਹਿ ਸ੍ਰੇਸਟਿ ਧਰਮ" ਨੂੰ ਗੁਰਬਾਣੀ ਦਾ ਚਾਨਣ



Sri Satguru Jagjit Singh Ji eLibrary NamdhariElibrary@gmail.com

ਸਾਰੇ ਸੰਸਾਰ ਵਿਚ ਫੈਲਾ ਕੇ ਸਾਰੀ ਮਾਨਵਤਾ ਨੂੰ ਸਮਝਾ ਦਿੱਤਾ ਜਾਵੇ ਤਾਂ ਸਾਰੇ ਸੰਸਾਰ 'ਤੇ ਮਨੁੱਖਤਾ ਵਿਚ ਪੈਦਾ ਕੀਤੇ ਗਏ ਸਾਰੇ ਮੁਲਕੀ, ਮਜ਼ਹਬੀ ਤੇ ਨਸਲੀ ਵਿਤਕਰੇ ਖ਼ਤਮ ਹੋ ਸਕਦੇ ਹਨ ਅਤੇ ਮਨੁੱਖੀ ਬਰਾਬਰੀ ਤੇ "ਏਕ ਪਿਤਾ ਏਕਸ ਕੇ ਹਮ ਬਾਰਕ" ਦਾ ਜੋ ਸਿੱਧਾਂਤ **ਸ੍ਰੀ ਗੁਰੂ ਗ੍ਰੰਥ ਸਾਹਿਬ** ਦੀ ਪਵਿੱਤਰ ਬਾਣੀ ਵਿਚ ਸਾਰੇ ਸੰਸਾਰ ਦੀ ਭਲਾਈ ਤੇ ਚੜ੍ਹਦੀ ਕਲਾ ਲਈ ਪੇਸ਼ ਕੀਤਾ ਗਿਆ ਹੈ ਇਸ ਦੀ ਮਿਸਾਲ ਵੀ ਦੁਨੀਆਂ ਦੇ ਹੋਰ ਕਿਸੇ ਧਰਮ ਗ੍ਰੰਥ ਵਿਚੋਂ ਨਹੀਂ ਮਿਲਦੀ। ਸਾਰੇ ਪੀਰ ਪੈਗੰਬਰ ਤੇ ਅਵਤਾਰ ਆਪਣੀ ਉਮਤ ਦਾ ਭਲਾ ਮੰਗਣ ਦਾ ਉਪਦੇਸ਼ ਦਿੰਦੇ ਰਹੇ ਹਨ:

**ਨਾਨਕ ਨਾਮ ਚੜ੍ਹਦੀ ਕਲਾ**
**ਤੇਰੇ ਭਾਣੇ ਸਰਬਤ ਦਾ ਭਲਾ॥**

ਦਾ ਸੰਦੇਸ਼ ਤਾਂ ਜਗਤ ਗੁਰ ਬਾਬਾ ਨਾਨਕ ਨੇ ਹੀ ਪੇਸ਼ ਕੀਤਾ ਹੈ, ਜੋ ਅਧਿਆਤਮਵਾਦ ਦੇ ਨਵੇਂ ਜੁੱਗ ਵਿਚ ਸਾਰੀ ਮਨੁੱਖਤਾ ਦਾ ਸਾਂਝਾ ਨਾਹਰਾ ਹੋਵੇਗਾ। ਗੁਰਬਾਣੀ ਵਿਚ ਇਸ ਸਰਬ ਸਾਂਝੇ ਸੰਦੇਸ਼ ਦੇ ਪੱਖ ਵਿਚ ਬਹੁਤ ਸਾਰੇ ਪ੍ਰਮਾਣ ਮਿਲਦੇ ਹਨ:

SIKHBOOKCLUB.COM

**ਬਿਸਰਿ ਗਈ ਸਭ ਤਾਤਿ ਪਰਾਈ॥**
**ਜਬ ਤੇ ਸਾਧ ਸੰਗਤਿ ਮੋਹਿ ਪਾਈ॥**
**ਨਾ ਕੋ ਬੈਰੀ ਨਾਹੀ ਬਿਗਾਨਾ**
**ਸਗਲ ਸੰਗਿ ਹਮ ਕਉ ਬਨਿ ਆਈ॥**
**ਜੋ ਪ੍ਰਭੁ ਕੀਨੋ ਸੋ ਭਲ ਮਾਨਿਓ**
**ਏਹ ਸੁਮਤਿ ਸਾਧੂ ਤੇ ਪਾਈ॥**
**ਸਭ ਮਹਿ ਰਵਿ ਰਹਿਆ ਪ੍ਰਭ ਏਕੈ**
**ਪੇਖਿ ਪੇਖਿ ਨਾਨਕ ਬਿਗਸਾਈ॥** (ਪੰਨਾ ੧੨੯੯)

ਨਾਮ ਉਸ ਕਰਤਾ ਪੁਰਖ ਦੀ ਸਿਰਜਨਾਤਮਿਕ ਤੇ ਕਿਰਿਆਤਮਿਕ ਸ਼ਕਤੀ ਹੈ ਜਿਸ ਨੇ ਖੰਡਾਂ ਬ੍ਰਹਿਮੰਡਾਂ ਦੀ ਸਿਰਜਨਾ ਵੀ ਕੀਤੀ ਹੈ ਅਤੇ ਉਨ੍ਹਾਂ ਦਾ ਵਿਕਾਸ ਵੀ ਕਰ ਰਹੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ:

**ਜੇਤਾ ਕੀਤਾ ਤੇਤਾ ਨਾਉ॥**
**ਵਿਣੁ ਨਾਵੈ ਨਾਹੀ ਕੋ ਥਾਉ॥** (ਪੰਨਾ ੪)

ਇਸ ਮਹਾਂਵਾਕ ਅਨੁਸਾਰ ਨਾਮ ਦੀ ਰੂਹਾਨੀ ਸ਼ਕਤੀ ਸ੍ਰਿਸ਼ਟੀ ਦੇ ਕਣ ਕਣ ਦੇ



Sri Satguru Jagjit Singh Ji eLibrary NamdhariElibrary@gmail.com

ਵਿਚ ਪਰਮ ਤੱਤ ਹੋ ਕੇ ਸਮਾਈ ਹੋਈ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨਾਮ ਦੀ ਰੂਹਾਨੀ ਸ਼ਕਤੀ ਦੀ ਮਹਾਨਤਾ ਪ੍ਰਗਟ ਕਰਦੇ ਹੋਏ ਲਿਖਦੇ ਹਨ:

**ਨਾਮ ਕੇ ਧਾਰੇ ਸਗਲੇ ਜੰਤ॥**
**ਨਾਮ ਕੇ ਧਾਰੇ ਖੰਡ ਬ੍ਰਹਮੰਡ॥**
**ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ॥**
**ਨਾਮ ਕੇ ਧਾਰੇ ਸੁਨਨ ਗਿਆਨ ਧਿਆਨ॥**
**ਨਾਮ ਕੇ ਧਾਰੇ ਆਗਾਸ ਪਾਤਾਲ॥**
**ਨਾਮ ਕੇ ਧਾਰੇ ਸਗਲ ਆਕਾਰ॥**
**ਨਾਮ ਕੇ ਧਾਰੇ ਪੁਰੀਆ ਸਭ ਭਵਨ॥**
**ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ॥**
**ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ॥**
**ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ॥** (ਪੰਨਾ ੨੮੪)

ਉਪਰ ਲਿਖੇ ਸ਼ਬਦ ਉਤੇ ਗੰਭੀਰਤਾ ਨਾਲ ਵਿਚਾਰ ਕਰਨ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਨਾਮ ਦੀ ਰੂਹਾਨੀ ਸ਼ਕਤੀ ਨਾਲ ਸਾਰੇ ਸੰਸਾਰ ਦਾ ਉਧਾਰ ਹੋ ਸਕਦਾ ਹੈ ਅਤੇ ਨਾਮ ਦੀ ਸ਼ਕਤੀ ਨਾਲ ਇਸ ਸੰਸਾਰ ਵਿਚ ਵੱਡੇ ਤੋਂ ਵੱਡਾ ਪਰਿਵਰਤਨ ਲਿਆ ਕੇ ਸਾਰੀ ਧਰਤੀ ਨੂੰ ਇਕ ਧਰਮਸਾਲ ਦਾ ਰੂਪ ਦਿੱਤਾ ਜਾ ਸਕਦਾ ਹੈ ਜਿਸ ਵਿਚ ਪਾਪ ਤੇ ਜ਼ੁਲਮ ਕਰਨ ਵਾਲੀਆਂ ਸਭ ਤਾਕਤਾਂ ਖ਼ਤਮ ਕਰ ਦਿੱਤੀਆਂ ਜਾਣਗੀਆਂ।

SIKHBOOKCLUB.COM

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਸਾਰੀ ਧਰਤੀ ਨੂੰ ਹੀ ਧਰਮਸਾਲ ਬਣਾ ਦੇਣਾ ਚਾਹੁੰਦੇ ਸਨ। ਉਨ੍ਹਾਂ ਦੇ ਇਸ ਪਵਿੱਤਰ ਸੰਕਲਪ ਨੂੰ ਪ੍ਰਗਟ ਕਰਦੇ ਹੋਏ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਕਿਹਾ ਹੈ:

**ਜਿਥੇ ਬਾਬਾ ਪੈਰੁ ਧਰਿ ਪੂਜਾ ਆਸਣੁ ਥਾਪਣਿ ਸੋਆ॥**
**ਸਿਧਾਸਣਿ ਸਭਿ ਜਗਤਿ ਦੇ ਨਾਨਕ ਆਦਿ ਮਤੇ ਜੇ ਕੋਆ॥**
**ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਸੋਆ॥**
**ਬਾਬੇ ਤਾਰੇ ਚਾਰਿ ਚਕਿ ਨਉ ਖੰਡਿ ਪ੍ਰਿਥਵੀ ਸਚਾ ਢੋਆ॥**

(ਵਾਰ ੧/੨੭)

ਭਾਵ ਸ੍ਰੀ ਗੁਰੂ ਨਾਨਕ ਦੇਵ ਜੀ ਚਾਹੁੰਦੇ ਸਨ ਕਿ ਘਰ ਘਰ ਵਿਚ ਗੁਰਬਾਣੀ ਦਾ



Sri Satguru Jagjit Singh Ji eLibrary NamdhariElibrary@gmail.com

ਅੰਮ੍ਰਿਤ ਕੀਰਤਨ ਹੋਵੇ ਤਾਂ ਇਹ ਸਾਰੀ ਧਰਤੀ ਸਾਰਾ ਬ੍ਰਹਿਮੰਡ ਹੀ ਧਰਮਸਾਲ ਬਣ ਸਕਦਾ ਹੈ। "ਨਉ ਖੰਡ ਪ੍ਰਿਥਮੀ ਸਚਾ ਢੋਆ" ਤੋਂ ਭਾਵ ਹੈ ਕਿ ਨਉਖੰਡ ਪ੍ਰਿਥਮੀ ਨੂੰ ਸੱਚੇ ਨਾਮ ਦਾ ਹੀ ਆਸਰਾ ਹੈ। ਪੰਜਵੇਂ ਗੁਰੂ ਨਾਨਕ ਸ੍ਰੀ ਗੁਰੂ ਅਰਜਨ ਦੇਵ ਜੀ ਆਪਣੇ ਇਸ ਸੰਕਲਪ ਨੂੰ ਅਮਲੀ ਰੂਪ ਦੇਣ ਬਾਰੇ ਫੁਰਮਾਉਂਦੇ ਹਨ:

**ਮੈ ਬਧੀ ਸਚੁ ਧਰਮਸਾਲ ਹੈ॥ ਗੁਰਸਿਖਾ ਲਹਦਾ ਭਾਲਿ ਕੈ॥**
**ਪੈਰ ਧੋਵਾ ਪਖਾ ਫੇਰਦਾ ਤਿਸੁ ਨਿਵਿ ਨਿਵਿ ਲਗਾ ਪਾਇ ਜੀਉ॥**
**ਸੁਣਿ ਗਲਾ ਗੁਰ ਪਹਿ ਆਇਆ॥**
**ਨਾਮੁ ਦਾਨੁ ਇਸਨਾਨੁ ਦਿੜਾਇਆ॥**
**ਸਭੁ ਮੁਕਤੁ ਹੋਆ ਸੈਸਾਰੜਾ ਨਾਨਕ ਸਚੀ ਬੇੜੀ ਚਾੜਿ ਜੀਉ॥**

(ਪੰਨਾ ੭੩-੭੪)

ਇਸ ਸ਼ਬਦ ਦੀ ਆਖ਼ਰੀ ਪੰਗਤੀ ਵਿਚ ਸਤਿਗੁਰੂ ਜੀ ਨੇ ਫੁਰਮਾਇਆ ਹੈ ਕਿ ਸੱਚੀ ਬੇੜੀ ਤੇ ਚਾੜ੍ਹ ਕੇ ਸਾਰੇ ਸੰਸਾਰ ਦਾ ਪਾਰ ਉਤਾਰਾ ਹੋ ਸਕਦਾ ਹੈ। ਇਸ ਪੰਗਤੀ ਦਾ ਅੰਤਰੀਵ ਭਾਵ ਇਹ ਹੈ ਕਿ **ਸ੍ਰੀ ਗੁਰੂ ਗ੍ਰੰਥ ਸਾਹਿਬ** ਸੱਚੇ ਨਾਮ ਦਾ ਐਸਾ ਜਹਾਜ਼ ਹੈ ਜਿਸ ਦੇ ਰਾਹੀਂ ਸਾਰਾ ਸੰਸਾਰ ਹੀ ਭਵਸਾਗਰ ਤੋਂ ਪਾਰ ਹੋ ਸਕਦਾ ਹੈ।

SIKHBOOKCLUB.COM

**ਸ੍ਰੀ ਗੁਰੂ ਗ੍ਰੰਥ ਸਾਹਿਬ** ਦੀ ਪਵਿੱਤਰ ਬਾਣੀ ਨੇ ਇਕ ਹੋਰ ਬਹੁਤ ਹੀ ਵਿਲੱਖਣ ਤੇ ਅਚੰਭੇ ਭਰੀ ਸੱਚਾਈ ਇਹ ਬਿਆਨ ਕੀਤੀ ਹੈ ਕਿ:

**ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥**
**ਦੇਹੀ ਮਹਿ ਇਸ ਕਾ ਬਿਸ੍ਰਾਮੁ॥**
**ਸੁੰਨ ਸਮਾਧਿ ਅਨਹਤ ਤਹ ਨਾਦ॥**
**ਕਹਨੁ ਨ ਜਾਈ ਅਚਰਜ ਬਿਸਮਾਦ॥**
**ਤਿਨਿ ਦੇਖਿਆ ਜਿਸੁ ਆਪਿ ਦਿਖਾਏ॥**
**ਨਾਨਕ ਤਿਸੁ ਜਨ ਸੋਝੀ ਪਾਇ॥** (ਪੰਨਾ ੨੯੩)

ਭਾਵ ਨਾਮ ਦੀਆਂ ਸਾਰੀਆਂ ਰੂਹਾਨੀ ਸ਼ਕਤੀਆਂ ਹਰੇਕ ਮਨੁੱਖ ਦੇ ਅੰਦਰ ਹੀ ਮੌਜੂਦ ਹਨ, ਪਰ ਉਨ੍ਹਾਂ ਦਾ ਕਿਸੇ ਨੂੰ ਪਤਾ ਹੀ ਨਹੀਂ। ਇਸ ਦਾ ਪਤਾ ਉਸ ਮਨੁੱਖ ਨੂੰ ਹੀ ਲੱਗ ਸਕਦਾ ਹੈ ਜਿਸ ਉੱਤੇ ਪੂਰੇ ਗੁਰੂ ਦੀ ਕਿਰਪਾ ਹੋ ਜਾਵੇ। ਪੂਰਾ ਗੁਰੂ ਆਤਮ ਗਿਆਨ ਦੁਆਰਾ ਉਸਦੇ ਹਿਰਦੇ ਵਿਚ ਨਾਮ ਦਾ ਪਰਗਾਸ



Sri Satguru Jagjit Singh Ji eLibrary NamdhariElibrary@gmail.com

ਕਰ ਦਿੰਦਾ ਹੈ। ਸ੍ਰੀ ਗੁਰੂ ਰਾਮਦਾਸ ਜੀ ਨੇ ਪੂਰੇ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਅੱਗੇ ਇਹੋ ਅਰਦਾਸ ਕੀਤੀ ਸੀ:

**ਹਰਿ ਕੇ ਜਨ ਸਤਿਗੁਰ ਸਤਪੁਰਖਾ ਬਿਨਉ ਕਰਉ ਗੁਰ ਪਾਸਿ॥**
**ਹਮ ਕੀਰੇ ਕਿਰਮ ਸਤਿਗੁਰੁ ਸਰਣਾਈ ਕਰਿ ਦਇਆ ਨਾਮੁ ਪਰਗਾਸਿ॥**
**ਮੇਰੇ ਮੀਤ ਗੁਰਦੇਵ ਮੋ ਕਉ ਰਾਮ ਨਾਮੁ ਪਰਗਾਸਿ॥**
**ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ ਹਰਿ ਕੀਰਤਿ ਹਮਰੀ ਰਹਰਾਸਿ॥**

(ਪੰਨਾ ੧੦)

ਸਤਿਗੁਰੂ ਜੀ ਨੇ ਕਿਰਪਾ ਕਰਕੇ ਜਦ ਉਨ੍ਹਾਂ ਦੇ ਹਿਰਦੇ ਵਿਚ ਨਾਮ ਦਾ ਪਰਗਾਸ ਕਰ ਦਿੱਤਾ ਤਾਂ ਉਹ ਜੇਠਾ ਜੀ ਤੋਂ ਗੁਰੂ ਰਾਮਦਾਸ ਬਣ ਗਏ। ਪੂਰੇ ਗੁਰੂ ਨੇ ਉਨ੍ਹਾਂ ਦੇ ਜੀਵਨ ਵਿਚ ਕਿਤਨਾ ਮਹਾਨ ਪਰਿਵਰਤਨ ਕਰ ਦਿੱਤਾ, ਇਸ ਨੂੰ ਉਨ੍ਹਾਂ ਨੇ ਗੁਰਬਾਣੀ ਵਿਚ ਇਉਂ ਬਿਆਨ ਕੀਤਾ ਹੈ:

**ਜਿਨ੍ ਮਸਤਕਿ ਧੁਰਿ ਹਰਿ ਲਿਖਿਆ**
**ਤਿਨ੍ਾ ਸਤਿਗੁਰੁ ਮਿਲਿਆ ਰਾਮ ਰਾਜੇ॥**
**ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਘਟਿ ਬਲਿਆ॥**
**ਹਰਿ ਲਧਾ ਰਤਨੁ ਪਦਾਰਥੋ ਫਿਰਿ ਬਹੁੜਿ ਨ ਚਲਿਆ॥**
**ਜਨ ਨਾਨਕ ਨਾਮੁ ਆਰਾਧਿਆ ਆਰਾਧਿ ਹਰਿ ਮਿਲਿਆ॥**

(ਪੰਨਾ ੪੫੦)

ਭਾਵ

**ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥**
**ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ॥**

(ਪੰਨਾ ੨੦੪)

ਜਦੋਂ ਵੱਡੇ ਭਾਗਾਂ ਨਾਲ ਪੂਰੇ ਗੁਰੂ ਦਾ ਮਿਲਾਪ ਹੋ ਗਿਆ ਤਾਂ ਸਤਿਗੁਰੂ ਨੇ "ਦ੍ਵੈ ਤੇ ਏਕ ਰੂਪ ਹ੍ਵੈ ਗਯੋ" ਦਾ ਮਨੁੱਖਾ ਜਨਮ ਦਾ ਅਸਲ ਮਨੋਰਥ ਪੂਰਾ ਕਰ ਦਿੱਤਾ।

ਨਾਮ ਦੀ ਰੂਹਾਨੀ ਸ਼ਕਤੀ ਦਾ ਗੁਰਬਾਣੀ ਵਿਚ ਇਕ ਰੂਪ ਇਹ ਵੀ ਦੱਸਿਆ ਹੈ ਕਿ ਨਾਮ ਦੇ ਮਜੀਠੀ ਰੰਗ ਵਿਚ ਜਿਸ ਗੁਰਮੁਖ ਨੇ ਆਪਣੇ ਮਨ ਨੂੰ ਰੰਗ ਲਿਆ ਉਸ ਉੱਤੇ ਫਿਰ ਮਾਇਆ ਦਾ ਕਸੁੰਭਾ ਰੰਗ ਨਹੀਂ ਚੜ੍ਹ ਸਕਦਾ। ਉਸ ਦਾ ਮਨ ਫਿਰ:



Sri Satguru Jagjit Singh Ji eLibrary NamdhariElibrary@gmail.com

**ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥**

(ਪੰਨਾ ੭੩੦)

ਦੇ ਮਹਾਂਵਾਕ ਅਨੁਸਾਰ "ਗੁਰਮੁਖਿ ਜੋਗੀ ਜਾਗਦੇ ਮਾਇਆ ਅੰਦਰ ਕਰਨ ਉਦਾਸੀ" ਦੀ ਨਿਰਾਲੀ ਜੋਗ ਜੁਗਤਿ ਸਿਖ ਜਾਂਦੇ ਹਨ। ਗੁਰਬਾਣੀ ਵਿਚ ਸਤਿਗੁਰੂ ਜੀਵ ਰੂਪੀ ਇਸਤਰੀ ਨੂੰ ਉਪਦੇਸ਼ ਕਰਦੇ ਹਨ ਕਿ

**ਇਹੁ ਮਨੁ ਸੁੰਦਰਿ ਆਪਣਾ ਹਰਿ ਨਾਮਿ ਮਜੀਠੈ ਰੰਗਿ ਰੀ॥**
**ਤਿਆਗਿ ਸਿਆਣਪ ਚਾਤੁਰੀ ਤੂੰ ਜਾਣੁ ਗੁਪਾਲਹਿ ਸੰਗਿ ਰੀ॥**

(ਪੰਨਾ ੪੦੦)

ਭਾਵ ਪਰਮਾਤਮਾ ਦੇ ਨਾਮ ਦੇ ਮਜੀਠੀ ਰੰਗ ਵਿਚ ਜਿਸ ਨੇ ਆਪਣੇ ਮਨ ਨੂੰ ਰੰਗ ਲਿਆ ਉਸ ਨੂੰ ਉਹ ਪਰਮਾਤਮਾ ਹਰ ਸਮੇਂ ਅੰਗ ਸੰਗ ਨਜ਼ਰ ਆਉਂਦਾ ਹੈ।

ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ ਕਿ ਮੇਰਾ ਉਹ ਰੰਗਲਾ ਸੱਜਣ ਮੇਰੇ ਮਨ ਨੂੰ ਲੈ ਕੇ ਜਦੋਂ ਨਾਮ ਦੇ ਮਜੀਠੀ ਰੰਗ ਵਿਚ ਰੰਗ ਦਿੰਦਾ ਹੈ ਤਾਂ ਉਹ ਰੰਗ ਕਦੇ ਨਹੀਂ ਉਤਰਦਾ ਅਤੇ ਨਾ ਹੀ ਉਸ ਉੱਤੇ ਫਿਰ ਹੋਰ ਕੋਈ ਰੰਗ ਹੀ ਚੜ੍ਹ ਸਕਦਾ ਹੈ:

SIKHBOOKCLUB.COM

**ਸਜਣੁ ਮੈਡਾ ਰੰਗੁਲਾ ਰੰਗੁ ਲਾਏ ਮਨੁ ਲੇਇ॥**
**ਜਿਉ ਮਾਜੀਠੈ ਕਪੜੇ ਰੰਗੇ ਭੀ ਪਾਹੇਹਿ॥**
**ਨਾਨਕ ਰੰਗੁ ਨ ਉਤਰੈ ਬਿਆ ਨ ਲਗੈ ਕੇਹ॥** (ਪੰਨਾ ੬੪੪)

ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਫੁਰਮਾਉਂਦੇ ਹਨ:

**ਹਰਿ ਰੰਗਿ ਚਲੂਲੈ ਜੋ ਰਤੇ ਤਿਨ ਭਿੰਨੀ ਹਰਿ ਰੰਗਿ ਚੋਲੀਆ॥**
**ਕਰਿ ਕਿਰਪਾ ਨਾਨਕ ਮੇਲਿ ਗੁਰ ਪਹਿ ਸਿਰੁ ਵੇਚਿਆ ਮੋਲੀਆ॥**

(ਪੰਨਾ ੩੧੧)

ਗੁਰੂ ਜੀ ਸੂਹੀ ਰਾਗ ਵਿਚ ਇਸੇ ਪ੍ਰਥਾਇ ਫੁਰਮਾਉਂਦੇ ਹਨ:

**ਹਰਿਨਾਮਾ ਹਰਿ ਰੰਙੁ ਹੈ ਹਰਿ ਰੰਙੁ ਮਜੀਠੈ ਰੰਙੁ॥**
**ਗੁਰਿ ਤੁਠੈ ਹਰਿ ਰੰਗੁ ਚਾੜਿਆ ਫਿਰਿ ਬਹੁੜਿ ਨ ਹੋਵੀ ਭੰਙੁ॥**
**ਮੇਰੇ ਮਨ ਹਰਿ ਰਾਮ ਨਾਮਿ ਕਰਿ ਰੰਙੁ॥**
**ਗੁਰਿ ਤੁਠੈ ਹਰਿ ਉਪਦੇਸਿਆ ਹਰਿ ਭੇਟਿਆ ਰਾਉ ਨਿਸੰਙੁ॥**

(ਪੰਨਾ ੭੩੧)

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਸ੍ਰੀ ਰਾਗ ਵਿਚ ਫੁਰਮਾਉਂਦੇ ਹਨ:



Sri Satguru Jagjit Singh Ji eLibrary NamdhariElibrary@gmail.com

**ਧਾਤੁ ਮਿਲੈ ਫੁਨਿ ਧਾਤੁ ਕਉ ਸਿਫਤੀ ਸਿਫਤਿ ਸਮਾਇ॥**

**ਲਾਲੁ ਗੁਲਾਲੁ ਗਹਬਰਾ ਸਚਾ ਰੰਗੁ ਚੜਾਉ॥** (ਪੰਨਾ ੧੮)

ਨਾਮ ਦੀ ਰੂਹਾਨੀ ਸ਼ਕਤੀ ਬਾਰੇ ਗੁਰਬਾਣੀ ਵਿਚ ਇਕ ਵਿਸਮਾਦ ਕਰ ਦੇਣ ਵਾਲੀ ਸੱਚਾਈ ਇਹ ਬਿਆਨ ਕੀਤੀ ਗਈ ਹੈ ਕਿ ਨਾਮ ਮਨੁੱਖ ਦੇ ਸਾਰੇ ਸਰੀਰਕ ਤੇ ਮਾਨਸਿਕ ਰੋਗਾਂ ਨੂੰ ਦੂਰ ਕਰਨ ਵਾਲੀ ਇਕ ਅਕੱਟ ਦਵਾਈ ਹੈ:

**ਸਰਬ ਰੋਗ ਕਾ ਅਉਖਦੁ ਨਾਮੁ॥**

**ਕਲਿਆਣ ਰੂਪ ਮੰਗਲ ਗੁਣ ਗਾਮ॥** (ਪੰਨਾ ੨੭੪)

**ਸ੍ਰੀ ਗੁਰੂ ਗ੍ਰੰਥ ਸਾਹਿਬ** ਦੀ ਪਵਿੱਤਰ ਬਾਣੀ ਵਿਚ ਇਹ ਜੋ ਵਿਲੱਖਣ ਸਿੱਧਾਂਤ ਪੇਸ਼ ਕੀਤਾ ਗਿਆ ਹੈ ਕਿ ਨਾਮ ਸਾਰੇ ਮਾਨਸਿਕ ਤੇ ਸਰੀਰਕ ਰੋਗਾਂ ਦੀ ਇਕੋ ਇਕ ਐਸੀ ਦਵਾਈ ਹੈ ਜਿਸ ਨਾਲ ਸਾਰੇ ਰੋਗ ਕੱਟੇ ਜਾਂਦੇ ਹਨ। ਇਸ ਤਰ੍ਹਾਂ ਦਾ ਸਿੱਧਾਂਤ ਹੋਰ ਕਿਸੇ ਧਰਮ ਗ੍ਰੰਥ ਵਿਚੋਂ ਨਹੀਂ ਮਿਲਦਾ। ਇਸ ਸਿੱਧਾਂਤ ਦੀ ਹੋਰ ਅਚੰਭੇ ਭਰੀ ਸੱਚਾਈ ਇਹ ਹੈ ਕਿ

**ਹਰਿ ਅਉਖਧੁ ਸਭ ਘਟ ਹੈ ਭਾਈ॥**

**ਗੁਰ ਪੂਰੇ ਬਿਨੁ ਬਿਧਿ ਨ ਬਨਾਈ॥** (ਪੰਨਾ ੨੫੯)

SIKHBOOKCLUB.COM

ਦੇ ਮਹਾਂਵਾਕ ਅਨੁਸਾਰ ਇਹ ਨਾਮ ਅਉਖਧੁ ਸਭ ਮਨੁੱਖਾਂ ਦੇ ਅੰਦਰ ਹੀ ਮੌਜੂਦ ਹੈ ਪਰ ਪੂਰੇ ਗੁਰੂ ਦੀ ਕਿਰਪਾ ਤੋਂ ਬਿਨਾਂ ਇਸਦੀ ਵਰਤੋਂ ਕਰਨ ਦੀ ਵਿਧੀ ਦਾ ਪਤਾ ਨਹੀਂ ਲੱਗਦਾ। ਇਹ ਕਿਤਨੀ ਅਸਚਰਜ ਕਰ ਦੇਣ ਵਾਲੀ ਗੱਲ ਹੈ ਕਿ ਜਿਹੜੀ ਸਾਰੇ ਰੋਗਾਂ ਦੀ ਅਚੂਕ ਦਵਾਈ ਉਸ ਕਰਤਾ ਪੁਰਖ ਨੇ ਸਭ ਮਨੁੱਖਾਂ ਦੇ ਅੰਦਰ ਹੀ ਰੱਖੀ ਹੋਈ ਹੈ ਉਸ ਤੋਂ ਲਾਭ ਇਸ ਕਰਕੇ ਨਹੀਂ ਉਠਾ ਸਕਦੇ ਕਿ ਪੂਰੇ ਗੁਰੂ ਤੋਂ ਬਿਨਾਂ ਉਨ੍ਹਾਂ ਨੂੰ ਇਹ ਪਤਾ ਹੀ ਨਹੀਂ ਲੱਗਦਾ ਕਿ ਸਾਰੇ ਦੁੱਖ ਦੂਰ ਕਰਨ ਵਾਲੀ ਤੇ ਸਾਰੇ ਸੁੱਖ ਦੇਣ ਵਾਲੀ ਨਾਮ ਅਉਖਧ ਉਨ੍ਹਾਂ ਦੇ ਅੰਦਰ ਹੀ ਮੌਜੂਦ ਹੈ। ਗੁਰਬਾਣੀ ਉੱਤੇ ਗੰਭੀਰਤਾ ਨਾਲ ਵਿਚਾਰ ਕਰਨ ਤੋਂ ਇਹ ਸੋਝੀ ਮਿਲਦੀ ਹੈ ਕਿ ਨਾਮ ਅੰਮ੍ਰਿਤ ਵੀ ਹਰੇਕ ਮਨੁੱਖ ਦੇ ਅੰਦਰ ਹੀ ਹੈ ਅਤੇ ਨਾਮ ਅਉਖਧ ਵੀ ਸਭ ਦੇ ਅੰਦਰ ਹੀ ਮੌਜੂਦ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ:

**ਲਲਾ ਲਾਵਉ ਅਉਖਧ ਜਾਹੂ॥ ਦੂਖ ਦਰਦ ਤਿਹ ਮਿਟਹਿ ਖਿਨਾਹੂ॥**

**ਨਾਮ ਅਉਖਧੁ ਜਿਹ ਰਿਦੈ ਹਿਤਾਵੈ॥ ਤਾਹਿ ਰੋਗੁ ਸੁਪਨੈ ਨਹੀ ਆਵੈ॥**

**ਹਰਿ ਅਉਖਧੁ ਸਭ ਘਟ ਹੈ ਭਾਈ॥ ਗੁਰ ਪੂਰੇ ਬਿਨੁ ਬਿਧਿ ਨ ਬਨਾਈ॥**



Sri Satguru Jagjit Singh Ji eLibrary NamdhariElibrary@gmail.com

**ਗੁਰਿ ਪੂਰੈ ਸੰਜਮੁ ਕਰਿ ਦੀਆ॥**

**ਨਾਨਕ ਤਉ ਫਿਰਿ ਦੂਖ ਨ ਥੀਆ॥** (ਪੰਨਾ ੨੫੯)

ਇਸ ਵੇਲੇ ਪੂਰਾ ਗੁਰੂ **ਸ੍ਰੀ ਗੁਰੂ ਗ੍ਰੰਥ ਸਾਹਿਬ** ਹੈ ਜਿਸ ਦੀ ਬਾਣੀ ਦਾ ਚਾਨਣ ਜੇ ਸਾਰੀ ਮਨੁੱਖਤਾ ਤਕ ਪਹੁੰਚਾ ਦਿੱਤਾ ਜਾਵੇ ਤਾਂ ਉਸ ਦੇ ਸਾਰੇ ਰੋਗ ਸੋਗ ਮਿਟ ਸਕਦੇ ਹਨ ਅਤੇ ਜਿਹੜਾ ਸੰਸਾਰ ਸਾਗਰ ਇਸ ਵੇਲੇ "ਅਗਨਿ ਸੋਕ ਸਾਗਰ" ਬਣਿਆ ਹੋਇਆ ਹੈ, ਉਹ ਸੁਖ ਸਾਗਰ ਤੇ ਆਨੰਦ ਸਾਗਰ ਵਿਚ ਬਦਲ ਸਕਦਾ ਹੈ।

**ਸ੍ਰੀ ਗੁਰੂ ਗ੍ਰੰਥ ਸਾਹਿਬ** ਦੀ ਪਵਿੱਤਰ ਬਾਣੀ ਵਿਚ ਇਕ ਬਹੁਤ ਹੀ ਮਹੱਤਵਪੂਰਨ ਤੇ ਵਿਲੱਖਣ ਸਿੱਧਾਂਤ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ:

**ਜੈਸਾ ਸੇਵੈ ਤੈਸੋ ਹੋਇ॥** (ਪੰਨਾ ੨੨੩)

ਅਥਵਾ

**ਜੋ ਸਿਉ ਰਾਤਾ ਤੈਸੋ ਹੋਵੈ॥**

**ਆਪੇ ਕਰਤਾ ਕਰੇ ਸੁ ਹੋਵੈ॥** (ਪੰਨਾ ੪੧੧)

ਦੇ ਮਹਾਂਵਾਕਾਂ ਅਨੁਸਾਰ ਇਹ ਪੇਸ਼ ਕੀਤਾ ਹੈ ਕਿ ਜਿਸ ਇਸ਼ਟ ਦੀ ਕੋਈ ਅਰਾਧਨਾ ਕਰਦਾ ਹੈ ਉਹ ਉਥੇ ਦਾ ਹੀ ਰੂਪ ਹੋ ਜਾਂਦਾ ਹੈ। ਇਸ ਸਿੱਧਾਂਤ ਉੱਤੇ ਗੰਭੀਰਤਾ ਪੂਰਬਕ ਵਿਚਾਰ ਕਰਨ ਤੋਂ ਪਤਾ ਲੱਗਦਾ ਹੈ ਕਿ ਇਸ ਸਿੱਧਾਂਤ ਉੱਤੇ ਸਹੀ ਰੂਪ ਵਿਚ ਅਮਲ ਜਿਸ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਕੀਤਾ ਹੈ ਉਹ ਹੋਰ ਕਿਸੇ ਪੀਰ ਪੈਗੰਬਰ ਜਾਂ ਅਵਤਾਰ ਨੇ ਨਹੀਂ ਕੀਤਾ।

ਸ੍ਰੀ ਰਾਮ ਚੰਦਰ ਨੇ ਆਪਣੇ ਸੇਵਕਾਂ ਵਿਚੋਂ ਕਿਸੇ ਨੂੰ ਰਾਮ ਨਹੀਂ ਬਣਾਇਆ। ਸ੍ਰੀ ਕ੍ਰਿਸ਼ਨ ਨੇ ਕਿਸੇ ਨੂੰ ਕ੍ਰਿਸ਼ਨ ਨਹੀਂ ਬਣਾਇਆ। ਈਸਾ ਮਸੀਹ ਦੇ ਬਾਰਾਂ ਪ੍ਰਸਿੱਧ ਚੇਲੇ ਹੋਏ ਹਨ। ਉਨ੍ਹਾਂ ਨੂੰ ਕਾਫ਼ੀ ਸ਼ਕਤੀਆਂ ਦਿੱਤੀਆਂ ਪਰ ਕਿਸੇ ਨੂੰ ਆਪਣੇ ਵਰਗਾ ਨਹੀਂ ਬਣਾਇਆ। ਹਜ਼ਰਤ ਮੁਹੰਮਦ ਸਾਹਿਬ ਦੇ ਚਾਰ ਯਾਰ ਪ੍ਰਸਿੱਧ ਹੋਏ ਹਨ, ਪਰ ਉਨ੍ਹਾਂ ਵਿਚੋਂ ਕੋਈ ਵੀ ਮੁਹੰਮਦ ਨਹੀਂ ਬਣ ਸਕਿਆ। ਉਨ੍ਹਾਂ ਨੂੰ ਖਲੀਫ਼ੇ ਤਾਂ ਬਣਾ ਦਿੱਤਾ ਪਰ ਕਿਸੇ ਨੂੰ ਰਸੂਲ ਨਹੀਂ ਬਣਾਇਆ। ਗੁਰੂ ਨਾਨਕ ਤੋਂ ਪਹਿਲਾਂ ਜੇ ਕੋਈ ਗੁਰੂ ਸੀ ਤਾਂ ਉਹ ਗੁਰੂ ਹੀ ਰਿਹਾ ਤੇ ਉਸ ਦੇ ਚੇਲੇ ਚੇਲੇ ਹੀ ਰਹੇ। ਪਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਪਰ ਲਿਖੇ ਸਿੱਧਾਂਤ ਦੀ ਸਹੀ ਰੂਪ ਵਿਚ ਵਰਤੋਂ ਕਰਦੇ ਹੋਏ ਇਹ ਅਦਭੁੱਤ ਕ੍ਰਿਸ਼ਮਾ ਕੀਤਾ ਕਿ



Sri Satguru Jagjit Singh Ji eLibrary NamdhariElibrary@gmail.com

ਲਹਿਣਾ ਜੀ ਨੂੰ ਗੁਰੂ ਨਾਨਕ ਹੀ ਬਣਾ ਦਿੱਤਾ ਅਤੇ ਉਨ੍ਹਾਂ ਦੀ ਜੋਤਿ ਤੇ ਜੁਗਤਿ ਦਸ ਜਾਮਿਆ ਵਿਚ ਵਰਤ ਕੇ ਉਨ੍ਹਾਂ ਨੂੰ ਆਪਣਾ ਰੂਪ ਹੀ ਬਣਾ ਦਿੰਦੀ ਰਹੀ।

ਗੁਰਬਾਣੀ ਦੇ ਪ੍ਰਚਾਰ ਰਾਹੀਂ ਸਤਿਗੁਰਾਂ ਨੇ ਗੁਰਸਿੱਖਾਂ ਨੂੰ ਜੋ ਆਤਮ ਗਿਆਨ ਤੇ ਬ੍ਰਹਮ ਗਿਆਨ ਦੀਆਂ ਅਮੋਲਕ ਦਾਤਾਂ ਬਖ਼ਸ਼ੀਆਂ। ਉਨ੍ਹਾਂ ਨੇ ਉਨ੍ਹਾਂ ਦੇ ਹਿਰਦਿਆਂ ਵਿਚ ਪ੍ਰੇਮ ਦਾ ਐਸਾ ਚਲੂਲਾ ਰੰਗ ਚਾੜ੍ਹਿਆ ਕਿ ਗਿਆਤਾ ਗਿਆਨ ਮੇ ਤੇ ਧਿਆਤਾ ਧਿਆਨ ਦੇ ਤਿੰਨੇ ਇਕੋ ਰੂਪ ਹੋ ਗਏ। ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਸਾਰੇ ਸੰਸਾਰ ਦੇ ਉਧਾਰ ਲਈ ਜੋ ਪ੍ਰੇਮ ਦਾ ਜੁਗ ਪਲਟਾਊ ਸੰਦੇਸ਼ ਲੈ ਕੇ ਆਏ ਸਨ। ਉਸ ਸੰਦੇਸ਼ ਦਾ **ਸ੍ਰੀ ਗੁਰੂ ਗ੍ਰੰਥ ਸਾਹਿਬ** ਦੀ ਬਾਣੀ ਵਿਚ ਬੜੇ ਹੀ ਵਿਸਥਾਰ ਨਾਲ ਵਰਣਨ ਕੀਤਾ ਗਿਆ ਹੈ। ਗੁਰਬਾਣੀ ਦੇ ਹਰੇਕ ਸ਼ਬਦ ਵਿਚੋਂ ਰੱਬੀ ਪ੍ਰੇਮ ਦਾ ਅਤੇ ਅੰਮ੍ਰਿਤੁ ਨਾਮ ਦੀਆਂ ਰੂਹਾਨੀ ਸ਼ਕਤੀਆਂ ਦਾ ਵਰਣਨ ਮਿਲਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਫੁਰਮਾਇਆ:

**ਜਉ ਤਉ ਪ੍ਰੇਮ ਖੇਲਣ ਕਾ ਚਾਉ ॥**
**ਸਿਰੁ ਧਰਿ ਤਲੀ ਗਲੀ ਮੇਰੀ ਆਉ ॥**
**ਇਤੁ ਮਾਰਗਿ ਪੈਰੁ ਧਰੀਜੈ ॥**
**ਸਿਰੁ ਦੀਜੈ ਕਾਣਿ ਨ ਕੀਜੈ ॥** (ਪੰਨਾ ੧੪੧੨)

SIKHBOOKCLUB.COM

ਜਿਸ ਦੇ ਮਨ ਵਿਚ ਰੱਬੀ ਪਿਆਰ (ਇਸ਼ਕਿ ਖ਼ੁਦਾ) ਵੱਸ ਜਾਂਦਾ ਹੈ ਉਸ ਨੂੰ ਮੌਤ ਦਾ ਕੋਈ ਡਰ ਨਹੀਂ ਰਹਿੰਦਾ। ਉਹ ਆਪਣੇ ਸਤਿਗੁਰ ਦਾ ਹੁਕਮ ਮੰਨ ਕੇ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਲਈ ਤਿਆਰ ਹੋ ਜਾਂਦੇ ਹਨ। ਕਬੀਰ ਸਾਹਿਬ ਨੇ ਫੁਰਮਾਇਆ ਹੈ:

**ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ ॥**
**ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥** (ਪੰਨਾ ੧੩੬੫)

ਪ੍ਰੇਮ ਦੇ ਇਸ ਜੁਗ ਪਲਟਾਊ ਸੰਦੇਸ਼ ਦਾ ਤੇ ਗੁਰਬਾਣੀ ਦੇ ਪ੍ਰਚਾਰ ਦਾ ਲੋਕਾਈ ਉੱਤੇ ਕੀ ਅਸਰ ਹੋਇਆ ਹੈ? ਉਸ ਦੀ ਪ੍ਰੀਖਿਆ ਲੈਣ ਲਈ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ੧੬੯੯ ਦੀ ਵੈਸਾਖੀ ਦੇ ਮਹਾਨ ਪੁਰਬ 'ਤੇ ਸ੍ਰੀ ਅਨੰਦਪੁਰ ਸਾਹਿਬ ਵਿਚ ਵੱਡਾ ਸਮਾਗਮ ਰਚਿਆ ਜਿਸ ਵਿਚ ਸਾਰੇ ਭਾਰਤ ਵਰਸ਼ ਵਿਚ ਅੱਸੀ ਹਜ਼ਾਰ ਲੋਕ ਇਕੱਠੇ ਹੋਏ। ਗੁਰੂ ਜੀ ਨੇ ਜਦ ਸੀਸ ਭੇਟ ਕਰਨ ਦੀ ਮੰਗ ਕੀਤੀ ਤਾਂ ਸਭ ਤੋਂ ਪ੍ਰਥਮ ਪੰਜ ਪਿਆਰੇ "ਸਿਰੁ ਧਰਿ ਤਲੀ

ਗਲੀ ਮੇਰੀ ਆਉ" ਦੇ ਮਹਾਂਵਾਕ ਉੱਤੇ ਫੁੱਲ ਚੜ੍ਹਾਉਂਦੇ ਹੋਏ ਸੀਸ ਭੇਟ ਦੇਣ ਲਈ ਤਿਆਰ ਹੋਏ। ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਅਨੰਦ ਸਾਹਿਬ ਦੀ ਬਾਣੀ ਵਿਚ ਫੁਰਮਾਉਂਦੇ ਹਨ:

**ਐਸਾ ਸਤਿਗੁਰੁ ਜੇ ਮਿਲੈ ਤਿਸ ਨੋ ਸਿਰੁ ਸਉਪੀਐ ਵਿਚਹੁ ਆਪੁ ਜਾਇ॥**
**ਜਿਸ ਦਾ ਜੀਉ ਤਿਸੁ ਮਿਲਿ ਰਹੈ ਹਰਿ ਵਸੈ ਮਨਿ ਆਇ॥**

(ਪੰਨਾ ੯੨੧)

ਗੁਰਬਾਣੀ ਪੜ੍ਹ ਕੇ ਜਿਨ੍ਹਾਂ ਨੂੰ ਆਤਮ ਗਿਆਨ ਹੋ ਗਿਆ ਸੀ, ਉਨ੍ਹਾਂ ਦੇ ਮਨ ਵਿਚ ਹੀ ਆਤਮ ਸਮਰਪਣ ਕਰਨ ਦਾ ਚਾਉ ਪੈਦਾ ਹੋਇਆ। ਉਨ੍ਹਾਂ ਪੰਜਾਂ ਪਿਆਰਿਆਂ ਦੀ ਜਾਤਿ ਪਾਤਿ ਦਾ ਤੇ ਵਰਣ ਆਸ਼ਰਮ ਦਾ ਭੇਦ ਮਿਟਾ ਕੇ ਜਦ ਉਨ੍ਹਾਂ ਨੂੰ ਖ਼ਾਲਸਾ ਹੋਣ ਦਾ ਮਾਣ ਬਖ਼ਸ਼ਿਆ ਤੇ ਗੁਰੂ ਨਾਨਕ ਦੇਵ ਦੇ ਚਲਾਏ ਹੋਏ ਨਿਰਮਲ ਪੰਥ ਨੂੰ ਨਵਾਂ ਡਸਿਪਲਨ, ਨਵੀਂ ਰਹਿਤ ਬਹਿਤ ਦੇ ਨਵੇਂ ਅਸੂਲ ਦੱਸ ਕੇ ਅੱਗੇ ਤੋਂ ਖੰਡੇ ਬਾਟੇ ਦਾ ਅੰਮ੍ਰਿਤ ਛਕਾਉਣ ਦੇ ਅਧਿਕਾਰ ਬਖਸ਼ਿਸ਼ ਕੀਤੇ ਤਾਂ ਉਨ੍ਹਾਂ ਨੇ ਜੁਗ ਪਲਟਾਊ ਜੋਧਿਆਂ ਦੇ ਇਕ ਨਵੇਂ ਖ਼ਾਲਸਾ ਪੰਥ ਦੀ ਸਿਰਜਨਾ ਕੀਤੀ॥ ਇਸ ਖ਼ਾਲਸਾ ਪੰਥ ਦੇ ਜੋਧਿਆਂ ਨੇ ਮੁਗ਼ਲਾਂ ਦੀ ਸੱਤ ਸੌ ਸਾਲ ਤੋਂ ਭਾਰਤ ਵਿਚ ਚਲੀ ਆ ਰਹੀ ਹਕੂਮਤ ਨੂੰ ਖ਼ਤਮ ਕਰਕੇ ਪੰਜਾਬ ਵਿਚ ਖ਼ਾਲਸਾ ਰਾਜ ਕਾਇਮ ਕੀਤਾ ਅਤੇ ਹਿੰਦੋਸਤਾਨ ਦੇ ਇਤਿਹਾਸ ਵਿਚ ਬਹੁਤ ਵੱਡਾ ਇਨਕਲਾਬ ਲਿਆ ਕੇ ਹਿੰਦੋਸਤਾਨ ਉੱਤੇ ਬਾਹਰੋਂ ਹੋਣ ਵਾਲਿਆਂ ਹਮਲਿਆਂ ਨੂੰ ਸਦਾ ਸਦਾ ਵਾਸਤੇ ਬੰਦ ਕਰ ਦਿੱਤਾ। ਜਮਰੌਦ ਦੇ ਕਿਲ੍ਹੇ ਉੱਤੇ ਖ਼ਾਲਸਾਈ ਨਿਸ਼ਾਨ ਸਾਹਿਬ ਝੁਲਾ ਕੇ ਪਠਾਨਾਂ, ਮੁਗ਼ਲਾਂ ਤੇ ਤੁਰਕਾਂ ਨੂੰ ਚਿਤਾਵਨੀ ਕਰਾ ਦਿੱਤੀ ਕਿ ਹੁਣ ਜਿਹੜਾ ਵੀ ਹਿੰਦੋਸਤਾਨ ਉੱਤੇ ਹਮਲਾ ਕਰਨ ਦਾ ਯਤਨ ਕਰੇਗਾ ਉਸ ਨੂੰ ਮੂੰਹ ਤੋੜ ਜਵਾਬ ਦਿੱਤਾ ਜਾਵੇਗਾ।

ਇਹ ਇਤਿਹਾਸਕ ਸੱਚਾਈ ਚਿੱਟੇ ਦਿਨ ਵਾਂਗ ਰੌਸ਼ਨ ਹੈ ਕਿ ਖੰਡੇ ਬਾਟੇ ਦੇ ਅੰਮ੍ਰਿਤ ਦੀ ਸ਼ਕਤੀ ਨੇ ਹਿੰਦੋਸਤਾਨ ਦੇ ਇਤਿਹਾਸ ਨੂੰ ਬਦਲ ਕੇ ਰੱਖ ਦਿੱਤਾ ਅਤੇ ਜਿਹੜਾ ਔਰੰਗਜ਼ੇਬ ਬਾਦਸ਼ਾਹ ਹਿੰਦੋਸਤਾਨ ਵਿਚੋਂ ਹਿੰਦੂ ਧਰਮ ਨੂੰ ਖ਼ਤਮ ਕਰਕੇ ਸਾਰੇ ਦੇਸ਼ ਨੂੰ ਮੁਸਲਮਾਨ ਬਣਾਉਣਾ ਚਾਹੁੰਦਾ ਸੀ, ਉਸਦੇ ਇਨ੍ਹਾਂ ਨਾਪਾਕ ਇਰਾਦਿਆਂ ਨੂੰ ਸ੍ਰੀ ਗੁਰੂ ਤੇਗ਼ ਬਹਾਦਰ ਜੀ ਮਹਾਰਾਜ ਨੇ ਆਪਣਾ ਬਲੀਦਾਨ ਦੇ ਕੇ ਮਿੱਟੀ ਵਿਚ ਮਿਲਾ ਕੇ ਰੱਖ ਦਿੱਤਾ ਅਤੇ ਉਸ ਨੂੰ ਲਲਕਾਰ ਕੇ ਇਹ ਆਖਿਆ ਕਿ ਤੂੰ ਦੋਹਾਂ ਧਰਮਾਂ ਦੀ ਥਾਂ ਇਕ ਕਰਨਾ ਚਾਹੁੰਦਾ ਹੈਂ ਪਰ



Sri Satguru Jagjit Singh Ji eLibrary NamdhariElibrary@gmail.com

ਉਸ ਅਕਾਲ ਪੁਰਖ ਦਾ ਹੁਕਮ ਇਹ ਹੈ ਕਿ ਇਥੇ ਹਿੰਦੂ ਮੁਸਲਮਾਨ ਤੇ ਸਿੱਖ ਤਿੰਨ ਧਰਮ ਹੋਣਗੇ। ਉਸ ਅਕਾਲ ਪੁਰਖ ਨੇ ਗੁਰੂ ਗੋਬਿੰਦ ਸਿੰਘ ਨੂੰ ਇਹ ਆਗਿਆ ਕੀਤੀ ਹੈ ਕਿ ਤੁਸੀਂ ਮਾਤਲੋਕ ਵਿਚ ਜਾ ਕੇ ਇਕ ਐਸੇ ਖ਼ਾਲਸਾ ਪੰਥ ਦੀ ਸਿਰਜਨਾ ਕਰੋ ਜਿਹੜਾ ਮੁਗ਼ਲ ਰਾਜ ਦੀਆਂ ਜੜ੍ਹਾਂ ਪੁੱਟ ਕੇ ਖਾਰੇ ਸਮੁੰਦਰ ਵਿਚ ਸੁੱਟ ਦੇਵੇ ਤੇ ਹਿੰਦੋਸਤਾਨ ਦੇ ਲੋਕਾਂ ਨੂੰ ਪੂਰਨ ਸੁਤੰਤਰਤਾ ਦੇ ਕੇ ਇਕ ਅਣਖ ਭਰਿਆ ਜੀਵਨ ਜਿਊਣ ਦੀ ਜਾਚ ਵੀ ਸਿਖਾ ਦੇਵੇ। ਅਕਾਲ ਪੁਰਖ ਦੇ ਇਸ ਹੁਕਮ ਨੂੰ ਕਿ

**ਮੈਂ ਅਪਨਾ ਸੁਤ ਤੋਹਿ ਨਿਵਾਜਾ॥ ਪੰਥ ਪਰਚੁਰ ਕਰਬੇ ਕੋ ਸਾਜਾ॥**
**ਜਹਾ ਤਹਾ ਤੁਮ ਧਰਮ ਬਿਥਾਰੋ॥ ਦੁਸ਼ਟ ਦੋਖੀਅਨ ਪਕਰ ਪਛਾਰੋ॥**

ਮੰਨ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਖ਼ਾਲਸਾ ਪੰਥ ਦੀ ਸਿਰਜਨਾ ਕੀਤੀ।

ਸ੍ਰੀ ਗੁਰੂ ਤੇਗ਼ ਬਹਾਦਰ ਜੀ ਮਹਾਰਾਜ ਨੇ ਤਾਂ ਪਵਿੱਤਰ ਗੁਰਬਾਣੀ ਵਿਚ ਇਹ ਫੁਰਮਾਇਆ ਹੈ ਕਿ ਸਾਰੇ ਸੰਸਾਰ ਵਿਚ ਐਸਾ ਵਾਤਾਵਰਣ ਤੇ ਐਸੇ ਹਾਲਾਤ ਪੈਦਾ ਹੋਣੇ ਚਾਹੀਦੇ ਹਨ ਜਿਨ੍ਹਾਂ ਵਿਚ

**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥**
**ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥**

(ਪੰਨਾ ੧੪੨੭)

ਦੇ ਮਹਾਂਵਾਕ ਉੱਤੇ ਅਮਲ ਕਰਨ ਵਾਲਿਆਂ ਦਾ ਹਲੇਮੀ ਰਾਜ ਕਾਇਮ ਹੋਵੇ। ਉਸ ਅਕਾਲ ਪੁਰਖ ਦੇ ਮੂਲ ਮੰਤਰ ਵਿਚ ਦੋ ਪ੍ਰਧਾਨ ਗੁਣ "ਨਿਰਭਉ ਤੇ ਨਿਰਵੈਰੁ" ਹੋਣਾ ਦੱਸੇ ਗਏ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਆਪਣੇ ਖ਼ਾਲਸੇ ਵਿਚ ਵੀ ਹੋਰ ਸ਼ੁਭ ਗੁਣਾਂ ਦੇ ਨਾਲ ਨਾਲ ਇਹ ਦੋਵੇਂ ਗੁਣ ਵਿਸ਼ੇਸ਼ ਕਰਕੇ ਪੈਦਾ ਕਰਨੇ ਚਾਹੁੰਦੇ ਸਨ।

ਅਕਾਲ ਪੁਰਖ ਨੇ ਜੋ ਵਿਲੱਖਣ ਗੁਣ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਦੇ ਕੇ ਭੇਜਿਆ ਉਹ ਦੁਨੀਆਂ ਦੇ ਹੋਰ ਕਿਸੇ ਗੁਰੂ ਪੀਰ ਜਾਂ ਮਹਾਂਪੁਰਖ ਵਿਚ ਨਹੀਂ ਪਾਏ ਸਨ। ਇਸੇ ਕਰਕੇ ਅਲਹ ਯਾਰ ਖਾਨ ਜੋਗੀ ਨੇ ਲਿਖਿਆ ਹੈ:

**ਇਨਸਾਫ਼ ਕਰੇ ਗਰ ਜ਼ਮਾਨਾ ਤੋ ਯਕੀ ਹੈਂ**
**ਕਹਿੰਦੇ ਕਿ ਗੁਰੂ ਗੋਬਿੰਦ ਕਾ ਸਾਨੀ ਹੀ ਨਹੀਂ ਹੈ॥**

ਭਾਵ ਜੇ ਜ਼ਮਾਨੇ ਦੇ ਵਿਦਵਾਨ ਲੋਕ ਇਨਸਾਫ਼ ਦੀ ਦ੍ਰਿਸ਼ਟੀ ਨਾਲ ਸ੍ਰੀ ਗੁਰੂ



Sri Satguru Jagjit Singh Ji eLibrary NamdhariElibrary@gmail.com

ਗੋਬਿੰਦ ਸਿੰਘ ਜੀ ਦੇ ਰੱਬੀ ਗੁਣਾਂ ਦਾ ਮੁਲੰਕਣ ਕਰਨ ਤਾਂ ਉਨ੍ਹਾਂ ਨੂੰ ਇਹ ਕਹਿਣਾ ਚਾਹੀਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸਾਨ੍ਹੀ ਸੰਸਾਰ ਵਿਚ ਹੋਰ ਕੋਈ ਮਹਾਂਪੁਰਖ ਨਹੀਂ ਹੋਇਆ। ਸਿੱਖ ਕੌਮ ਦੇ ਮਹਾਨ ਲੇਖਕ ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਨਾਭਾ ਆਪਣੇ ਇਕ ਕਬਿੱਤ ਵਿਚ ਗੁਰੂ ਜੀ ਦੇ ਵਿਲੱਖਣ ਗੁਣਾਂ ਦਾ ਵਰਣਨ ਕਰਦੇ ਹੋਏ ਲਿਖਦੇ ਹਨ:

**ਲੈ ਕਰ ਦੋਤਾਰਾ ਗਾਵੈ ਸਿਖਨ ਮੇਂ ਵਾਰ ਆਸਾ,**
**ਪਕੜ ਦੋਧਾਰਾ ਵਾਹੇ ਸ਼ਤਰੂ ਸਿਰ ਆਰਾ ਹੈ॥**
**ਕੜਛਾ ਲੈ ਹਾਥ ਬ੍ਰਤਾਵਤ ਅਤੁਟ ਦੇਗ,**
**ਕਠਨ ਕੋ ਬਾਣ ਦੰਡ ਬੇਠਾ ਕਰੇ ਪਾਰਾ ਹੈ॥**
**ਭਗਤਿ, ਪ੍ਰੇਮ, ਔ ਬੈਰਾਗ ਕੀ ਸੁਣਾਵੇ ਕਥਾ,**
**ਚੜ੍ਹ ਕੇ ਤੁਰੰਗ ਜੰਗ ਦੇਵੇ ਲਲਕਾਰਾ ਹੈ॥**
**ਤਤ੍ਵ ਗਿਆਨੀ, ਜੋਧਾ, ਗ੍ਰਿਹੀ ਤਿਆਗੀ**
**ਗੁਰੂ ਚੇਲਾ ਵਾਹੁ ਵਾਹੁ ਧੰਨ ਧੰਨ ਜਨਕ ਹਮਾਰਾ ਹੈ॥**

ਇਹ ਸਾਰੇ ਵਿਲੱਖਣ ਤੇ ਨਿਰਾਲੇ ਸ਼ੁਭ ਗੁਣ ਕਲਗੀਧਰ ਆਪਣੇ ਖ਼ਾਲਸੇ ਵਿਚ ਪੈਦਾ ਕਰਕੇ ਉਸ ਨੂੰ ਗੁਣਾਂ ਕਰਕੇ ਵੀ ਨਿਆਰਾ ਬਣਾਉਣਾ ਚਾਹੁੰਦੇ ਸਨ ਅਤੇ ਆਪਣੇ ਇਸ ਮਕਸਦ ਵਿਚ ਸਫ਼ਲ ਵੀ ਹੋਏ। ਉਨ੍ਹਾਂ ਨੇ ਆਪਣੇ ਖ਼ਾਲਸਾ ਪੰਥ ਨੂੰ ਬਾਣੀ ਤੇ ਬਾਣਾ ਦੇ ਕੇ ਸਮਝਾਇਆ ਕਿ ਬਾਣੀ ਵਿਚ ਨਾਮ ਅੰਮ੍ਰਿਤ "ਰਵਿ ਰਹਿਆ ਭਰਪੂਰ" ਹੈ ਉਹ ਖੰਡੇ ਬਾਟੇ ਦੇ ਅੰਮ੍ਰਿਤ ਰਾਹੀਂ ਸਾਰੇ ਸੰਸਾਰ ਵਿਚ ਵਰਤਾ ਕੇ ਅਧਿਆਤਮਵਾਦ ਦਾ ਇਕ ਨਵਾਂ ਜੁਗ ਲਿਆਂਦਾ ਜਾ ਸਕਦਾ ਹੈ। ਮਿਸਾਲ ਦੇ ਤੌਰ ਤੇ ਜੇ ਹਿੰਦੋਸਤਾਨ ਦੇ ਲੋਕ ਗੁਰਬਾਣੀ ਵਿਚ ਦਿੱਤੇ ਜੁਗ ਪਲਟਾਊ ਸੰਦੇਸ਼ ਨੂੰ ਸੁਣ ਕੇ, ਮੰਨ ਕੇ ਤੇ ਅਮਲ ਵਿਚ ਲਿਆ ਕੇ, ਹਿੰਦੋਸਤਾਨ ਦੇ ਇਤਿਹਾਸ ਵਿਚ ਇਤਨਾ ਮਹਾਨ ਪਰਿਵਰਤਨ ਲਿਆ ਸਕਦੇ ਹਨ ਤਾਂ ਜੇ ਸਾਰੇ ਸੰਸਾਰ ਦੇ ਲੋਕਾਂ ਤਕ ਉਹ ਸੰਦੇਸ਼ ਗੁਰਬਾਣੀ ਦਾ ਪ੍ਰਚਾਰ ਕਰਕੇ ਪਹੁੰਚਾ ਦਿੱਤਾ ਜਾਵੇ ਤਾਂ ਉਹ ਇਸ 'ਤੇ ਅਮਲ ਕਰਕੇ ਸਾਰੇ ਸੰਸਾਰ ਵਿਚ ਵੀ ਇਕ ਨਿਰਾਲਾ ਹੀ ਪਰਿਵਰਤਨ ਲਿਆ ਸਕਦੇ ਹਨ। ਪਦਾਰਥਵਾਦ ਨੇ ਸੰਸਾਰ ਦੇ ਲੋਕਾਂ ਨੂੰ ਜਿਸ ਤਬਾਹੀ ਤੇ ਬਰਬਾਦੀ ਦੇ ਕਗਾਰ ਪਰ ਲਿਆ ਕੇ ਖੜ੍ਹਾ ਕਰ ਦਿੱਤਾ ਹੈ ਅਤੇ ਜਿਸ ਨੂੰ ਅਨੁਭਵ ਕਰਕੇ ਕੁਝ ਲੋਕ ਇਹ ਭਵਿੱਖ ਬਾਣੀਆਂ ਕਰਨ ਲੱਗ ਪਏ ਹਨ ਕਿ ਦੁਨੀਆਂ ਦਾ ਅੰਤ ਨੇੜੇ ਆ ਰਿਹਾ ਹੈ। ਉਹਨਾਂ ਨੂੰ



Sri Satguru Jagjit Singh Ji eLibrary NamdhariElibrary@gmail.com

ਗੁਰਬਾਣੀ ਦੇ ਪ੍ਰਚਾਰ ਰਾਹੀਂ ਇਹ ਸਮਝਾਇਆ ਜਾ ਸਕਦਾ ਹੈ ਕਿ ਨਿਰਾਸ਼ ਹੋਣ ਦੀ ਲੋੜ ਨਹੀਂ। ਸ੍ਰੀ ਗੁਰੂ ਨਾਨਕ ਦੇਵ ਜੀ ਆਸਾ ਦੀ ਵਾਰ (ਜਿਸ ਨੂੰ ਸਿੱਖ ਹਰ ਰੋਜ਼ ਗੁਰਦੁਆਰਿਆਂ ਵਿਚ ਗਾਉਂਦੇ ਹਨ) ਵਿਚ ਫੁਰਮਾਉਂਦੇ ਹਨ:

**ਨਾਨਕ ਜੰਤ ਉਪਾਇ ਕੈ ਸੰਮਾਲੇ ਸਭਨਾਹ॥**
**ਜਿਨਿ ਕਰਤੈ ਕਰਣਾ ਕੀਆ ਚਿੰਤਾ ਭਿ ਕਰਣੀ ਤਾਹ॥**
**ਸੋ ਕਰਤਾ ਚਿੰਤਾ ਕਰੇ ਜਿਨਿ ਉਪਾਇਆ ਜਗੁ॥**
**ਤਿਸੁ ਜੋਹਾਰੀ ਸੁਅਸਤਿ ਤਿਸੁ ਤਿਸੁ ਦੀਬਾਣੁ ਅਭਗੁ॥** (ਪੰਨਾ ੪੬੭)

ਭਾਵ ਜਿਸ ਕਰਤਾ ਪੁਰਖ ਨੇ ਇਸ ਸੰਸਾਰ ਦੀ ਰਚਨਾ ਕੀਤੀ ਹੈ, ਉਹ ਹੀ ਇਸ ਦੀ ਸੰਭਾਲ ਕਰ ਰਿਹਾ ਹੈ। ਉਸ ਦੇ ਹੁਕਮ ਤੋਂ ਬਿਨਾਂ ਕੋਈ ਵੀ ਸ਼ਕਤੀ ਇਸ ਨੂੰ ਖ਼ਤਮ ਨਹੀਂ ਕਰ ਸਕਦੀ। ਗੁਰਬਾਣੀ ਦੀ ਖੋਜ ਕਰਨ ਤੋਂ ਇਹ ਸੋਝੀ ਮਿਲਦੀ ਹੈ ਕਿ ਇਕ ਖਿਨ ਵਿਚ ਉਹ ਇਸ ਨੂੰ ਮਿਟਾ ਕੇ ਇਸ ਦੀ ਥਾਂ ਨਵੇਂ ਸੰਸਾਰ ਦੀ ਰਚਨਾ ਕਰ ਸਕਦਾ ਹੈ:

**ਖਿਨ ਮਹਿ ਥਾਪਿ ਉਥਾਪਨਹਾਰਾ॥**
**ਅੰਤੁ ਨਹੀ ਕਿਛੁ ਪਾਰਾਵਾਰਾ॥** (ਪੰਨਾ ੨੭੬)

SIKHBOOKCLUB.COM

ਜਿਨ੍ਹਾਂ ਮਹਾਂਪੁਰਖਾਂ ਨੂੰ ਸਿਮਰਨ ਭਜਨ ਕਰਕੇ ਅਤੇ ਉਸ ਕਰਤਾ ਪੁਰਖ ਤੋਂ ਸੱਚੀ ਪ੍ਰੀਤਿ ਦਾ ਪਿਰਮ ਪਿਆਲਾ ਪ੍ਰਾਪਤ ਹੋ ਗਿਆ, ਉਨ੍ਹਾਂ ਨੂੰ ਗੁਰਬਾਣੀ ਦੀ ਜੁਗ ਪਲਟਾਊ ਸ਼ਕਤੀ ਉੱਤੇ ਪੂਰਨ ਵਿਸ਼ਵਾਸ ਹੈ। ਉਹ ਜਾਣਦੇ ਹਨ ਕਿ ਉਹ ਸਮਾਂ ਹੁਣ ਬਹੁਤ ਦੂਰ ਨਹੀਂ ਜਦੋਂ ਗੁਰਬਾਣੀ ਦਾ ਇਹ ਸੰਦੇਸ਼ ਦੁਨੀਆਂ ਦੇ ਕੋਨੇ ਕੋਨੇ ਤਕ ਪਹੁੰਚਾ ਦਿੱਤਾ ਜਾਵੇਗਾ। ਸਾਇੰਸ ਦੀਆਂ ਨਵੀਆਂ ਖੋਜਾਂ ਨੇ ਤਕਨਾਲੋਜੀ ਦੁਆਰਾ ਸੰਚਾਰ ਸਾਧਨਾਂ ਰਾਹੀਂ ਪ੍ਰਚਾਰ ਦੇ ਜੋ ਨਵੇਂ ਸਾਧਨ ਉਪਲੱਬਧ ਕਰਾ ਦਿੱਤੇ ਹਨ। ਉਨ੍ਹਾਂ ਰਾਹੀਂ ਜੇ ਟੀ.ਵੀ. ਦਾ ਇਕ ਆਪਣਾ ਤੇ ਨਵਾਂ ਚੈਨਲ ਕਾਇਮ ਕੀਤਾ ਜਾਵੇ ਜਿਸ ਤੋਂ ਚੌਵੀ ਘੰਟੇ ਹੀ ਗੁਰਬਾਣੀ ਦਾ ਕੀਰਤਨ ਤੇ ਕਥਾ ਰੀਲੇਅ ਹੁੰਦੀ ਰਹੇ ਅਤੇ ਉਸ ਨੂੰ ਸਾਰੇ ਸੰਸਾਰ ਦੇ ਲੋਕ ਜਦੋਂ ਜੀ ਚਾਹੇ ਵੇਖ ਸਕਣ, ਤਾਂ ਗੁਰਬਾਣੀ ਦਾ ਚਾਨਣ ਸਾਰੇ ਸੰਸਾਰ ਵਿਚ ਬਹੁਤ ਛੇਤੀ ਫੈਲਾਇਆ ਜਾ ਸਕਦਾ ਹੈ।

ਇਸ ਦੇ ਨਾਲ ਨਾਲ ਸ੍ਰੀ ਅੰਮ੍ਰਿਤਸਰ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਇਕ ਪੂਰੀ ਪਾਵਰ ਵਾਲਾ ਰੇਡੀਓ ਸਟੇਸ਼ਨ ਵੀ ਕਾਇਮ ਕੀਤਾ ਜਾ ਸਕਦਾ ਹੈ ਜੋ ਸਾਰੇ ਸੰਸਾਰ ਵਿਚ ਸੁਣਿਆ ਜਾ ਸਕੇ। ਇਨ੍ਹਾਂ ਦੋਹਾਂ ਸਾਧਨਾਂ



Sri Satguru Jagjit Singh Ji eLibrary NamdhariElibrary@gmail.com

ਰਾਹੀਂ ਗੁਰਬਾਣੀ ਦਾ ਪ੍ਰਚਾਰ ਇਸ ਢੰਗ ਨਾਲ ਕੀਤਾ ਜਾ ਸਕਦਾ ਹੈ ਜਿਸ ਤੋਂ ਸਾਰੀ ਮਨੁੱਖਤਾ ਲਾਭ ਉਠਾ ਸਕਦੀ ਹੈ।

ਇਹੋ ਜਿਹੇ ਉਪਰਾਲੇ ਕਰਨ ਲਈ ਸਿੱਖਾਂ ਦੀਆਂ ਸਾਰੀਆਂ ਜਥੇਬੰਦੀਆਂ ਨੂੰ ਸਾਰੇ ਮਤਭੇਦ ਭੁਲਾ ਕੇ ਤੇ ਇਕਮੁੱਠ ਹੋ ਕੇ ਇਕੋ ਆਦਰਸ਼ ਉੱਤੇ ਆਪਣਾ ਸਾਰਾ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ ਕਿ ਗੁਰਬਾਣੀ ਦਾ ਪ੍ਰਚਾਰ ਸਾਰੇ ਸੰਸਾਰ ਵਿਚ ਕਰਨਾ ਉਨ੍ਹਾਂ ਦਾ ਮੁੱਖ ਫ਼ਰਜ਼ ਹੈ। ਸਿੱਖ ਜਥੇਬੰਦੀਆਂ ਨੂੰ ਆਪਸ ਵਿਚ ਟਕਰਾਉ ਤੋਂ ਬਚ ਕੇ, ਸਾਰਾ ਧਿਆਨ ਗੁਰਬਾਣੀ ਦੇ ਪ੍ਰਚਾਰ ਵੱਲ ਹੀ ਦੇਣਾ ਚਾਹੀਦਾ ਹੈ। ਇਸੇ ਤਰ੍ਹਾਂ ਸਿੱਖ ਲੇਖਕਾਂ ਤੇ ਵਿਦਵਾਨਾਂ ਨੂੰ ਵੀ ਐਸੀਆਂ ਪੁਸਤਕਾਂ ਲਿਖਣ ਤੋਂ ਸੰਕੋਚ ਕਰਨਾ ਚਾਹੀਦਾ ਹੈ ਜਿਹੜੀਆਂ ਸਿੱਖਾਂ ਦੀ ਮਾਨਸਿਕਤਾ ਉੱਤੇ ਬੁਰਾ ਅਸਰ ਪਾ ਕੇ ਉਨ੍ਹਾਂ ਨੂੰ ਵਿਚਾਰਧਾਰਾ ਦੇ ਪੱਖ ਤੋਂ ਖੇਰੂੰ ਖੇਰੂੰ ਕਰਦੀਆਂ ਹੋਣ ਅਤੇ "ਇਕਾ ਬਾਣੀ ਇਕ ਗੁਰ ਇਕੋ ਸ਼ਬਦ ਵਿਚਾਰ" ਦੇ ਸਿੱਧਾਂਤ ਉੱਤੇ ਅਮਲ ਕਰਨ ਤੋਂ ਰੋਕਦੀਆਂ ਹੋਣ।

ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨੇ ਸੋਰਠ ਦੀ ਵਾਰ ਵਿਚ ਉਪਰ ਲਿਖਿਆ ਮਹਾਂਵਾਕ ਲਿਖ ਕੇ ਸਮਝਾਇਆ ਹੈ ਕਿ ਜੇ ਗੁਰਬਾਣੀ ਇਕ ਹੈ ਤੇ ਸਤਿਗੁਰੂ ਸੱਚਾ ਪਾਤਿਸ਼ਾਹ **ਸ੍ਰੀ ਗੁਰੂ ਗ੍ਰੰਥ ਸਾਹਿਬ** ਇਕ ਹੈ ਅਤੇ ਜੇ ਗੁਰਬਾਣੀ ਦੀ ਗੰਭੀਰਤਾ ਨਾਲ ਵਿਚਾਰ ਕੀਤੀ ਜਾਵੇ ਤਾਂ ਉਹ ਇਕੋ ਵਿਚਾਰਧਾਰਾ ਨੂੰ ਅਪਨਾਉਣ ਦਾ ਹੀ ਸੰਦੇਸ਼ ਦਿੰਦੀ ਹੈ ਤਾਂ ਸਿਖ ਵਿਦਵਾਨ ਇਹੋ ਜਿਹੀਆਂ ਪੁਸਤਕਾਂ ਕਿਉਂ ਲਿਖ ਰਹੇ ਹਨ ਜਿਹੜੀਆਂ ਉਨ੍ਹਾਂ ਨੂੰ ਇਕਸੁਰ ਹੋ ਕੇ ਇਕੋ ਪਿਆਰ ਦੀ ਲੜੀ ਵਿਚ ਪਰੋਏ ਜਾਣ ਤੋਂ ਰੋਕਦੀਆਂ ਹਨ। ਜੇ ਸਿੱਖ ਵਿਦਵਾਨ, ਸਿੱਖ ਪ੍ਰਚਾਰਕ, ਸਿੱਖ ਸੰਪਰਦਾਵਾਂ ਦੇ ਮੁਖੀ ਗੁਰਬਾਣੀ ਤੋਂ ਤੱਤ ਗਿਆਨ ਪ੍ਰਾਪਤ ਕਰ ਲੈਣ ਤਾਂ ਉਨ੍ਹਾਂ ਨੂੰ ਪਤਾ ਲੱਗੇਗਾ ਕਿ ਗੁਰਬਾਣੀ ਤਾਂ ਸਾਰੀ ਮਾਨਵਤਾ ਨੂੰ ਇਕ ਪਿਆਰ ਦੀ ਲੜੀ ਵਿਚ ਪਰੋਣ ਦਾ ਸੰਦੇਸ਼ ਦੇ ਰਹੀ ਹੈ, ਫਿਰ ਸਿੱਖ ਕਿਉਂ ਗੁਰਬਾਣੀ ਦੇ ਇਸ ਸਿੱਧਾਂਤ ਦੇ ਉਲਟ ਚੱਲ ਰਹੇ ਹਨ:

**ਮਿਲਬੇ ਕੀ ਮਹਿਮਾ ਬਰਨਿ ਨ ਸਾਕਉ ਨਾਨਕ ਪਰੈ ਪਰੀਲਾ॥**

(ਪੰਨਾ ੪੯੮)

ਦੇ ਮਹਾਂਵਾਕ ਅਨੁਸਾਰ ਉਹ ਕਿਉਂ ਨਹੀਂ ਆਪਣੇ ਵਿਚ ਏਕਤਾ ਪੈਦਾ ਕਰਨ ਦਾ ਯਤਨ ਕਰਦੇ? ਕਿਉਂ ਨਹੀਂ ਸਾਰੇ ਇਕ ਮਤ ਹੋ ਕੇ ਗੁਰਬਾਣੀ ਦੇ ਪ੍ਰਚਾਰ ਵਿਚ ਜੁੱਟ ਜਾਂਦੇ? ਇਸ ਵੇਲੇ ਸੰਸਾਰ ਦੇ ਸਾਰੇ ਦੇਸ਼ਾਂ ਵਿਚ ਲੱਖਾਂ ਹੀ ਗੁਰਦੁਆਰੇ



Sri Satguru Jagjit Singh Ji eLibrary NamdhariElibrary@gmail.com

ਬਣ ਚੁੱਕੇ ਹਨ ਤੇ ਬੜੀ ਤੇਜ਼ੀ ਨਾਲ ਨਵੇਂ ਤੋਂ ਨਵੇਂ ਬਣ ਰਹੇ ਹਨ। ਇਨ੍ਹਾਂ ਸਾਰਿਆਂ ਨੂੰ ਵੀ ਇਕੋ ਮਰਯਾਦਾ ਅਤੇ ਇਕੋ ਗੁਰਮਤਿ ਵਿਚਾਰਧਾਰਾ ਦੀ ਲੜੀ ਵਿਚ ਪਰੋ ਕੇ ਉਨ੍ਹਾਂ ਵਿਚ ਚੜ੍ਹ ਰਹੇ ਚੜ੍ਹਾਵੇ ਨੂੰ ਵੀ ਗੁਰਬਾਣੀ ਦੇ ਸਹੀ ਢੰਗ ਨਾਲ ਪ੍ਰਚਾਰਨ ਉੱਤੇ ਹੀ ਖ਼ਰਚ ਕਰਨਾ ਚਾਹੀਦਾ ਹੈ ਅਤੇ ਸਾਰੇ ਦੇਸ਼ਾਂ ਵਿਚ ਸਿੱਖ ਮਿਸ਼ਨਰੀ ਕਾਲਜ ਖੋਹਲ ਕੇ ਟਰੇਂਡ ਪ੍ਰਚਾਰਕ ਤੇ ਗ੍ਰੰਥੀ ਤਿਆਰ ਕਰਨੇ ਚਾਹੀਦੇ ਹਨ।

ਜੇ ਪ੍ਰਚਾਰ ਦੇ ਸਾਰੇ ਸਾਧਨ ਇਕਸੁਰ ਕਰਕੇ ਅਗਲੇ ਕੁਝ ਸਾਲਾਂ ਵਿਚ ਗੁਰਬਾਣੀ ਨੂੰ ਸਾਰੇ ਸੰਸਾਰ ਵਿਚ ਪ੍ਰਚਾਰਨ ਦੇ ਇਕੋ ਮੁੱਦੇ ਉੱਤੇ ਕੇਂਦਰਿਤ ਕਰ ਦਿੱਤੇ ਜਾਣ ਤਾਂ ਦੁਨੀਆਂ ਦੇ ਕੋਨੇ ਕੋਨੇ ਵਿਚ ਗੁਰਬਾਣੀ ਦਾ ਚਾਨਣ ਫੈਲਾਇਆ ਜਾ ਸਕਦਾ ਹੈ ਅਤੇ ਸਰਬੱਤ ਦੇ ਭਲੇ ਦੇ ਸਿੱਧਾਂਤ ਨੂੰ ਅਮਲੀ ਰੂਪ ਦੇ ਕੇ ਸਾਰੇ ਮਨੁੱਖੀ ਸਮਾਜ ਨੂੰ ਨਵਾਂ ਰੂਪ ਦਿੱਤਾ ਜਾ ਸਕਦਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ੧੬੯੯ ਦੀ ਵੈਸਾਖੀ ਦੇ ਮਹਾਨ ਗੁਰਪੁਰਬ ਦੇ ਅਵਸਰ ਉੱਤੇ ਜੋ ਅਲੌਕਿਕ ਕ੍ਰਿਸ਼ਮਾ ਕਰਕੇ ਸਾਰੀ ਮਨੁੱਖਤਾ ਨੂੰ

**ਦ੍ਵੈ ਤੇ ਏਕ ਰੂਪ ਹ੍ਵੈ ਗਯੋ**

SIKHBOOKCLUB.COM

ਦਾ ਮਹਾਨ ਸੰਦੇਸ਼ ਦਿੱਤਾ ਸੀ ਉਹ ਬੇਮਿਸਾਲ ਹੈ। ਉਸ ਦੀ ਸੰਸਾਰ ਦੇ ਇਤਿਹਾਸ ਵਿਚੋਂ ਹੋਰ ਕੋਈ ਮਿਸਾਲ ਨਹੀਂ ਮਿਲਦੀ। ਉਸ ਕਰਿਸ਼ਮੇ ਰਾਹੀਂ ਸਤਿਗੁਰੂ ਜੀ ਨੇ "ਜੈਸਾ ਸੇਵੈ ਤੈਸੋ ਹੋਇ" ਦੇ ਸਿੱਧਾਂਤ ਉੱਤੇ ਸਹੀ ਰੂਪ ਵਿਚ ਅਮਲ ਕਰਕੇ ਅਤੇ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰਕੇ ਸਿੰਘਾਂ ਨੂੰ ਆਪਣਾ ਰੂਪ ਤੇ ਖਾਲਸਾ ਪਦ ਵੀ ਦੇ ਕੇ ਉਨ੍ਹਾਂ ਨੂੰ ਗੁਰੂ ਪਦਵੀ ਪ੍ਰਦਾਨ ਕਰ ਦਿੱਤੀ। ਪਹਿਲੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਇਆ ਅਤੇ ਫਿਰ ਉਨ੍ਹਾਂ ਪਾਸੋਂ ਖ਼ੁਦ ਅੰਮ੍ਰਿਤ ਦੀ ਦਾਤ ਮੰਗ ਕੇ "ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ" ਦਾ ਇਕ ਬੇਮਿਸਾਲ ਸਿੱਧਾਂਤ ਕਾਇਮ ਕੀਤਾ। ਇਸ ਦ੍ਰਿਸ਼ ਨੂੰ ਵਰਣਨ ਕਰਦੀ ਦਾਸ ਦੀ ਇਕ ਰੁਬਾਈ ਪੇਸ਼ ਹੈ:

**ਦਸ਼ਮੇਸ਼ ਜੀ ਨੇ ਕੌਮ ਦੀ ਤਕਦੀਰ ਬਦਲ ਦਿੱਤੀ॥**
**ਕਲਗੀਧਰ ਨੇ ਸਿੱਖਾਂ ਦੀ ਤਸਵੀਰ ਬਦਲ ਦਿੱਤੀ॥**
**ਪੂਰੇ ਗੁਰੂ ਨੇ ਅਪਨੇ ਪਿਆਰਿਆਂ ਨੂੰ ਅੰਮ੍ਰਿਤ ਦੀ ਦਾਤ ਦੇ ਕੇ॥**
**ਕਾਇਰਾਂ ਤੇ ਬੁਜ਼ਦਿਲਾਂ ਦੀ ਜ਼ਮੀਰ ਬਦਲ ਦਿੱਤੀ॥**



Sri Satguru Jagjit Singh Ji eLibrary NamdhariElibrary@gmail.com

ਉਸ ਅਲੌਕਿਕ ਕ੍ਰਿਸ਼ਮੇ ਰਾਹੀਂ ਸਤਿਗੁਰੂ ਜੀ ਨੇ ਪ੍ਰਭੂ, ਗੁਰੂ ਤੇ ਸਿੱਖ ਤਿੰਨਾਂ ਨੂੰ ਅਭੇਦ ਕਰ ਦਿੱਤਾ। ਇਸ ਪ੍ਰਥਾਇ ਉਨ੍ਹਾਂ ਨੇ ਖ਼ੁਦ ਹੀ ਫ਼ੁਰਮਾਇਆ ਹੈ:

**ਆਤਮ ਰਸ ਜਿਹ ਜਾਨਹੀ ਸੋਹੈ ਖਾਲਸ ਦੇਵ॥**
**ਪ੍ਰਭ ਮਹਿ, ਮੋ ਮਹਿ, ਤਾਸ ਮਹਿ ਰੰਚਕ ਨਾਹਨ ਭੇਵ॥**

ਖਾਲਸੇ ਦੀ ਮਹਿਮਾ ਦਾ ਵਰਣਨ ਕਰਦੇ ਹੋਏ ਸਤਿਗੁਰੂ ਜੀ ਨੇ ਫ਼ੁਰਮਾਇਆ ਹੈ:

**ਖਾਲਸਾ ਮੇਰੋ ਧਰਮ ਅਰ ਕਰਮ॥ ਖਾਲਸਾ ਮੇਰੋ ਭੇਦ ਨਿਜ ਮਰਮ॥**
**ਖਾਲਸਾ ਮੇਰੋ ਸਤਿਗੁਰ ਪੂਰਾ॥ ਖਾਲਸਾ ਮੇਰੋ ਸਾਜਨ ਸੂਰਾ॥...**
**ਯਾ ਮੈ ਰੰਚ ਨ ਮਿਥਿਆ ਭਾਖੀ॥ ਪਾਰਬ੍ਰਹਮ ਗੁਰ ਨਾਨਕ ਸਾਖੀ॥**

ਸੰਸਾਰ ਦੇ ਸਾਰੇ ਧਰਮਾਂ ਦੇ ਇਤਿਹਾਸ ਵਿਚੋਂ ਇਸ ਦੀ ਕੋਈ ਮਿਸਾਲ ਨਹੀਂ ਮਿਲਦੀ ਕਿ ਕਿਸੇ ਪੀਰ ਪੈਗ਼ੰਬਰ ਜਾਂ ਅਵਤਾਰ ਨੇ ਆਪਣੇ ਸ਼ਰਧਾਲੂਆਂ ਨੂੰ ਆਪਣੇ ਨਾਲੋਂ ਉੱਚੀ ਪਦਵੀ ਦੇ ਕੇ ਨਿਵਾਜਿਆ ਹੋਵੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਤਾਂ ਸਿੱਖ ਨੂੰ ਗੁਰੂ ਹੀ ਨਹੀਂ ਬਣਾਇਆ ਸਗੋਂ ਉਸ ਨੂੰ ਪਰਮਾਤਮਾ ਵਿਚ ਅਭੇਦ ਕਰਕੇ ਉਸ ਨੂੰ ਪਰਮਾਤਮਾ ਦਾ ਰੂਪ ਹੀ ਬਣਾ ਦਿੱਤਾ। ਗੁਰਬਾਣੀ ਵਿਚ ਸਤਿਗੁਰੂ ਜੀ ਦੇ ਇਸ ਕ੍ਰਿਸ਼ਮੇ ਦੀ ਅਟੱਲ ਸੱਚਾਈ ਨੂੰ ਇਸ ਤਰ੍ਹਾਂ ਬਿਆਨ ਕੀਤਾ ਗਿਆ ਹੈ:

SIKHBOOKCLUB.COM

**ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥**
**ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥**

(ਪੰਨਾ ੭੪੯)

ਭਾਈ ਗੁਰਦਾਸ ਸਿੰਘ ਜੀ ਜੋ ਦਸਮੇਸ਼ ਜੀ ਦੇ ਬਵੰਜਾ ਕਵੀਆਂ ਵਿਚੋਂ ਸਨ ਸਤਿਗੁਰੂ ਜੀ ਦੇ ਖ਼ਾਲਸਾ ਪੰਥ ਦੀ ਸਿਰਜਨਾ ਦੇ ਉਪਰ ਲਿਖੇ ਅਲੌਕਿਕ ਕ੍ਰਿਸ਼ਮੇ ਬਾਰੇ ਲਿਖਦੇ ਹਨ:

**ਪ੍ਰਾਨ ਮੀਤ ਪਰਮਾਤਮਾ ਪੁਰਖੋਤਮ ਪੂਰਾ॥**
**ਪੋਖਨਹਾਰਾ ਪਾਤਿਸਾਹ, ਹੈ ਪ੍ਰਤਿਪਾਲਨ ਊਚਾ॥**
**ਪਤਿਤ ਉਧਾਰਨ ਪ੍ਰਾਨਪਤਿ, ਸਦ ਸਦਾ ਹਜ਼ੂਰਾ॥**
**ਵਹਿ ਪ੍ਰਗਟਿਓ ਪੁਰਖ ਭਗਵੰਤ ਰੂਪ, ਗੁਰ ਗੋਬਿੰਦ ਸੂਰਾ**
**ਅਨਦ ਬਿਨੋ ਦੀ ਜੀਅ ਜਪਿ, ਸਚੁ ਸਚੀ ਵੇਲਾ॥**
**ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ॥**
**ਉਹ ਗੁਰੁ ਗੋਬਿੰਦ ਹੁਇ ਪ੍ਰਗਟਿਆ ਦਸ ਮੇਂ ਅਵਤਾਰਾ॥**
**ਜਿਨ ਅਲਖ ਅਕਾਲ ਨਿਰੰਜਨਾ ਜਪਿਓ ਕਰਤਾਰਾ॥**



Sri Satguru Jagjit Singh Ji eLibrary NamdhariElibrary@gmail.com

**ਨਿਜ ਪੰਥ ਚਲਾਇਓ ਖਾਲਸਾ ਧਰ ਤੇਜ ਕਰਾਰਾ॥**
**ਸਿਰ ਕੇਸ ਧਾਰਿ ਮਹਿ ਖੜਗ ਕੋ ਸਭ ਦੁਸਟ ਪਛਾਰਾ॥**
**ਗੁਰਬਰ ਅਕਾਲ ਕੇ ਹੁਕਮ ਸੇ ਉਪਜਿਓ ਬਿਗਿਆਨਾ॥**
**ਤਬ ਸਹਿਜੇ ਰਚਿਓ ਖਾਲਸਾ ਸਾਬਤ ਮਰਦਾਨਾ॥**

ਭਾਈ ਸਾਹਿਬ ਭਾਈ ਗੁਰਦਾਸ ਸਿੰਘ ਜੀ ਨੇ ਆਪਣੀ ੪੧ਵੀਂ ਵਾਰ ਵਿਚ ਜੋ ਇਤਿਹਾਸਕ ਸੱਚਾਈ ਬਿਆਨ ਕੀਤੀ ਹੈ ਉਸ ਤੋਂ ਪਿੱਛੋਂ ਇਸ ਤੱਥ ਨੂੰ ਸਾਬਤ ਕਰਨ ਵਾਸਤੇ ਹੋਰ ਕਿਸੇ ਪ੍ਰਮਾਣ ਦੀ ਲੋੜ ਹੀ ਨਹੀਂ ਰਹਿ ਜਾਂਦੀ ਕਿ ਪੂਰੇ ਪ੍ਰਭੂ ਦੇ ਹੁਕਮ ਅਨੁਸਾਰ ਹੀ ਪੂਰੇ ਗੁਰੂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰਕੇ ਖ਼ਾਲਸਾ ਪੰਥ ਦੀ ਸਿਰਜਨਾ ਕੀਤੀ ਅਤੇ ਸਾਰੀ ਮਾਨਵਤਾ ਨੂੰ "ਦ੍ਵੈ ਤੇ ਏਕ ਰੂਪ ਹ੍ਵੈ ਗਯੋ" ਦਾ ਭੇਦ ਸਮਝਾ ਕੇ ਸਾਰੇ ਸੰਸਾਰ ਦੇ ਉਧਾਰ ਦਾ ਧੁਰਵਾ ਬੰਨਿਆ। "ਸਰਬੱਤ ਦਾ ਭਲਾ" ਦੇ ਸਿੱਧਾਂਤ ਉੱਤੇ ਸਹੀ ਅਰਥਾਂ ਵਿਚ ਅਮਲ ਕਰਕੇ ਹਰੇਕ ਮਨੁੱਖ ਨੂੰ ਆਪਣੇ ਅਸਲੇ ਵਿਚ ਅਭੇਦ ਹੋਣ ਦਾ ਅਵਸਰ ਪ੍ਰਦਾਨ ਕੀਤਾ।

ਬਚਿਤ੍ਰ ਨਾਟਕ ਵਿਚ ਪੂਰੇ ਗੁਰੂ ਨੇ ਜੋ "ਅਬ ਮੈ ਅਪਨੀ ਕਥਾ ਬਖਾਨੋ" ਦੁਆਰਾ ਆਪਣੀ ਜੀਵਨ-ਗਾਥਾ ਆਪ ਬਿਆਨ ਕੀਤੀ ਹੈ, ਉਸ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਉਸ ਅਕਾਲ ਪੁਰਖ ਨੇ ਆਪਣੇ ਹੁਕਮ ਅਨੁਸਾਰ ਹੀ ਪੂਰੇ ਗੁਰੂ ਨੂੰ ਖ਼ਾਲਸਾ ਪੰਥ ਦੀ ਸਿਰਜਨਾ ਦਾ ਮਹਾਨ ਕਾਰਜ ਸੰਪੂਰਨ ਕਰਨ ਵਾਸਤੇ ਇਸ ਸੰਸਾਰ ਵਿਚ ਭੇਜਿਆ:

SIKHBOOKCLUB.COM

**ਮੈ ਅਪਨਾ ਸੁਤ ਤੋਹਿ ਨਿਵਾਜਾ॥ ਪੰਥ ਪਰਚੁਰ ਕਰਬੇ ਕੋ ਸਾਜਾ॥**
**ਜਹਾ ਤਹਾ ਤੁਮ ਧਰਮ ਬਿਥਾਰੋ॥ ਦੁਸਟ ਦੋਖੀਅਨ ਪਕਰ ਪਛਾਰੋ॥**

ਇਸ ਇਤਿਹਾਸਕ ਸੱਚਾਈ ਨੂੰ ਸਾਬਤ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰ ਬਾਣੀ ਵਿਚੋਂ ਅਨੇਕ ਪ੍ਰਮਾਣ ਮਿਲਦੇ ਹਨ:

**ਗੁਰਿ ਪੂਰੈ ਮੇਰੀ ਰਾਖਿ ਲਈ॥**
**ਅੰਮ੍ਰਿਤ ਨਾਮੁ ਰਿਦੇ ਮਹਿ ਦੀਨੋ ਜਨਮ ਜਨਮ ਕੀ ਮੈਲੁ ਗਈ॥ ਰਹਾਉ॥**
**ਨਿਵਰੇ ਦੂਤ ਦੁਸਟ ਬੈਰਾਈ ਗੁਰ ਪੂਰੇ ਕਾ ਜਪਿਆ ਜਾਪੁ॥**
**ਕਹਾ ਕਰੈ ਕੋਈ ਬੇਚਾਰਾ ਪ੍ਰਭ ਮੇਰੇ ਕਾ ਬਡ ਪਰਤਾਪੁ॥**
**ਸਿਮਰਿ ਸਿਮਰਿ ਸਿਮਰਿ ਸੁਖੁ ਪਾਇਆ ਚਰਨ ਕਮਲ ਰਖੁ ਮਨ ਮਾਹੀ॥**
**ਤਾ ਕੀ ਸਰਨਿ ਪਰਿਓ ਨਾਨਕ ਦਾਸੁ ਜਾ ਤੇ ਊਪਰਿ ਕੋ ਨਾਹੀ॥**

(ਪੰਨਾ ੮੨੩-੨੪)



Sri Satguru Jagjit Singh Ji eLibrary NamdhariElibrary@gmail.com

ਭਾਈ ਸਾਹਿਬ ਭਾਈ ਗੁਰਦਾਸ ਜੀ ਵੀ ਪੂਰੇ ਗੁਰੂ ਦੀ ਮਹਿਮਾ ਦਾ ਵਰਣਨ ਕਰਦੇ ਹੋਏ ਫੁਰਮਾਉਂਦੇ ਹਨ:

**ਪੂਰਾ ਸਤਿਗੁਰ ਜਾਣੀਐ ਪੂਰੇ ਪੂਰਾ ਥਾਟ ਬਣਾਇਆ॥**
**ਪੂਰੇ ਪੂਰਾ ਸਾਧ ਸੰਗੁ ਪੂਰੇ ਪੂਰਾ ਮੰਤ੍ਰ ਦ੍ਰਿੜਾਇਆ॥**
**ਪੂਰੇ ਪੂਰਾ ਪਿਰਮ ਰਸ ਪੂਰਾ ਗੁਰਮੁਖਿ ਪੰਥ ਚਲਾਇਆ॥**
**ਪੂਰੇ ਪੂਰਾ ਦਰ ਸਣੋ ਪੂਰੇ ਪੂਰਾ ਸਬਦੁ ਸੁਣਾਇਆ॥**
**ਪੂਰੇ ਪੂਰਾ ਬਹਿਣਾ ਪੂਰੇ ਪੂਰਾ ਤਖਤ ਰਚਾਇਆ॥**
**ਸਾਧ ਸੰਗਤਿ ਸਚਖੰਡ ਹੈ ਭਗਤ ਵਛਲ ਹੋਇ ਵਸਗਤਿ ਆਇਆ॥**
**ਸਾਧ ਸੰਗਤਿ ਸਚਨਾਉ ਗੁਰ ਗਿਆਨ ਧਿਆਨ ਸਿਖਾਂ ਸਮਝਾਇਆ॥**
**ਗੁਰ ਚੇਲੇ ਪਰਚਾ ਪਰਚਾਇਆ॥**

ਪੂਰੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੀ ਪੂਰੇ ਸ੍ਰੀ ਗੁਰੂ ਹਰਿਗੋਬਿੰਦ ਜੀ ਮਹਾਰਾਜ ਦੇ ਰੂਪ ਵਿਚ "ਪੂਰੇ ਪੂਰਾ ਤਖਤ ਰਚਾਇਆ" ਦੇ ਕਥਨ ਅਨੁਸਾਰ ਸ੍ਰੀ ਅਕਾਲ ਤਖ਼ਤ ਦੀ ਰਚਨਾ ਕੀਤੀ ਅਤੇ ਪੂਰੇ ਗੁਰੂ ਦੇ ਦਸਵੇਂ ਰੂਪ ਵਿਚ ਖਾਲਸਾ ਪੰਥ ਦੀ ਸਿਰਜਨਾ ਕੀਤੀ। ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਸਲੋਕ ਵਾਰਾਂ ਤੇ ਵਧੀਕ ਵਿਚ ਫੁਰਮਾਉਂਦੇ ਹਨ:

SIKHBOOKCLUB.COM

**ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ॥**
**ਨਾਨਕ ਗੁਰਮੁਖਿ ਐਸਾ ਜਾਣੈ ਪੂਰੇ ਮਾਂਹਿ ਸਮਾਂਹੀ॥** (ਪੰਨਾ ੧੪੧੨)

**ਸ੍ਰੀ ਗੁਰੂ ਗ੍ਰੰਥ ਸਾਹਿਬ** ਦੀ ਪਵਿੱਤਰ ਬਾਣੀ ਵਿਚੋਂ ਪੂਰੇ ਗੁਰੂ ਦੀ ਮਹਿਮਾ ਦੇ ਅਨੇਕ ਪ੍ਰਮਾਣ ਦਿੱਤੇ ਜਾ ਸਕਦੇ ਹਨ ਜਿਨ੍ਹਾਂ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਪੂਰਾ ਗੁਰੂ ਜਿਸ ਸਿੱਖ ਉੱਤੇ ਮਿਹਰ ਦੀ ਨਦਰਿ ਕਰ ਦਿੰਦਾ ਹੈ ਉਸ ਨੂੰ ਊਰੇ ਤੋਂ ਪੂਰਾ ਕਰ ਦਿੰਦਾ ਹੈ। ਮਲਾਰ ਦੀ ਵਾਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਫੁਰਮਾਉਂਦੇ ਹਨ:

**ਪੂਰੈ ਕਰਮਿ ਧਿਆਇ ਪੂਰਾ ਸਬਦੁ ਮੰਨਿ ਵਸਾਇਆ॥** (ਪੰਨਾ ੧੨੮੬)

ਭਾਵ ਜਦੋਂ ਪੂਰੇ ਗੁਰੂ ਨੇ ਬਖਸ਼ਿਸ਼ ਕਰ ਦਿੱਤੀ ਤਾਂ ਪੂਰੇ ਗੁਰੂ ਦਾ ਸ਼ਬਦ ਮਨ ਵਿਚ ਵਸਿ ਗਿਆ ਤੇ ਉਸਨੇ ਸਿੱਖ ਨੂੰ ਪੂਰੇ ਗੁਰੂ ਵਿਚ ਅਭੇਦ ਕਰ ਦਿੱਤਾ। ਗੁਰੂ ਤੇ ਸਿੱਖ ਦੋਹਾਂ ਤੋਂ ਇਕ ਹੋ ਗਏ। ਇਹ "ਦ੍ਵੈ ਤੇ ਏਕ ਰੂਪ ਹ੍ਵੈ ਗਯੋ" ਦਾ ਅਲੌਕਿਕ ਕ੍ਰਿਸ਼ਮਾ ਕਿਵੇਂ ਹੋਇਆ? ਇਸ ਦਾ ਪੂਰਾ ਵਿਸਥਾਰ ਸਤਿਗੁਰੂ ਜੀ ਨੇ ਇਸ ਤਰ੍ਹਾਂ ਬਿਆਨ ਕੀਤਾ ਹੈ:



Sri Satguru Jagjit Singh Ji eLibrary NamdhariElibrary@gmail.com

**ਪੂਰਾ ਸਤਿਗੁਰੁ ਸੇਵਿ ਪੂਰਾ ਪਾਇਆ॥**

**ਪੂਰੇ ਕਰਮਿ ਧਿਆਇ ਪੂਰਾ ਸਬਦੁ ਮੰਨਿ ਵਸਾਇਆ॥**

**ਪੂਰੇ ਗਿਆਨਿ ਧਿਆਨਿ ਮੈਲੁ ਚੁਕਾਇਆ॥** ......

**ਦਰਿ ਸਚੈ ਸਚਿਆਰੁ ਸਚਾ ਆਇਆ॥**

**ਪੂਛਿ ਨ ਸਕੈ ਕੋਇ ਜਾਂ ਖਸਮੈ ਭਾਇਆ॥**

**ਨਾਨਕ ਸਚੁ ਸਲਾਹਿ ਲਿਖਿਆ ਪਾਇਆ॥** (ਪੰਨਾ ੧੨੮੬)

ਜਿਨ੍ਹਾਂ ਨੂੰ ਪੂਰਾ ਗੁਰੂ ਮਿਲ ਗਿਆ, ਉਨ੍ਹਾਂ ਦਾ ਮਨੁੱਖਾ ਜਨਮ ਸਫ਼ਲ ਹੋ ਗਿਆ।

**ਪੂਰਾ ਸਤਿਗੁਰੁ ਭੇਟਿਆ ਸਫਲ ਜਨਮੁ ਹਮਾਰਾ॥**

**ਨਾਮੁ ਨਵੈ ਨਿਧਿ ਪਾਇਆ ਭਰੇ ਅਖੁਟ ਭੰਡਾਰਾ॥** (ਪੰਨਾ ੪੨੯)

ਇਸ ਸਾਰੀ ਵਿਚਾਰ ਤੋਂ ਸਿੱਟਾ ਇਹ ਨਿਕਲਦਾ ਹੈ ਕਿ ਜਦੋਂ ਪੂਰੇ ਗੁਰੂ ਦਸ਼ਮੇਸ਼ ਜੀ ਨੇ ਸਾਰੀ ਮਾਨਵਤਾ ਨੂੰ

**ਸਾਚੁ ਕਹੌਂ ਸੁਨਿ ਲੇਹੁ ਸਭੈ**

**ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥**

ਦਾ ਸੰਦੇਸ਼ ਦਿੱਤਾ ਤਾਂ ਜਿਹੜੇ ਸਿਖ ਆਪਣੇ ਗੁਰੂ ਨੂੰ ਸੱਚੇ ਦਿਲੋਂ ਪ੍ਰੇਮ ਕਰਦੇ ਸਨ ਉਨ੍ਹਾਂ ਨੇ SIKHBOOKCLUB.COM

**ਐਸਾ ਸਤਿਗੁਰੁ ਜੇ ਮਿਲੈ**

**ਤਿਸ ਨੋ ਸਿਰੁ ਸਉਪੀਐ ਵਿਚਹੁ ਆਪੁ ਜਾਇ॥** (ਪੰਨਾ ੬੨੧)

ਦੇ ਮਹਾਂਵਾਕ ਅਨੁਸਾਰ ਆਪਣੇ ਸੀਸ ਭੇਟ ਕਰ ਦਿੱਤੇ ਅਤੇ ਪੂਰੇ ਗੁਰੂ ਨੇ ਉਨ੍ਹਾਂ ਵਿਚੋਂ ਅਧੂਰਾਪਣ ਕੱਢ ਕੇ ਅਤੇ ਖੰਡੇ ਬਾਟੇ ਦਾ ਅੰਮ੍ਰਿਤ ਦੇ ਕੇ

**ਪੀ ਅੰਮ੍ਰਿਤੁ ਆਘਾਨਿਆ ਗੁਰਿ ਅਮਰੁ ਕਰਾਇਆ॥** (ਪੰਨਾ ੮੦੮)

ਦੇ ਮਹਾਂਵਾਕ ਅਨੁਸਾਰ ਉਨ੍ਹਾਂ ਨੂੰ ਅਮਰ ਕਰ ਦਿੱਤਾ ਅਤੇ ਉਨ੍ਹਾਂ ਨੂੰ ਹੋਰ ਸਿੱਖਾਂ ਨੂੰ ਅੰਮ੍ਰਿਤ ਛਕਾ ਕੇ ਅਮਰ ਕਰਨ ਦਾ ਪੂਰਨ ਅਧਿਕਾਰ ਵੀ ਬਖ਼ਸ਼ ਦਿੱਤਾ ਜਿਸ ਤੇ ਅਮਲ ਕਰਕੇ ਪੰਜ ਪਿਆਰੇ ਰਹਿੰਦੀ ਦੁਨੀਆ ਤਕ ਬੇਅੰਤ ਲੋਕਾਂ ਨੂੰ ਅਮਰ ਕਰਦੇ ਰਹਿਣਗੇ। ਇਹ ਅਦਭੁੱਤ ਕ੍ਰਿਸ਼ਮਾ ਕਰਕੇ ਪੂਰੇ ਗੁਰੂ ਨੇ "ਤੇਰਾ ਏਕੁ ਨਾਮੁ ਤਾਰੇ ਸੰਸਾਰੁ" ਦੀ ਅਪਾਰ ਸ਼ਕਤੀ ਦਾ ਪੂਰਨ ਪ੍ਰਗਟਾਵਾ ਕਰਕੇ ਇਸ ਸੱਚਾਈ ਉੱਤੇ ਮੋਹਰ ਲਾ ਦਿੱਤੀ ਕਿ **ਸ੍ਰੀ ਗੁਰੂ ਗ੍ਰੰਥ ਸਾਹਿਬ** ਦੀ ਪਵਿੱਤਰ ਬਾਣੀ ਵਿਚ ਜੋ ਨਾਮ ਅੰਮ੍ਰਿਤ ਮੌਜੂਦ ਹੈ ਉਸ ਦੀ ਸਹੀ ਢੰਗ ਨਾਲ ਵਰਤੋਂ ਕਰਕੇ ਸਾਰੇ ਸੰਸਾਰ ਦਾ ਉਧਾਰ ਹੋ ਸਕਦਾ ਹੈ।



Sri Satguru Jagjit Singh Ji eLibrary NamdhariElibrary@gmail.com

# ਮੀਰੀ ਤੇ ਪੀਰੀ ਦਾ ਵਿਲੱਖਣ ਸਿੱਧਾਂਤ

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਰਚਨਾ ਤੋਂ ਪਹਿਲਾਂ ਸਾਰੇ ਸੰਸਾਰ ਵਿਚ (੧) ਰੂਹਾਨੀਅਤ ਦਾ ਤਖ਼ਤ ਅਤੇ (੨) ਦੁਨਿਆਵੀ ਬਾਦਸ਼ਾਹਾਂ ਦੇ ਤਖ਼ਤ ਜੁਗਾਂ ਜੁਗਾਂਤਰਾਂ ਤੋਂ ਵੱਖ ਵੱਖ ਹੀ ਚਲਦੇ ਆਏ ਸਨ। ਮੀਰੀ ਪੀਰੀ ਦੇ ਸਿੱਧਾਂਤ ਅਨੁਸਾਰ ਦੋਹਾਂ ਪ੍ਰਕਾਰ ਦੇ ਤਖ਼ਤਾਂ ਨੂੰ ਸ੍ਰੀ ਅਕਾਲ ਤਖ਼ਤ ਦੇ ਰੂਪ ਵਿਚ ਇਕ ਕਰਨਾ ਸੰਸਾਰ ਦੇ ਇਤਿਹਾਸ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਇਕ ਬਹੁਤ ਹੀ ਅਦਭੁੱਤ ਤੇ ਵਿਲੱਖਣ ਕਾਰਨਾਮਾ ਹੈ, ਜਿਸ ਦੀ ਸੰਸਾਰ ਦੇ ਇਤਿਹਾਸ ਵਿਚੋਂ ਹੋਰ ਕੋਈ ਮਿਸਾਲ ਨਹੀਂ ਮਿਲਦੀ। ਗੁਰਬਾਣੀ ਦੀ ਖੋਜ ਕਰਨ ਤੋਂ ਪਤਾ ਲੱਗਦਾ ਹੈ ਕਿ

**ਕੋਊ ਹਰਿ ਸਮਾਨਿ ਨਹੀ ਰਾਜਾ॥**
**ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ॥**

(ਪੰਨਾ ੮੫੬)

ਦੇ ਮਹਾਂਵਾਕ ਅਨੁਸਾਰ ਭਾਵੇਂ ਸਭ ਦੇ ਉਪਰ ਹੁਕਮ ਤਾਂ ਉਸ ਅਕਾਲ ਪੁਰਖ ਦਾ ਹੀ ਚਲਦਾ ਹੈ ਪਰੰਤੂ ਕਈ ਵਾਰ ਦੁਨਿਆਵੀ ਪੱਖ ਤੋਂ ਦੁਨਿਆਵੀ ਬਾਦਸ਼ਾਹ ਉਸ ਪਰਮਾਤਮਾ ਤੋਂ ਬਾਗੀ ਹੋ ਕੇ ਰੂਹਾਨੀਅਤ ਦੇ ਤਖ਼ਤ ਦੇ ਹੁਕਮਾਂ ਦੀ ਕੋਈ ਪ੍ਰਵਾਹ ਨਾ ਕਰਦੇ ਹੋਏ ਰੂਹਾਨੀਅਤ ਦਾ ਪ੍ਰਚਾਰ ਕਰਨ ਵਾਲੇ ਗੁਰੂ ਪੀਰਾਂ, ਅਤੇ ਸੰਤਾਂ ਭਗਤਾਂ ਉੱਤੇ ਬੜੇ ਅਤਿਆਚਾਰ ਕਰਦੇ ਰਹੇ ਹਨ। ਇਸ ਦੀਆਂ ਸੰਸਾਰ ਦੇ ਇਤਿਹਾਸ ਵਿਚੋਂ ਅਨੇਕ ਮਿਸਾਲਾਂ ਮਿਲਦੀਆਂ ਹਨ। ਭਾਵੇਂ "ਕੂੜ ਨਿਖੁਟੇ ਨਾਨਕਾ ਓੜਕ ਸਚੁ ਰਹੀ" ਦੇ ਮਹਾਂਵਾਕ ਅਨੁਸਾਰ ਅੰਤ ਵਿਚ ਜਿੱਤ ਧਰਮੀਆਂ ਦੀ ਹੁੰਦੀ ਰਹੀ ਹੈ ਪਰ ਕਈ ਵਾਰ ਮੀਰੀ ਦੀਆਂ ਤਾਕਤਾਂ ਨੇ ਪੀਰੀ ਦੀਆਂ ਤਾਕਤਾਂ ਉੱਤੇ ਬੜੇ ਅਤਿਆਚਾਰ ਕੀਤੇ ਅਤੇ ਰੂਹਾਨੀਅਤ ਦੇ ਤਖ਼ਤ ਉੱਤੇ ਬੈਠੇ ਗੁਰੂ ਪੀਰ ਉਨ੍ਹਾਂ ਨੂੰ ਅਤਿਆਚਾਰ ਕਰਨ ਤੋਂ ਰੋਕ ਨਹੀਂ ਸਕੇ। ਦੂਰ ਨ ਜਾਈਏ ਸਿੱਖ ਇਤਿਹਾਸ ਵਿਚੋਂ ਹੀ ਇਹ ਮਿਸਾਲ ਮਿਲਦੀ ਹੈ ਕਿ



Sri Satguru Jagjit Singh Ji eLibrary NamdhariElibrary@gmail.com

**ਤਖਤਿ ਬੈਠਾ ਅਰਜਨ ਗੁਰੂ ਸਤਿਗੁਰ ਕਾ ਖਿਵੈ ਚੰਦੋਆ॥**
**ਉਗਵਣਹੁ ਤੈ ਆਥਵਣਹੁ ਚਹੁ ਚਕੀ ਕੀਅਨੁ ਲੋਆ॥** (ਪੰਨਾ ੯੬੮)

ਦੇ ਮਹਾਂਵਾਕ ਅਨੁਸਾਰ ਸਾਰੀਆਂ ਰੂਹਾਨੀ ਸ਼ਕਤੀਆਂ ਦੇ ਮਾਲਕ ਸ੍ਰੀ ਗੁਰੂ ਅਰਜਨ ਦੇਵ ਜੀ ਉੱਤੇ ਮੀਰੀ ਦੇ ਮਾਲਕ ਬਾਦਸ਼ਾਹ ਜਹਾਂਗੀਰ ਨੇ ਇਤਨੇ ਜ਼ੁਲਮ ਕੀਤੇ ਤੇ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ।

ਜਿਹੜੇ ਲੋਕ ਰੂਹਾਨੀਅਤ ਦੀਆਂ ਸ਼ਕਤੀਆਂ ਉੱਤੇ ਵਿਸ਼ਵਾਸ ਨਹੀਂ ਰੱਖਦੇ ਉਨ੍ਹਾਂ ਦੇ ਖ਼ਿਆਲ ਵਿਚ ਤਾਂ ਪੀਰੀ ਦੇ ਤਖ਼ਤ ਪਾਸ ਕੋਈ ਐਸੀ ਸ਼ਕਤੀ ਨਹੀਂ ਸੀ ਜੋ ਮੀਰੀ ਦੀ ਸ਼ਕਤੀ ਦਾ ਮੁਕਾਬਲਾ ਕਰ ਸਕਦੀ। ਪਰੰਤੂ, ਹਕੀਕਤ ਇਹ ਹੈ ਕਿ ਗੁਰੂ ਸਾਹਿਬ ਨੇ ਸਾਰੀਆਂ ਰੂਹਾਨੀ ਸ਼ਕਤੀਆਂ ਦੇ ਮਾਲਕ ਹੁੰਦੇ ਹੋਏ ਉਨ੍ਹਾਂ ਸ਼ਕਤੀਆਂ ਦੀ ਵਰਤੋਂ ਨਾ ਕਰਕੇ ਸ਼ਹਾਦਤ ਦੇਣ ਦਾ ਇਕ ਬੇਮਿਸਾਲ ਕਾਰਨਾਮਾ ਕਰਕੇ ਸ਼ਹੀਦੀਆਂ ਦਾ ਇਕ ਨਵਾਂ ਇਤਿਹਾਸ ਸਿਰਜਨਾ ਸੀ ਇਸ ਕਰਕੇ ਉਨ੍ਹਾਂ ਨੇ ਰੂਹਾਨੀ ਸ਼ਕਤੀਆਂ ਦੀ ਵਰਤੋਂ ਨਹੀਂ ਕੀਤੀ।

ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਜਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੂੰ ਤੱਤੀ ਤਵੀ ਉੱਤੇ ਬਿਠਾ ਕੇ ਉਨ੍ਹਾਂ ਦੇ ਸੀਸ 'ਤੇ ਤੱਤਾ ਰੇਤਾ ਪਾਇਆ ਜਾ ਰਿਹਾ ਸੀ ਤਾਂ ਉਨ੍ਹਾਂ ਦਾ ਸੱਚਾ ਮਿੱਤਰ ਸਾਈਂ ਮੀਆਂ ਮੀਰ ਤੜਪ ਉੱਠਿਆ ਅਤੇ ਕਹਿਣ ਲੱਗਾ ਮਹਾਰਾਜ ਤੁਸੀਂ ਇਤਨੀਆਂ ਰੂਹਾਨੀ ਸ਼ਕਤੀਆਂ ਦੇ ਮਾਲ਼ਕ ਹੋ ਕੇ ਚੁੱਪ ਕਰਕੇ ਇਤਨੇ ਕਸ਼ਟ ਕਿਉਂ ਸਹਾਰ ਰਹੇ ਹੋ? ਜੇ ਤੁਸੀਂ ਉਨ੍ਹਾਂ ਰੂਹਾਨੀ ਸ਼ਕਤੀਆਂ ਦੀ ਵਰਤੋਂ ਨਹੀਂ ਕਰਨੀ ਤਾਂ ਮੈਨੂੰ ਆਗਿਆ ਦਿਉ ਮੈਨੂੰ ਜੋ ਸ਼ਕਤੀਆਂ ਤੁਹਾਡੀ ਕਿਰਪਾ ਨਾਲ ਪ੍ਰਾਪਤ ਹੋਈਆਂ ਹਨ, ਉਨ੍ਹਾਂ ਦੀ ਵਰਤੋਂ ਕਰਕੇ ਮੈਂ ਦਿੱਲੀ ਤੇ ਲਾਹੌਰ ਦੀ ਇੱਟ ਨਾਲ ਇੱਟ ਵਜਾ ਦਿੰਦਾ ਹਾਂ ਅਤੇ ਜ਼ਾਲਮਾਂ ਨੂੰ ਅਜੇਹਾ ਸਬਕ ਸਿਖਾ ਦਿੰਦਾ ਹਾਂ ਕਿ ਉਹ ਕਦੇ ਵੀ ਕਿਸੇ ਗੁਰੂ ਪੀਰ ਉੱਤੇ ਜ਼ੁਲਮ ਨਹੀਂ ਕਰ ਸਕਣਗੇ। ਸਤਿਗੁਰੂ ਜੀ ਨੇ ਫ਼ੁਰਮਾਇਆ ਸਾਈਂ ਜੀ ਅਸੀਂ ਉਨ੍ਹਾਂ ਸ਼ਕਤੀਆਂ ਦੀ ਵਰਤੋਂ ਨਾ ਕਰਕੇ ਧਰਮ ਦੀ ਰੱਖਿਆ ਲਈ ਸ਼ਹਾਦਤ ਦੇਣ ਦਾ ਇਕ ਅਨੋਖਾ ਹੀ ਨਮੂਨਾ ਪੇਸ਼ ਕਰਨਾ ਚਾਹੁੰਦੇ ਹਾਂ ਜਿਸ ਤੋਂ ਸਬਕ ਲੈ ਕੇ ਸਾਡੇ ਸਿੱਖ ਵੀ ਬੇਮਿਸਾਲ ਕੁਰਬਾਨੀਆਂ ਦਾ ਨਵਾਂ ਹੀ ਇਤਿਹਾਸ ਸਿਰਜ ਸਕਣਗੇ ਅਤੇ ਵਕਤ ਆਉਣ ਤੇ ਮੀਰੀ ਤੇ ਪੀਰੀ ਦੀਆਂ ਦੋਹਾਂ ਤਾਕਤਾਂ ਦੇ ਮਾਲਕ ਹੁੰਦੇ ਹੋਏ ਦੋਹਾਂ ਵਿਚ ਐਸਾ ਸੰਤੁਲਨ ਕਾਇਮ ਕਰ ਸਕਣਗੇ ਕਿ ਕੋਈ ਇਕ ਸ਼ਕਤੀ ਦੂਜੀ ਉੱਤੇ ਅਤਿਆਚਾਰ ਨਹੀਂ ਕਰ ਸਕੇਗੀ।

SIKHBOOKCLUB.COM



Sri Satguru Jagjit Singh Ji eLibrary NamdhariElibrary@gmail.com

ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਇਸ ਫੁਰਮਾਨ ਅਨੁਸਾਰ ਹੀ ਸ੍ਰੀ ਗੁਰੂ ਹਰਿਗੋਬਿੰਦ ਜੀ ਮਹਾਰਾਜ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਰਚਨਾ ਕਰਕੇ ਮੀਰੀ ਤੇ ਪੀਰੀ ਨੂੰ ਇਕੱਠਾ ਕਰਕੇ ਦੋਹਾਂ ਵਿਚ ਸੰਤੁਲਨ ਕਾਇਮ ਕਰਨ ਦਾ ਇਕ ਨਵਾਂ ਸਿੱਧਾਂਤ ਕਾਇਮ ਕਰ ਦਿੱਤਾ। ਉਨ੍ਹਾਂ ਦਾ ਅਜੇਹਾ ਕਰਨ ਦਾ ਅਸਲ ਮਨੋਰਥ ਇਹ ਸੀ ਕਿ ਇਕ ਸਮਾਂ ਸਾਰੇ ਸੰਸਾਰ ਦੇ ਇਤਿਹਾਸ ਵਿਚ ਐਸਾ ਆਵੇਗਾ ਜਦੋਂ ਸਾਰੇ ਸੰਸਾਰ ਵਿਚ ਇਕ ਐਸਾ ਹਲੇਮੀ ਰਾਜ (ਰੱਬੀ ਰਾਜ) ਕਾਇਮ ਹੋਵੇਗਾ ਜਿਸ ਦਾ ਇਕੋ ਇਕ ਤਖ਼ਤ ਸ੍ਰੀ ਅਕਾਲ ਤਖ਼ਤ ਹੋਵੇਗਾ ਅਤੇ ਸਾਰੇ ਸੰਸਾਰ ਉੱਤੇ ਜੁਗੋ ਜੁਗ ਅਟਲ ਸੱਚੇ ਪਾਤਿਸ਼ਾਹ **ਸ੍ਰੀ ਗੁਰੂ ਗ੍ਰੰਥ ਸਾਹਿਬ** ਦਾ "ਹੁਕਮਾ ਸਿਰ ਹੁਕਮ" ਚਲੇਗਾ। ਇਸ ਇਲਾਹੀ ਹੁਕਮ ਤੋਂ ਆਕੀ ਹੋਣ ਦੀ ਹਿੰਮਤ ਦੁਨੀਆਂ ਦੀ ਕਿਸੇ ਵੀ ਹੋਰ ਤਾਕਤ ਵਿਚ ਨਹੀਂ ਹੋਵੇਗੀ।

**ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥** (ਪੰਨਾ ੧)

ਦੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਸ ਮਹਾਂਵਾਕ ਅਨੁਸਾਰ ਸਾਰਾ ਸੰਸਾਰ ਇਸ ਹੁਕਮ ਦੇ ਅੰਦਰ (ਅਧੀਨ) ਹੋਵੇਗਾ। ਕੋਈ ਵੀ ਇਸ ਹੁਕਮ ਤੋਂ ਬਾਹਰ ਨਹੀਂ ਰਹੇਗਾ। **ਸ੍ਰੀ ਗੁਰੂ ਗ੍ਰੰਥ ਸਾਹਿਬ** ਦੀ ਬਾਣੀ ਵਿਚ ਸਤਿਗੁਰਾਂ ਨੇ ਫੁਰਮਾਇਆ ਹੈ:

**ਵਡਾ ਤੇਰਾ ਦਰਬਾਰੁ ਸਚਾ ਤੁਧੁ ਤਖਤੁ॥**
**ਸਿਰਿ ਸਾਹਾ ਪਾਤਿਸਾਹੁ ਨਿਹਚਲੁ ਚਉਰੁ ਛਤੁ॥** (ਪੰਨਾ ੯੬੪)

ਸੋ ਸ੍ਰੀ ਅਕਾਲ ਤਖ਼ਤ ਸੱਚੇ ਪਾਤਿਸ਼ਾਹ ਦਾ ਕਾਇਮ ਕੀਤਾ ਹੋਇਆ ਹੈ ਜੋ ਸਦੀਵ ਕਾਲ ਲਈ ਕਾਇਮ ਰਹੇਗਾ। ਇਸ ਸੱਚੇ ਤਖ਼ਤ ਦੇ ਸਦਾ ਸਲਾਮਤ ਰਹਿਣ ਬਾਰੇ ਗੁਰਬਾਣੀ ਵਿਚੋਂ ਹੋਰ ਪ੍ਰਮਾਣ ਇਸ ਪ੍ਰਕਾਰ ਮਿਲਦੇ ਹਨ:

– **ਸਭੁ ਸਚਾ ਹੁਕਮੁ ਵਰਤਦਾ ਗੁਰਮੁਖਿ ਸਚਿ ਸਮਾਉ॥**
**ਸਚਾ ਆਪਿ ਤਖਤੁ ਸਚਾ ਬਹਿ ਸਚਾ ਕਰੇ ਨਿਆਉ॥** (ਪੰਨਾ ੯੪੯)

– **ਸਚੈ ਸਚਾ ਤਖਤੁ ਰਚਾਇਆ॥**
**ਨਿਜ ਘਰਿ ਵਸਿਆ ਤਿਥੈ ਮੋਹੁ ਨ ਮਾਇਆ॥** (ਪੰਨਾ ੧੦੫੦)

– **ਸਚੇ ਤਖਤਿ ਨਿਵਾਸੁ ਸਚੁ ਤਪਾਵਸੁ ਕਰਿਓ॥** (ਪੰਨਾ ੧੩੯੬)

– **ਪੂਰੋ ਪੂਰੋ ਆਖੀਐ ਪੂਰੈ ਤਖਤਿ ਨਿਵਾਸ॥** (ਪੰਨਾ ੧੭)



Sri Satguru Jagjit Singh Ji eLibrary NamdhariElibrary@gmail.com

- **ਮੇਰੇ ਠਾਕੁਰ ਪੂਰੇ ਤਖਤਿ ਅਡੋਲੁ॥**
  **ਗੁਰਮੁਖਿ ਪੂਰਾ ਜੇ ਕਰੇ ਪਾਈਐ ਸਾਚੁ ਅਤੋਲੁ॥** (ਪੰਨਾ ੧੭)
- **ਤਖਤਿ ਬਹੈ ਅਦਲੀ ਪ੍ਰਭੁ ਆਪੇ**
  **ਭਰਮੁ ਭੇਦੁ ਭਉ ਜਾਈ ਹੇ॥** (ਪੰਨਾ ੧੦੨੨)

ਉਪਰ ਲਿਖੇ ਅਨੁਸਾਰ ਰੱਬੀ ਰਾਜ ਕਦੋਂ ਕਾਇਮ ਹੋਵੇਗਾ? ਇਸ ਦਾ ਸਮਾਂ ਤਾਂ ਸੱਚਾ ਪ੍ਰਮੇਸ਼ਰ ਆਪ ਹੀ ਜਾਣਦਾ ਹੈ ਪਰ ਇਹ ਗੱਲ ਪੂਰਨ ਭਰੋਸੇ ਅਤੇ ਦ੍ਰਿੜ੍ਹ ਵਿਸ਼ਵਾਸ ਨਾਲ ਕਹੀ ਜਾ ਸਕਦੀ ਹੈ ਕਿ ਇਸ ਦਾ ਹੋਣਾ ਇਕ ਅਟੱਲ ਸੱਚਾਈ ਹੈ। ਸਰਬ ਕਲਾ ਸਮਰੱਥ ਪ੍ਰਭੂ ਜਦੋਂ ਚਾਹੇ ਇਕ ਛਿਨ ਵਿਚ ਸਭ ਕੁਝ ਕਰ ਸਕਦਾ ਹੈ:

**ਖਿਨ ਮਹਿ ਥਾਪਿ ਉਥਾਪਨਹਾਰਾ॥**
**ਅੰਤੁ ਨਹੀ ਕਿਛੁ ਪਾਰਾਵਾਰਾ॥** (ਪੰਨਾ ੨੭੬)

ਦੇ ਮਹਾਂਵਾਕ ਅਨੁਸਾਰ ਉਹ ਇਕ ਖਿਨ ਵਿਚ ਅੱਖ ਦੇ ਪਲਕਾਰੇ ਜਿੰਨੇ ਚਿਰ ਵਿਚ ਇਸ ਸ੍ਰਿਸ਼ਟੀ ਨੂੰ ਖ਼ਤਮ ਕਰਕੇ ਨਵੀਂ ਬਣਾ ਸਕਦਾ ਹੈ।

**ਸ੍ਰੀ ਗੁਰੂ ਗ੍ਰੰਥ ਸਾਹਿਬ** ਦੀ ਪਵਿੱਤਰ ਬਾਣੀ ਵਿਚ ਸ੍ਰਿਸ਼ਟੀ ਰਚਨਾ ਬਾਰੇ ਪੱਛਮੀ ਲੇਖਕਾਂ ਦੀਆਂ ਵਿਕਾਸ ਦੀਆਂ ਸਭ ਥਿਊਰੀਆਂ ਨੂੰ ਰੱਦ ਕਰਕੇ ਦੱਸਿਆ ਹੈ ਕਿ "ਏਕ ਕਲਾਵੈ ਤੇ ਸਭ ਹੋਆ" ਦੇ ਮਹਾਂਵਾਕ ਅਨੁਸਾਰ ਇਕ ਸ਼ਬਦ ਦੇ ਉਚਾਰਨ ਕਰਨ ਨਾਲ ਹੀ ਸਾਰੇ ਖੰਡਾਂ ਬ੍ਰਹਿਮੰਡਾਂ ਦੀ ਰਚਨਾ ਹੋ ਗਈ। ਉਹ ਇਕ ਸ਼ਬਦ ਹੈ ੧ਓਅੰਕਾਰ ਬਸ ਉਹ ਪਰਮਾਤਮਾ ਜਦੋਂ ਚਾਹੇ ਇਕ ਤੋਂ ਅਨੇਕ ਹੋ ਜਾਂਦਾ ਹੈ ਤੇ ਜਦੋਂ ਚਾਹੇ ਨਿਰਗੁਣ ਤੋਂ ਸਰਗੁਣ ਹੋ ਜਾਂਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਫੁਰਮਾਉਂਦੇ ਹਨ:

**ਏਕ ਹੈਂ ॥ ਅਨੇਕ ਹੈਂ॥**
**ਅਨੇਕ ਹੈਂ॥ ਫਿਰ ਏਕ ਹੈਂ॥**

ਗੁਰਬਾਣੀ ਦੀ ਖੋਜ ਤੋਂ ਇਹ ਵੀ ਪਤਾ ਚਲਦਾ ਹੈ ਕਿ ੧ਓਅੰਕਾਰ ਸ਼ਬਦ, ਹੁਕਮ ਅਤੇ ਨਾਮ, ਉਸ ਪਰਮਾਤਮਾ ਦੀ ਸਿਰਜਨਾਤਮਕ ਸ਼ਕਤੀ ਦੇ ਨਾਮ ਹਨ ਤੇ ਪਰਿਆਇਵਾਚੀ ਸ਼ਬਦ ਹਨ। ਜਦੋਂ ਪਰਮਾਤਮਾ ਨੂੰ ਇਕ ਤੋਂ ਅਨੇਕ ਹੋਣ ਦਾ ਫੁਰਨਾ ਹੋਇਆ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕਥਨ ਅਨੁਸਾਰ ਉਸ ਨੇ ਇਸ ਤਰ੍ਹਾਂ ਸ੍ਰਿਸ਼ਟੀ ਰਚਨਾ ਦਾ ਆਰੰਭ ਕੀਤਾ।

**ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ॥**



Sri Satguru Jagjit Singh Ji eLibrary NamdhariElibrary@gmail.com

**ਦੂਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥**
**ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥**
**ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ॥**
**ਕਰਿ ਆਸਣੁ ਡਿਠੋ ਚਾਉ॥** (ਪੰਨਾ ੪੬੩)

ਇਸ ਤਰ੍ਹਾਂ ਪਰਮਾਤਮਾ ਜਦੋਂ ਨਿਰੰਕਾਰ ਤੋਂ ਆਕਾਰ ਵਿਚ ਪ੍ਰਗਟ ਹੋਇਆ ਤਾਂ ਉਸ ਨੇ ਸੈਭੰ ਸੁਇਮ ਹੀ ਆਪਣਾ ਪ੍ਰਕਾਸ਼ ਕੀਤਾ ਅਤੇ ਸਾਰੀ ਸ੍ਰਿਸ਼ਟੀ ਦੀ ਰਚਨਾ ਕਰਨ ਵਾਲੀ ਸ਼ਕਤੀ ਨੂੰ ਨਾਮ ਆਖਿਆ। ਯਥਾ:

**ਜੇਤਾ ਕੀਤਾ ਤੇਤਾ ਨਾਉ॥**
**ਵਿਣੁ ਨਾਵੈ ਨਾਹੀ ਕੋ ਥਾਉ॥** (ਪੰਨਾ ੪)

ਇਸਤੋਂ ਉਪਰੰਤ ਪਰਮਾਤਮਾ ਨੇ ਪੰਜ ਤੱਤ ਸਾਜੇ ਜਿਨ੍ਹਾਂ ਵਿਚ ਪਰਮ ਤੱਤ ਹੋ ਕੇ ਉਹ ਆਪ ਸਮਾਇਆ ਹੋਇਆ ਹੈ ਤੇ ਉਨ੍ਹਾਂ ਤੱਤਾਂ ਨੂੰ ਸਤਾ ਦੇ ਰਿਹਾ ਹੈ:

**ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ**
**ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ॥** (ਪੰਨਾ ੭੩੬)

ਅੱਜ ਤਕ ਕੋਈ ਸਾਇੰਸਦਾਨ ਛੇਵਾਂ ਤੱਤ ਨਹੀਂ ਬਣਾ ਸਕਿਆ ਅਤੇ ਨਾ ਹੀ ਬਣਾ ਸਕੇਗਾ। ਕਿਉਂਕਿ ਉਸਦਾ ਸ਼ਰੀਕ ਨਾ ਕੋਈ ਹੋਇਆ ਹੈ ਅਤੇ ਨਾ ਹੋਵੇਗਾ:

– **ਤੁਧੁ ਬਿਨੁ ਦੂਜਾ ਨਾਹੀ ਕੋਇ॥**
**ਤੂੰ ਕਰਤਾਰ ਕਰਹਿ ਸੋ ਹੋਇ॥**
– **ਸਾਹਿਬੁ ਮੇਰਾ ਏਕੋ ਹੈ॥**
**ਏਕੋ ਹੈ ਭਾਈ ਏਕੋ ਹੈ॥** (ਪੰਨਾ ੩੫੦)

ਇਸ ਅਟੱਲ ਸੱਚਾਈ ਨੂੰ ਪ੍ਰਗਟ ਕਰਨ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ **ਸ੍ਰੀ ਗੁਰੂ ਗ੍ਰੰਥ ਸਾਹਿਬ** ਦੇ ਆਦਿ ਵਿਚ ੧ ਅੰਕ ਰੱਖਿਆ ਹੈ। ਉਹ ਇਕ ਹੈ ਇਸ ਕਰਕੇ ਜਦੋਂ ਸਾਰੇ ਸੰਸਾਰ ਵਿਚ ਰੱਬੀ ਰਾਜ ਕਾਇਮ ਹੋ ਜਾਵੇਗਾ ਤਾਂ ਉਸ ਰੱਬੀ ਰਾਜ ਦਾ ਵਿਧਾਨ **ਸ੍ਰੀ ਗੁਰੂ ਗ੍ਰੰਥ ਸਾਹਿਬ** ਦੀ ਬਾਣੀ ਹੋਵੇਗੀ ਅਤੇ "ਉਸ ਪ੍ਰਭੁ ਕੀ ਬਾਣੀ" "ਖਸਮ ਕੀ ਬਾਣੀ" "ਧੁਰ ਕੀ ਬਾਣੀ" ਵਿਚ ਸਰਬੱਤ ਦੇ ਭਲੇ ਦੇ ਜੋ ਅਟੱਲ ਸਿੱਧਾਂਤ ਵਰਣਨ ਕੀਤੇ ਹੋਏ ਹਨ। ਉਹ ਸਾਰੀ ਸ੍ਰਿਸ਼ਟੀ ਉੱਤੇ ਲਾਗੂ ਹੋਣਗੇ। ਦੁਨੀਆਂ ਦੀ ਹੋਰ ਕੋਈ ਵੀ ਸ਼ਕਤੀ ਉਨ੍ਹਾਂ ਸਿੱਧਾਂਤਾਂ ਦੇ ਉਲਟ ਚੱਲਣ ਦੀ ਜੁਰਅਤ (ਹਿੰਮਤ) ਨਹੀਂ ਕਰ ਸਕੇਗੀ:


Sri Satguru Jagjit Singh Ji eLibrary NamdhariElibrary@gmail.com

**ਆਪਿ ਸਤਿ ਕੀਆ ਸਭੁ ਸਤਿ॥**

**ਤਿਸੁ ਪ੍ਰਭ ਤੇ ਸਗਲੀ ਉਤਪਤਿ॥** (ਪੰਨਾ ੨੯੪)

ਉਹ ਪਰਮਾਤਮਾ ਸਤਿ ਹੈ। ਉਸ ਦਾ ਨਾਮ ਭੀ ਸਤਿ ਹੈ ਅਤੇ ਇਸ ਨਾਮੁ ਦੀ ਸਿਰਜਨਾਤਮਕ ਸ਼ਕਤੀ ਰਾਹੀਂ ਜੋ ਕੁਛ ਵੀ ਸਿਰਜਿਆ ਗਿਆ ਹੈ ਉਹ ਵੀ ਸਦਾ ਸਤਿ ਹੀ ਰਹੇਗਾ। ਇਹ ਪ੍ਰਮਾਣ ਦੇਣ ਤੋਂ ਸਾਡਾ ਭਾਵ ਇਹ ਸਿੱਧ ਕਰਨਾ ਹੈ ਕਿ ਉਸ ਸੱਚੇ ਦਾ ਰਚਿਆ ਹੋਇਆ ਸ੍ਰੀ ਅਕਾਲ ਤਖ਼ਤ ਸਾਹਿਬ ਜੁਗੋ ਜੁਗ ਅਟੱਲ ਰਹੇਗਾ ਅਤੇ **ਸ੍ਰੀ ਗੁਰੂ ਗ੍ਰੰਥ ਸਾਹਿਬ** ਭੀ ਜੁਗੋ ਜੁਗ ਅਟੱਲ ਰਹਿ ਕੇ ਰੱਬੀ ਰਾਜ ਦੀ ਅਗਵਾਈ ਕਰਦੇ ਰਹਿਣਗੇ।

ਇਸ ਸਦਾ ਕਾਇਮ ਰਹਿਣ ਵਾਲੇ ਰੱਬੀ ਰਾਜ ਦੀ ਭਵਿੱਖ ਬਾਣੀ ਭਗਤ ਰਵੀਦਾਸ ਜੀ ਨੇ **ਸ੍ਰੀ ਗੁਰੂ ਗ੍ਰੰਥ ਸਾਹਿਬ** ਵਿਚ ਦਰਜ "ਬੇਗਮਪੁਰਾ ਸਹਿਰ ਕੋ ਨਾਉ" ਵਾਲੇ ਸ਼ਬਦ ਵਿਚ ਵੀ ਕੀਤੀ ਹੈ। ਆਪ ਜੀ ਫੁਰਮਾਉਂਦੇ ਹਨ:

**ਕਾਇਮੁ ਦਾਇਮੁ ਸਦਾ ਪਾਤਿਸਾਹੀ॥**

**ਦੋਮ ਨ ਸੇਮ ਏਕ ਸੋ ਆਹੀ॥** (ਪੰਨਾ ੩੪੫)

ਉਸ ਸਦਾ ਕਾਇਮ ਰਹਿਣ ਵਾਲੇ ਰੱਬੀ ਰਾਜ ਬਾਰੇ ਈਸਾਈ ਵੀਰ ਵੀ ਵਾਚ ਟਾਵਰ ਰਾਹੀਂ ਐਲਾਨ ਕਰ ਰਹੇ ਹਨ ਅਤੇ ਦੁਨੀਆਂ ਦੇ ਲੋਕਾਂ ਨੂੰ ਇਸ ਅਟੱਲ ਸੱਚਾਈ ਉੱਤੇ ਭਰੋਸਾ ਕਰਨ ਲਈ ਲਿਟਰੇਚਰ ਛਾਪ ਕੇ ਮੁਫ਼ਤ ਵੰਡ ਰਹੇ ਹਨ।

ਗੁਰਬਾਣੀ ਵਿਚ ਇਸ ਹਕੀਕਤ ਉੱਤੇ ਵਿਸ਼ਵਾਸ ਕਰਾਉਣ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਫੁਰਮਾਇਆ ਹੈ:

**ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ॥** (ਪੰਨਾ ੪੬੩)

ਸ੍ਰੀ ਆਸਾ ਜੀ ਦੀ ਵਾਰ ਵਿਚ ਗੁਰੂ ਜੀ ਨੇ ਇਕ ਸਲੋਕ ਵਿਚ ਇਸ ਅਟੱਲ ਸੱਚਾਈ ਨੂੰ ਇਉਂ ਦੱਸਿਆ ਹੈ:

**ਸਚੇ ਤੇਰੇ ਖੰਡ ਸਚੇ ਬ੍ਰਹਮੰਡ॥**
**ਸਚੇ ਤੇਰੇ ਲੋਅ ਸਚੇ ਆਕਾਰ॥**
**ਸਚੇ ਤੇਰੇ ਕਰਣੇ ਸਰਬ ਬੀਚਾਰ॥**
**ਸਚਾ ਤੇਰਾ ਅਮਰੁ ਸਚਾ ਦੀਬਾਣੁ॥**
**ਸਚਾ ਤੇਰਾ ਹੁਕਮੁ ਸਚਾ ਫੁਰਮਾਣੁ॥**
**ਸਚਾ ਤੇਰਾ ਕਰਮੁ ਸਚਾ ਨੀਸਾਣੁ॥**
**ਸਚੇ ਤੁਧੁ ਆਖਹਿ ਲਖ ਕਰੋੜਿ॥**



Sri Satguru Jagjit Singh Ji eLibrary NamdhariElibrary@gmail.com

**ਸਚੈ ਸਭਿ ਤਾਣਿ ਸਚੈ ਸਭਿ ਜੋਰਿ॥**

**ਸਚੀ ਤੇਰੀ ਸਿਫਤਿ ਸਚੀ ਸਾਲਾਹ॥**

**ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ॥**

**ਨਾਨਕ ਸਚੁ ਧਿਆਇਨਿ ਸਚੁ॥**

**ਜੋ ਮਰਿ ਜੰਮੇ ਸੁ ਕਚੁ ਨਿਕਚੁ॥** (ਪੰਨਾ ੪੬੩)

**ਸ੍ਰੀ ਗੁਰੂ ਗ੍ਰੰਥ ਸਾਹਿਬ** ਦੀ ਪਵਿੱਤਰ ਬਾਣੀ ਵਿਚੋਂ ਇਸ ਹਕੀਕਤ ਦਾ ਬਿਆਨ ਕਰਨ ਲਈ ਅਨੇਕ ਪ੍ਰਮਾਣ ਮਿਲਦੇ ਹਨ ਕਿ ਸਰਬ ਕਲਾ ਸਮਰੱਥ ਉਸ ਅਕਾਲ ਪੁਰਖ ਪਾਸ ਸ਼ਕਤੀਆਂ ਦੇ ਅਪਾਰ ਭੰਡਾਰ ਹਨ। ਉਨ੍ਹਾਂ ਭਗਤੀ ਤੇ ਸ਼ਕਤੀ ਦੇ ਭੰਡਾਰਿਆਂ ਨੂੰ ਜੱਗ ਵਿਚ ਵਰਤਾ ਕੇ ਕਲਿਜੁਗ ਨੂੰ ਸਤਿਜੁਗ ਵਿਚ ਬਦਲਣ ਵਾਸਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ "ਆਪਿ ਨਾਰਾਇਣ ਕਲਾ ਧਾਰ ਜਗ ਮਹਿ ਪਰਵਰਿਓ" ਅਤੇ "ਅਨੰਤ ਕਲਾ ਲੈ ਠਾਕੁਰ ਚੜਿਆ" ਦੇ ਮਹਾਂਵਾਕਾਂ ਅਨੁਸਾਰ ਇਸ ਸੰਸਾਰ ਵਿਚ ਭੇਜਿਆ ਅਤੇ ਉਨ੍ਹਾਂ ਨੇ

**ਤੇਰਾ ਏਕੁ ਨਾਮੁ ਤਾਰੇ ਸੰਸਾਰੁ॥**

**ਮੈ ਏਹਾ ਆਸ ਏਹੋ ਆਧਾਰੁ॥** (ਪੰਨਾ ੨੪)

ਦਾ ਨਾਹਰਾ ਲਾਇਆ। ਜਿਸ ਸ਼ਬਦ ਦੀ ਸ਼ਕਤੀ ਨਾਲ ਉਹ ਇਕ ਖਿਨ ਵਿਚ ਸ੍ਰਿਸ਼ਟੀ ਦੀ ਰਚਨਾ ਕਰ ਸਕਦਾ ਹੈ ਉਸੇ ਸ਼ਬਦ (ਹੁਕਮ) ਦੀ ਸ਼ਕਤੀ ਨਾਲ ਉਹ ਸ੍ਰਿਸ਼ਟੀ ਦੀ ਪ੍ਰਿਤਪਾਲ ਵੀ ਕਰਦਾ ਹੈ ਅਤੇ ਜਦੋਂ ਚਾਹੇ ਇਸ ਸ੍ਰਿਸ਼ਟੀ ਨੂੰ ਖ਼ਤਮ ਕਰਕੇ ਉਸ ਦੀ ਥਾਂ ਨਵੀਂ ਬਣਾ ਸਕਦਾ ਹੈ। **ਸ੍ਰੀ ਗੁਰੂ ਗ੍ਰੰਥ ਸਾਹਿਬ** ਦੀ ਬਾਣੀ ਵਿਚ ਸਪੱਸ਼ਟ ਲਿਖਿਆ ਹੈ:

SIKHBOOKCLUB.COM

**ਉਤਪਤਿ ਪਰਲਉ ਸਬਦੇ ਹੋਵੈ॥**

**ਸਬਦੇ ਹੀ ਫਿਰਿ ਓਪਤਿ ਹੋਵੈ॥** (ਪੰਨਾ ੧੧੭)

"ਗੁਰਮੁਖਿ ਥਾਪੇ ਥਾਪਿ ਉਥਾਪੇ" ਦੱਖਣੀ ਓਅੰਕਾਰ ਦੀ ਬਾਣੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਫੁਰਮਾਉਂਦੇ ਹਨ:

– **ਓਅੰਕਾਰਿ ਬ੍ਰਹਮਾ ਉਤਪਤਿ॥**

**ਓਅੰਕਾਰੁ ਕੀਆ ਜਿਨਿ ਚਿਤਿ॥**

**ਓਅੰਕਾਰਿ ਸੈਲ ਜੁਗ ਭਏ॥**

**ਓਅੰਕਾਰਿ ਬੇਦ ਨਿਰਮਏ॥**

**ਓਅੰਕਾਰਿ ਸਬਦਿ ਉਧਰੇ॥**

**ਓਅੰਕਾਰਿ ਗੁਰਮੁਖਿ ਤਰੇ॥**



Sri Satguru Jagjit Singh Ji eLibrary NamdhariElibrary@gmail.com

ਓਨਮ ਅਖਰ ਸੁਣਹੁ ਬੀਚਾਰੁ॥

ਓਨਮ ਅਖਰੁ ਤ੍ਰਿਭਵਣ ਸਾਰੁ॥ (ਪੰਨਾ ੯੨੯-੩੦)

– ਏਕੰਕਾਰੁ ਅਵਰੁ ਨਹੀ ਦੂਜਾ

ਨਾਨਕ ਏਕੁ ਸਮਾਈ॥ (ਪੰਨਾ ੯੩੦)

– ਸ੍ਰਿਸਟੇ ਭੇਉ ਨ ਜਾਣੈ ਕੋਇ॥

ਸ੍ਰਿਸਟਾ ਕਰੈ ਸੁ ਨਿਹਚਉ ਹੋਇ॥ (ਪੰਨਾ ੯੩੭)

ਜਿਹੜੇ ਗੁਰਮੁਖਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਗੰਭੀਰਤਾ ਨਾਲ ਵਿਚਾਰ ਕਰਦੇ ਹਨ ਉਨ੍ਹਾਂ ਨੂੰ ਉਸ ਸਿਰਜਨਹਾਰ ਦੇ ਨਿਰਾਲੇ ਕੌਤਕਾਂ ਦੀ ਸੋਝੀ ਆ ਜਾਂਦੀ ਹੈ:

ਕਹੁ ਨਾਨਕ ਜਿਨਿ ਹੁਕਮੁ ਪਛਾਤਾ॥

ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ॥ (ਪੰਨਾ ੮੮੫)

ਪਰ ਜਿਨ੍ਹਾਂ ਵਿਰਲੇ ਗੁਰਮੁਖਾਂ ਨੇ ਬਾਣੀ ਦੀ ਵਿਚਾਰ ਕੀਤੀ ਹੈ ਉਨ੍ਹਾਂ ਨੂੰ ਤੱਤ ਗਿਆਨ ਪ੍ਰਾਪਤ ਹੋ ਜਾਂਦਾ ਹੈ ਤੇ ਤੱਤ ਵੇਤਾ ਤੇ ਬ੍ਰਹਮ ਗਿਆਨੀ ਦੀ ਪਦਵੀ ਨੂੰ ਪ੍ਰਾਪਤ ਕਰ ਲੈਂਦੇ ਹਨ:

SIKHBOOKCLUB.COM

– ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ॥

ਇਹ ਬਾਣੀ ਮਹਾਪੁਰਖ ਕੀ ਨਿਜ ਘਰਿ ਵਾਸਾ ਹੋਇ॥ (ਪੰਨਾ ੯੩੫)

– ਗੁਰ ਕਾ ਸਬਦੁ ਕੋ ਵਿਰਲਾ ਬੂਝੈ॥

ਆਪੁ ਮਾਰੇ ਤਾ ਤ੍ਰਿਭਵਣੁ ਸੂਝੈ॥

ਫਿਰਿ ਓਹੁ ਮਰੈ ਨ ਮਰਣਾ ਹੋਵੈ

ਸਹਜੇ ਸਚਿ ਸਮਾਵਣਿਆ॥ (ਪੰਨਾ ੧੨੦)

ਬੇਦ ਸ਼ਾਸਤਰ ਪੜ੍ਹਨ ਨਾਲ ਤੱਤ ਗਿਆਨ ਪ੍ਰਾਪਤ ਨਹੀਂ ਹੁੰਦਾ। ਉਹ ਕੇਵਲ ਗੁਰਬਾਣੀ ਦੀ ਵਿਚਾਰ ਕਰਕੇ ਹੀ ਪ੍ਰਾਪਤ ਹੋ ਸਕਦਾ ਹੈ। ਸ੍ਰੀ ਗੁਰੂ ਅਮਰਦਾਸ ਜੀ ਅਨੰਦ ਸਾਹਿਬ ਦੀ ਬਾਣੀ ਵਿਚ ਫੁਰਮਾਉਂਦੇ ਹਨ:

ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ॥

ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤੈ ਸਾਰ ਨ ਜਾਣੀ॥

ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ॥

ਗੁਰ ਕਿਰਪਾ ਤੇ ਸੇ ਜਨ ਜਾਗੇ

ਜਿਨਾ ਹਰਿ ਮਨਿ ਵਸਿਆ ਬੋਲਹਿ ਅੰਮ੍ਰਿਤ ਬਾਣੀ॥



Sri Satguru Jagjit Singh Ji eLibrary NamdhariElibrary@gmail.com

**ਕਹੈ ਨਾਨਕੁ ਸੋ ਤਤੁ ਪਾਏ ਜਿਸ ਨੋ ਅਨਦਿਨੁ ਹਰਿ ਲਿਵ ਲਾਗੈ**
**ਜਾਗਤ ਰੈਣਿ ਵਿਹਾਣੀ॥** (ਪੰਨਾ ੬੨੦)

ਇਸ ਸ਼ਬਦ ਉੱਤੇ ਗੰਭੀਰਤਾ ਨਾਲ ਵਿਚਾਰ ਕਰਨ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਗੁਰਬਾਣੀ ਤੋਂ ਤੱਤ ਗਿਆਨ ਪ੍ਰਾਪਤ ਹੋ ਸਕਦਾ ਹੈ ਅਤੇ ਤੱਤ ਗਿਆਨ ਤੇ ਬ੍ਰਹਮ ਗਿਆਨ ਤੋਂ ਬਿਨਾਂ ਹੋਰ ਸਭ ਪ੍ਰਕਾਰ ਦੇ ਗਿਆਨ ਰੂਹਾਨੀਅਤ ਦੇ ਮੰਡਲ ਵਿਚ ਕਿਸੇ ਕੰਮ ਨਹੀਂ ਆਉਂਦੇ। ਇਸੇ ਹਕੀਕਤ ਨੂੰ ਬਿਆਨ ਕ਼ਰਦੇ ਹੋਏ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਵਿਚ ਫੁਰਮਾਇਆ ਹੈ:

**ਸਹਸ ਸਿਆਣਪਾ ਲਖ ਹੋਹਿ**
**ਤ ਇਕ ਨ ਚਲੈ ਨਾਲਿ॥** (ਪੰਨਾ ੧)

ਭਾਵ ਇਹ ਹੈ ਕਿ ਦੁਨੀਆ ਦੀਆਂ ਚਤੁਰਾਈਆਂ ਅਤੇ ਕਿਤਾਬੀ ਗਿਆਨ ਸੰਸਾਰ ਵਿਚ ਤਾਂ ਮਨੁੱਖ ਦੇ ਕੰਮ ਆ ਸਕਦਾ ਹੈ ਪਰੰਤੂ ਦਰਗਹਿ ਵਿਚ ਜਾਂ ਸਚਖੰਡ ਵਿਚ ਜਾਣ ਸਮੇਂ ਕੋਈ ਸਹਾਇਤਾ ਨਹੀਂ ਕਰ ਸਕਦਾ। ਤੱਤ ਗਿਆਨ, ਤਤ ਬੁਧਿ ਤੇ ਬ੍ਰਹਮ ਗਿਆਨ ਤਾਂ ਗੁਰੂਬਾਣੀ ਵਿਚੋਂ ਹੀ ਪ੍ਰਾਪਤ ਹੋ ਸਕਦਾ ਹੈ। ਸੁਖਮਨੀ ਸਾਹਿਬ ਵਿਚ ਸਤਿਗੁਰੂ ਜੀ ਫੁਰਮਾਉਂਦੇ ਹਨ:

**ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ॥**
**ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ॥** (ਪੰਨਾ ੨੬੨)

SIKHBOOKCLUB.COM

ਗੁਰਬਾਣੀ ਵਿਚ ਸਤਿਗੁਰੂ ਜੀ ਨੇ ਗੁਰਮੁਖਿ ਗੁਰਸਿੱਖਾਂ ਨੂੰ ਬਿਬੇਕ, ਬੁਧਿ, ਤੱਤ ਗਿਆਨ, ਨਿਰਮਲ ਬੁਧਿ, ਗੁਰਮਤਿ ਅਤੇ ਬ੍ਰਹਮ ਗਿਆਨ ਪ੍ਰਾਪਤ ਕਰਨ ਉੱਤੇ ਬਹੁਤ ਜ਼ੋਰ ਦਿੱਤਾ ਹੈ ਕਿਉਂਕਿ ਇਸਤੋਂ ਬਿਨਾਂ ਗੁਰਸਿਖ ਸਚਿਆਰ ਸਿੱਖ ਨਹੀਂ ਬਣ ਸਕਦੇ ਅਤੇ ਜਿਸ ਕੂੜ ਦੀ ਪਾਲਿ ਨੇ ਸਿੱਖ ਨੂੰ ਪ੍ਰਭੂ ਨਾਲੋਂ ਵਿਛੋੜਿਆ ਹੋਇਆ ਹੈ, ਉਹ ਦੂਰ ਨਹੀਂ ਹੋ ਸਕਦੀ।

ਜਿਨ੍ਹਾਂ ਤੱਤ ਵੇਤਾ, ਬ੍ਰਹਮ ਗਿਆਨੀਆਂ ਨੇ ਗੁਰਬਾਣੀ ਤੋਂ ਇਹ ਨਿਰਮਲ ਗਿਆਨ ਪ੍ਰਾਪਤ ਕਰ ਲਿਆ ਹੈ ਉਨ੍ਹਾਂ ਨੇ ਦ੍ਰਿੜ ਵਿਸ਼ਵਾਸ ਨਾਲ ਇਹ ਗੱਲ ਆਖੀ ਹੈ ਕਿ ਕਲਿਜੁਗ ਖ਼ਤਮ ਹੋਣ ਵਾਲਾ ਹੈ ਅਤੇ ਸਤਿਜੁਗ ਆਉਣ ਵਾਲਾ ਹੈ। ਇਹ ਵੀ ਇਕ ਅਟੱਲ ਸਚਿਆਈ ਹੈ ਕਿ ਉਸ ਅਕਾਲ ਪੁਰਖ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੂੰ ਇਹੋ ਮਹਾਨ ਪਰਿਵਰਤਨ ਲਿਆਉਣ ਲਈ ਭਗਤੀ ਤੇ ਸ਼ਕਤੀ ਦੇ ਅਖੁੱਟ ਭੰਡਾਰੇ ਦੇ ਕੇ ਸੰਸਾਰ ਵਿਚ ਭੇਜਿਆ ਸੀ। ਉਹ ਭਗਤੀ ਤੇ ਸ਼ਕਤੀ ਦੇ ਅਖੁੱਟ ਭੰਡਾਰੇ ਇਸ ਵੇਲੇ **ਸ੍ਰੀ ਗੁਰੂ ਗ੍ਰੰਥ ਸਾਹਿਬ** ਦੀ ਪਵਿੱਤਰ ਬਾਣੀ ਵਿਚ ਮੌਜੂਦ ਹਨ।



Sri Satguru Jagjit Singh Ji eLibrary NamdhariElibrary@gmail.com

ਸਵਾਲ ਪੈਦਾ ਹੁੰਦਾ ਹੈ ਕਿ ਇਹ ਮਹਾਨ ਪਰਿਵਰਤਨ ਹੁਣ ਤਕ ਆਇਆ ਕਿਉਂ ਨਹੀਂ? ਅਤੇ ਕਦੋਂ ਆਉਣ ਦੀ ਸੰਭਾਵਨਾ ਹੈ? ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਇਹ ਹੈ ਕਿ ਸੰਸਾਰ ਵਿਚ ਇਹ ਮਹਾਨ ਪਰਿਵਰਤਨ ਤਦ ਹੀ ਆ ਸਕਦਾ ਹੈ ਜੇ ਗੁਰਬਾਣੀ ਦਾ ਚਾਨਣ ਸਾਰੇ ਸੰਸਾਰ ਵਿਚ ਫੈਲਾਇਆ ਜਾਵੇ ਅਤੇ ਜੋ ਭਗਤੀ ਤੇ ਸ਼ਕਤੀ ਦੇ ਉੱਚੇ ਸੁੱਚੇ ਅਸੂਲ ਅਤੇ ਸਿੱਧਾਂਤ ਗੁਰਬਾਣੀ ਵਿਚ ਮੌਜੂਦ ਹਨ ਉਨ੍ਹਾਂ ਦਾ ਨਿਰਮਲ ਗਿਆਨ ਸੰਸਾਰ ਦੇ ਸਾਰੇ ਵਿਦਵਾਨਾਂ ਨੂੰ ਕਰਾਇਆ ਜਾਵੇ। ਉਨ੍ਹਾਂ ਨੂੰ ਇਹ ਪਤਾ ਲੱਗ ਜਾਵੇ ਕਿ ਉਨ੍ਹਾਂ ਅਸੂਲਾਂ ਅਤੇ ਸਿਧਾਂਤਾਂ ਨੂੰ ਵਰਤੋਂ ਵਿਚ ਕਿਵੇਂ ਲਿਆਉਣਾ ਹੈ। ਪਦਾਰਥਵਾਦ ਨੇ ਸੰਸਾਰ ਦੀ ਜੋ ਤਰਸਯੋਗ ਹਾਲਤ ਬਣਾ ਦਿੱਤੀ ਹੈ ਉਸ ਤੋਂ ਸਾਰੇ ਸੰਸਾਰ ਨੂੰ ਮੁਕਤਿ ਕਰਨ ਲਈ ਅਧਿਆਤਮਵਾਦ ਦਾ ਇਕ ਨਵਾਂ ਜੁੱਗ ਲਿਆਉਣ ਦੀ ਲੋੜ ਹੈ। ਜਿਸ ਦਾ ਸੰਦੇਸ਼ **ਸ੍ਰੀ ਗੁਰੂ ਗ੍ਰੰਥ ਸਾਹਿਬ** ਦੀ ਬਾਣੀ ਸਾਰੇ ਸੰਸਾਰ ਨੂੰ ਦੇ ਰਹੀ ਹੈ। ਇਸ ਅਟੱਲ ਸੱਚਾਈ ਨੂੰ ਬਿਆਨ ਕਰਦੇ ਹੋਏ ਸੁਖਮਨੀ ਸਾਹਿਬ ਵਿਚ ਸਤਿਗੁਰਾਂ ਨੇ ਫੁਰਮਾਇਆ ਹੈ:

**ਧੰਨੁ ਧੰਨੁ ਧੰਨੁ ਜਨੁ ਆਇਆ॥**
**ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ॥**
**ਜਨ ਆਵਨ ਕਾ ਇਹੈ ਸੁਆਉ॥**
**ਜਨ ਕੈ ਸੰਗਿ ਚਿਤਿ ਆਵੈ ਨਾਉ॥**
**ਆਪਿ ਮੁਕਤੁ ਮੁਕਤੁ ਕਰੈ ਸੰਸਾਰੁ॥**
**ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ॥** (ਪੰਨਾ ੨੯੪-੯੫)

ਕਲਿਜੁਗ ਨੇ ਸੰਸਾਰ ਵਿਚ ਪਦਾਰਥਵਾਦ ਦੇ ਅਵਗੁਣ ਇਤਨੇ ਜ਼ੋਰ ਨਾਲ ਫੈਲਾ ਦਿੱਤੇ ਹਨ ਕਿ ਪਾਪਾਂ ਵਿਚ ਗ੍ਰੱਸੀ ਪ੍ਰਿਥਮੀ ਨੇ ਤ੍ਰਾਹ ਤ੍ਰਾਹ ਕਰਦੇ ਹੋਏ ਉਸ ਦਇਆ ਦੇ ਸਾਗਰ ਅਕਾਲ ਪੁਰਖ ਵਾਹਿਗੁਰੂ ਅੱਗੇ ਪੁਕਾਰ ਕੀਤੀ ਅਤੇ

**ਸੁਣੀ ਪੁਕਾਰ ਦਾਤਾਰ ਪ੍ਰਭੁ**
**ਗੁਰੂ ਨਾਨਕ ਜਗ ਮਾਹਿ ਪਠਾਇਆ॥**

ਉਸ ਪਰਮਾਤਮਾ ਨੇ ਸੰਸਾਰ ਦੇ ਜੀਵਾਂ ਉੱਤੇ ਤਰਸ ਕਰਕੇ ਮਿਹਰਾਮਤ ਕੀਤੀ ਅਤੇ ਸਤਿਗੁਰੂ ਸੱਚੇ ਪਾਤਿਸ਼ਾਹ ਨੂੰ ਕਲਿਜੁਗ ਦੀ ਥਾਂ ਸਤਿਜੁਗ ਵਰਤਾਵਣ ਲਈ ਸੰਸਾਰ ਵਿਚ ਭੇਜਿਆ:

**ਬਾਬੇ ਡਿਠਾ ਧਿਆਨ ਧਰਿ ਜਲਤੀ ਸਭ ਪ੍ਰਿਥਮੀ ਦਿਸ ਆਈ॥**



Sri Satguru Jagjit Singh Ji eLibrary NamdhariElibrary@gmail.com

ਦੇ ਕਥਨ ਅਨੁਸਾਰ ਗੁਰੂ ਜੀ ਨੇ ਜਦੋਂ ਸਾਰੇ ਸੰਸਾਰ ਨੂੰ ਵੈਰ ਵਿਰੋਧ, ਨਫ਼ਰਤ ਅਤੇ ਤ੍ਰਿਸ਼ਨਾ ਦੀ ਅੱਗ ਵਿਚ ਸੜਦੇ ਹੋਏ ਵੇਖਿਆ ਤਾਂ ਨਾਮ ਅੰਮ੍ਰਿਤ ਦੇ ਛਿੱਟੇ ਦੇ ਕੇ ਇਸ ਅੱਗ ਤੋਂ ਬਚਣ ਲਈ ਗੁਰਬਾਣੀ ਦੀ ਰਚਨਾ ਕੀਤੀ। ਗੁਰਬਾਣੀ ਦਾ ਪ੍ਰਚਾਰ ਕਰਨ ਲਈ ਅਤੇ ਸਾਰੇ ਸੰਸਾਰ ਵਿਚ ਗੁਰਬਾਣੀ ਦਾ ਚਾਨਣ ਫੈਲਾਉਣ ਲਈ ਗੁਰਦੁਆਰੇ ਸਥਾਪਨ ਕੀਤੇ ਅਤੇ ਆਪਣੇ ਸਿੱਖਾਂ ਨੂੰ ਸਰਬੱਤ ਦੇ ਭਲੇ ਦੀਆਂ ਅਰਦਾਸਾਂ ਕਰਨ ਦੀ ਪ੍ਰੇਰਨਾ ਦਿੱਤੀ। ਗੁਰਬਾਣੀ ਵਿਚ ਸਤਿਗੁਰਾਂ ਨੇ ਸਿੱਖਾਂ ਨੂੰ ਇਸ ਭਾਵ ਦੀਆਂ ਅਰਦਾਸਾਂ ਕਰਨ ਵਾਸਤੇ ਹੁਕਮ ਕੀਤਾ ਹੈ:

**ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥**
**ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥** (ਪੰਨਾ ੮੫੩)

ਸ੍ਰੀ ਗੁਰੂ ਨਾਨਕ ਦੇਵ ਜੀ ਸਾਰੇ ਸੰਸਾਰ ਵਿਚ ਅਧਿਆਤਮਵਾਦ ਦਾ ਨਵਾਂ ਜੁੱਗ ਲਿਆ ਕੇ ਸਾਰੀ ਧਰਤੀ ਨੂੰ ਹੀ ਧਰਮਸਾਲ ਬਣਾ ਦੇਣਾ ਚਾਹੁੰਦੇ ਹਨ ਜਿਸ ਦਾ ਸੰਕੇਤ ਜਪੁਜੀ ਸਾਹਿਬ ਦੀ ਇਸ ਪਉੜੀ ਵਿਚ ਕੀਤਾ ਗਿਆ ਹੈ:

**ਰਾਤੀ ਰੁਤੀ ਥਿਤੀ ਵਾਰ॥**
**ਪਵਣ ਪਾਣੀ ਅਗਨੀ ਪਾਤਾਲ॥**
**ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ॥**
**ਤਿਸੁ ਵਿਚਿ ਜੀਅ ਜੁਗਤਿ ਕੇ ਰੰਗ॥**
**ਤਿਨ ਕੇ ਨਾਮ ਅਨੇਕ ਅਨੰਤ॥**
**ਕਰਮੀ ਕਰਮੀ ਹੋਇ ਵੀਚਾਰੁ॥**
**ਸਚਾ ਆਪਿ ਸਚਾ ਦਰਬਾਰੁ॥**
**ਤਿਥੈ ਸੋਹਨਿ ਪੰਚ ਪਰਵਾਣੁ॥**
**ਨਦਰੀ ਕਰਮਿ ਪਵੈ ਨੀਸਾਣੁ॥**
**ਕਚ ਪਕਾਈ ਓਥੈ ਪਾਇ॥**
**ਨਾਨਕ ਗਇਆ ਜਾਪੈ ਜਾਇ॥** (ਪੰਨਾ ੭)

ਭਾਈ ਸਾਹਿਬ ਭਾਈ ਗੁਰਦਾਸ ਜੀ ਗੁਰੂ ਜੀ ਦੇ ਇਸ ਮਨੋਰਥ ਨੂੰ ਪ੍ਰਗਟ ਕਰਦੇ ਹੋਏ ਫ਼ੁਰਮਾਉਂਦੇ ਹਨ:

**ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨ ਸਦਾ ਵਸੋਆ॥**
**ਬਾਬੇ ਤਾਰੇ ਚਾਰਿ ਚਕਿ ਨੌ ਖੰਡ ਪ੍ਰਿਥਮੀ ਸਚਾ ਢੋਆ॥**
**ਗੁਰਮੁਖਿ ਕਲਿ ਵਿਚ ਪ੍ਰਗਟ ਹੋਆ॥**



Sri Satguru Jagjit Singh Ji eLibrary NamdhariElibrary@gmail.com

ਸ੍ਰੀ ਗੁਰੂ ਅਰਜਨ ਦੇਵ ਜੀ ਗੁਰਬਾਣੀ ਵਿਚ ਫੁਰਮਾਉਂਦੇ ਹਨ:

**ਮੈ ਬਧੀ ਸਚੁ ਧਰਮਸਾਲ ਹੈ॥**
**ਗੁਰਸਿਖਾ ਲਹਦਾ ਭਾਲਿ ਕੈ॥**
**ਪੈਰ ਧੋਵਾ ਪਖਾ ਫੇਰਦਾ ਤਿਸੁ ਨਿਵਿ ਨਿਵਿ ਲਗਾ ਪਾਇ ਜੀਉ॥**
**ਸੁਣਿ ਗਲਾ ਗੁਰ ਪਹਿ ਆਇਆ॥**
**ਨਾਮੁ ਦਾਨੁ ਇਸਨਾਨੁ ਦਿੜਾਇਆ॥**
**ਸਭੁ ਮੁਕਤੁ ਹੋਆ ਸੈਸਾਰੜਾ**
**ਨਾਨਕ ਸਚੀ ਬੇੜੀ ਚਾੜਿ ਜੀਉ॥** (ਪੰਨਾ ੭੩-੭੪)

ਗੁਰਬਾਣੀ ਦੇ ਇਨ੍ਹਾਂ ਪ੍ਰਮਾਣਾਂ ਤੋਂ ਸਿੱਧ ਹੋ ਜਾਂਦਾ ਹੈ ਕਿ ਕਲਿਜੁਗ ਨੂੰ ਖ਼ਤਮ ਕਰਕੇ ਅਧਿਆਤਮਵਾਦ ਦਾ ਨਵਾਂ ਜੁੱਗ ਲਿਆਉਣ ਲਈ ਹੀ ਸਤਿਗੁਰਾਂ ਨੇ ਸਾਰੇ ਸੰਸਾਰ ਵਿਚ ਧਰਮ ਪ੍ਰਚਾਰ ਦੇ ਕੇਂਦਰ ਗੁਰਦੁਆਰੇ ਕ਼ਾਇਮ ਕਰਨ ਦੀ ਪ੍ਰੇਰਨਾ ਕੀਤੀ। ਇੱਕੀਵੀਂ ਸਦੀ ਵਿਚ ਦੁਨੀਆ ਦਾ ਕੋਈ ਐਸਾ ਦੇਸ਼ ਨਹੀਂ ਹੋਵੇਗਾ ਜਿਥੇ ਗੁਰੂ ਨਾਨਕ ਨਾਮ ਲੇਵਾ ਸਿੱਖਾਂ ਨੇ ਪਹੁੰਚ ਕੇ ਗੁਰਦੁਆਰਾ ਕਾਇਮ ਨ ਕੀਤਾ ਹੋਵੇ। ਗੁਰਦੁਆਰਾ ਉਹ ਸੱਚੀ ਟਕਸਾਲ ਹੈ ਜਿਥੇ ਸਿੱਖ ਦੇ ਜੀਵਨ ਨੂੰ ਗੁਰਮਤਿ ਦੇ ਸਚੇ ਵਿਚ ਢਾਲ ਕੇ ਗੁਰਮੁਖਿ ਬਣਾਇਆ ਜਾਂਦਾ ਹੈ ਤੇ ਗੁਰਮੁਖਿ ਗੁਰਸਿਖ ਨਾਮ ਸਿਮਰਨ ਕਰਕੇ ਇਤਨਾ ਆਤਮ ਗਿਆਨ ਤੇ ਬ੍ਰਹਮ ਗਿਆਨ ਪ੍ਰਾਪਤ ਕਰ ਲੈਂਦਾ ਹੈ ਕਿ

**ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ॥**

(ਪੰਨਾ ੬੦੮)

ਦੇ ਮਹਾਂਵਾਕ ਅਨੁਸਾਰ ਉਹ ਕਰੋੜਾਂ ਹੀ ਜੀਵਾਂ ਦਾ ਉਧਾਰ ਕਰ ਸਕਦਾ ਹੈ। ਇਸ ਸੱਚੀ ਟਕਸਾਲ ਵਿਚ

**ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥**
**ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ॥** (ਪੰਨਾ ੮)

ਦੇ ਮਹਾਂਵਾਕ ਅਨੁਸਾਰ ਸਿੱਖਾਂ ਦੀ ਸੁਰਤਿ, ਮਤਿ, ਮਨਿ ਤੇ ਬੁੱਧਿ ਦੀ ਐਸੀ ਨਵੀਂ ਘਾੜਤ ਘੜੀ ਜਾਂਦੀ ਹੈ ਕਿ ਇਨ੍ਹਾਂ ਚੌਹਾਂ ਵਿਚ ਰੂਹਾਨੀਅਤ ਦੀਆਂ ਅਪਾਰ ਸ਼ਕਤੀਆਂ ਪੈਦਾ ਹੋ ਜਾਂਦੀਆਂ ਹਨ। ਉਨ੍ਹਾਂ ਸ਼ਕਤੀਆਂ ਦੀ ਵਰਤੋਂ ਕਰਕੇ ਗੁਰਮੁਖਿ ਸਾਰੇ ਸੰਸਾਰ ਵਿਚ ਮਹਾਨ ਪਰਿਵਰਤਨ ਲਿਆ ਕੇ ਅਧਿਆਤਮਵਾਦ ਦਾ ਨਵਾਂ ਜੁੱਗ ਲਿਆਉਣ ਦੀ ਸਮਰੱਥਾ ਪ੍ਰਾਪਤ ਕਰ ਸਕਦੇ ਹਨ।



Sri Satguru Jagjit Singh Ji eLibrary NamdhariElibrary@gmail.com

ਜਪੁਜੀ ਸਾਹਿਬ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੰਜ ਖੰਡਾਂ ਦਾ ਵਰਣਨ ਕੀਤਾ ਹੈ ਜਿਨ੍ਹਾਂ ਵਿਚ ਰੂਹਾਨੀ ਸ਼ਕਤੀਆਂ ਦਾ ਵਰਤਾਰਾ ਵਰਤ ਰਿਹਾ।

ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਤੇ ਸਚਖੰਡ ਵਿਚ ਜੋ ਵਰਤਾਰਾ ਵਰਤ ਰਿਹਾ ਹੈ, ਉਹ ਸਾਰਾ ਧਰਮਸਾਲ (ਗੁਰਦੁਆਰੇ) ਵਿਚ ਵੀ ਜੁਗੋ ਜੁਗ ਅਟੱਲ ਸੱਚੇ ਪਾਤਿਸ਼ਾਹ **ਸ੍ਰੀ ਗੁਰੂ ਗ੍ਰੰਥ ਸਾਹਿਬ** ਦੇ ਹੁਕਮ ਦੀ ਰੌਸ਼ਨੀ ਵਿਚ ਵਰਤਣਾ ਚਾਹੀਦਾ ਹੈ। ਇਹੋ ਗੁਰੂ ਜੀ ਦਾ ਮਨੋਰਥ ਹੈ ਅਤੇ **ਸ੍ਰੀ ਗੁਰੂ ਗ੍ਰੰਥ ਸਾਹਿਬ** ਦੀ ਪਵਿੱਤਰ ਬਾਣੀ ਵਿਚ ਇਸ ਵਰਤਾਰੇ ਦੇ ਬਹੁਤ ਸਾਰੇ ਪ੍ਰਮਾਣ ਮਿਲਦੇ ਹਨ। ਮਿਸਾਲ ਦੇ ਤੌਰ ਤੇ:

**ਸਚ ਖੰਡਿ ਵਸੈ ਨਿਰੰਕਾਰੁ॥**
**ਕਰਿ ਕਰਿ ਵੇਖੈ ਨਦਰਿ ਨਿਹਾਲ॥** (ਪੰਨਾ ੮)

ਦਾ ਵਰਣਨ ਆਇਆ ਹੈ ਤਾਂ ਇਸੇ ਭਾਵ ਨੂੰ

**ਵਿਚ ਸੰਗਤਿ ਹਰਿ ਪ੍ਰਭੁ ਵਸੈ ਜੀਉ॥**

ਦੇ ਮਹਾਂਵਾਕ ਵਿਚ ਇਹ ਸਪੱਸ਼ਟ ਕੀਤਾ ਗਿਆ ਹੈ ਕਿ ਸਤਿਸੰਗ ਵਿਚ ਵੀ ਹਰੀ ਆਪ ਵੱਸਦਾ ਹੈ। ਸਤਿ ਸੰਗਤਿ ਵਿਚ ਪਰਮਾਤਮਾ ਦੇ ਨਾਮ ਅੰਮ੍ਰਿਤ ਦੀ ਵਰਖਾ ਹੁੰਦੀ ਹੈ, ਜਿਸ ਨਾਲ ਗੁਰਸਿੱਖਾਂ ਦੇ ਮਨਾਂ ਨੂੰ ਜਨਮਾਂ ਜਨਮਾਂ ਦੀ ਲੱਗੀ ਹੋਈ ਮੈਲ ਦੂਰ ਹੋ ਜਾਂਦੀ ਹੈ ਅਤੇ ਸਤਿਸੰਗੀਆਂ ਦੇ ਹਿਰਦੇ ਨਿਰਮਲ ਹੋ ਜਾਂਦੇ ਹਨ। ਮਤਿ, ਮਨਿ ਤੇ ਬੁੱਧਿ ਵੀ ਨਿਰਮਲ ਹੋ ਜਾਂਦੇ ਹਨ।

ਧਰਮਸਾਲ ਨੂੰ ਸਤਿਗੁਰਾਂ ਨੇ ਰੂਹਾਨੀਅਤ ਦੀ ਐਸੀ ਵਰਕਸ਼ਾਪ (ਟਕਸਾਲ) ਬਣਾਇਆ ਹੈ ਜਿੱਥੇ ਉਸ ਨਵੇਂ ਮਨੁੱਖ ਦੀ ਘਾੜਤ ਘੜੀ ਜਾ ਸਕਦੀ ਹੈ ਜਿਸ ਵਿਚ ਸਾਰੇ ਰੱਬੀ ਗੁਣ ਮੌਜੂਦ ਹੋਣ ਅਤੇ ਜਿਨ੍ਹਾਂ ਗੁਣਾਂ ਦਾ ਸਦਕਾ ਉਹ ਭਗਤੀ ਅਤੇ ਸ਼ਕਤੀ ਦੀਆਂ ਸਾਰੀਆਂ ਸ਼ਕਤੀਆਂ ਦੀ ਸੁਚੱਜੀ ਵਰਤੋਂ ਕਰਕੇ ਸੰਸਾਰ ਨੂੰ ਨਵਾਂ ਰੂਪ ਦੇਣ ਦੀ ਸਮਰੱਥਾ ਪ੍ਰਾਪਤ ਕਰ ਸਕਦਾ ਹੈ। ਇਸ ਅਟੱਲ ਸਚਿਆਈ ਨੂੰ ਪ੍ਰਗਟ ਕਰਦੇ ਹੋਏ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਲਿਖਿਆ ਹੈ:

**ਨਿਰੰਕਾਰ ਆਕਾਰ ਕਰਿ ਜੋਤਿ ਸਰੂਪ ਅਨੂਪ ਦਿਖਾਇਆ॥**
**ਬੇਦ ਕਿਤੇਬ ਅਗੋਚਰਾ ਵਾਹਿਗੁਰੂ ਗੁਰ ਸਬਦ ਸੁਣਾਇਆ॥**
**ਚਾਰ ਵਰਨ ਚਾਰ ਮਜਹਬਾਂ, ਚਰਣ ਕਵਲ ਸਰਣਾਗਤਿ ਆਇਆ॥**
**ਪਾਰਸ ਪਰਸਿ ਅਪਰਸ ਜਗ ਅਸਟਧਾਤ ਇਕ ਧਾਤ ਕਰਾਇਆ॥**



Sri Satguru Jagjit Singh Ji eLibrary NamdhariElibrary@gmail.com

**ਪੈਰੀ ਪਾਇ ਨਿਵਾਇ ਕੈ ਹਉਮੈ ਰੋਗ ਅਸਾਧ ਮਿਟਾਇਆ॥**
**ਹੁਕਮਿ ਰਜਾਈ ਚਲਣਾ ਗੁਰਮੁਖਿ ਗਾਡੀ ਰਾਹ ਚਲਾਇਆ॥**
**ਪੂਰੇ ਪੂਰਾ ਥਾਟ ਬਣਾਇਆ॥**

ਭਾਈ ਸਾਹਿਬ ਦੇ ਇਸ ਕਥਨ ਦਾ ਵਰਤਾਰਾ ਸਾਰੇ ਸੰਸਾਰ ਵਿਚ ਵਰਤ ਜਾਵੇਗਾ ਤਾਂ ਅਧਿਆਤਮਵਾਦ ਦਾ ਨਵਾਂ ਜੁੱਗ ਆ ਜਾਵੇਗਾ:

**ਸਬਦੁ ਗੁਰ ਪੀਰਾ ਗਹਿਰ ਗੰਭੀਰਾ**
**ਬਿਨੁ ਸਬਦੈ ਜਗੁ ਬਉਰਾਨੰ॥** (ਪੰਨਾ ੬੩੫)

ਅਥਵਾ **ਬਿਨੁ ਨਾਵੈ ਜਗੁ ਕਮਲਾ ਫਿਰੈ**
**ਗੁਰਮੁਖਿ ਨਦਰੀ ਆਇਆ॥** (ਪੰਨਾ ੬੪੩)

ਨਾਮ ਸਿਮਰਨ ਤੋਂ ਬਿਨਾਂ ਸਾਰਾ ਸੰਸਾਰ ਹੀ ਕਮਲਾ (ਪਾਗ਼ਲ) ਹੋਇਆ ਫਿਰਦਾ ਹੈ। ਇਸ ਦੀ ਕੁਮਤਿ ਜਦੋਂ ਤਕ ਸੁਮਤਿ ਵਿਚ ਨਹੀਂ ਬਦਲਦੀ ਇਸ ਨੂੰ ਗੁਰਮਤਿ ਦਾ ਗਿਆਨ ਪ੍ਰਾਪਤ ਨਹੀਂ ਹੋ ਸਕਦਾ ਅਤੇ ਇਸਦਾ ਪਾਗ਼ਲਪਣ ਦੂਰ ਨਹੀਂ ਹੋ ਸਕਦਾ। ਇਸ ਵਾਸਤੇ ਗੁਰਬਾਣੀ ਦੁਆਰਾ ਉਸ ਅਕਾਲ ਪੁਰਖ ਅੱਗੇ ਪ੍ਰਾਰਥਨਾ ਕਰਦੇ ਹਨ:

SIKHBOOKCLUB.COM

**ਸਾ ਮਤਿ ਦੇਹੁ ਦਇਆਲ ਪ੍ਰਭ**
**ਜਿਤੁ ਤੁਮਹਿ ਅਰਾਧਾ॥**
**ਨਾਨਕੁ ਮੰਗੈ ਦਾਨੁ ਪ੍ਰਭ ਰੇਨ ਪਗ ਸਾਧਾ॥** (ਪੰਨਾ ੬੭੭-੭੮)

ਅਥਵਾ **ਹਾਰਿ ਪਰਿਓ ਸੁਆਮੀ ਕੈ ਦੁਆਰੈ**
**ਦੀਜੈ ਬੁਧਿ ਬਿਬੇਕਾ॥** (ਪੰਨਾ ੬੪੧)

ਕਬੀਰ ਸਾਹਿਬ ਨੇ ਵੀ ਫੁਰਮਾਇਆ ਹੈ:

**ਕਹਿ ਕਬੀਰ ਬੁਧਿ ਹਰਿ ਲਈ ਮੇਰੀ**
**ਬੁਧਿ ਬਦਲੀ ਸਿਧਿ ਪਾਈ॥** (ਪੰਨਾ ੩੩੯)

ਭਾਵ ਜਦੋਂ ਪਰਮਾਤਮਾ ਨੇ ਮੇਰੀ ਖੋਟੀ ਮਤਿ ਦੂਰ ਕਰਕੇ ਉਸਦੀ ਥਾਂ ਸੁਬੁਧਿ ਦੇ ਦਿੱਤੀ ਤਾਂ ਰਿਧੀਆਂ ਸਿਧੀਆਂ ਮੇਰੇ ਮਗਰ ਲੱਗੀਆਂ ਫਿਰਦੀਆਂ ਹਨ।

ਜਦੋਂ ਕਿਸੇ ਮਨੁੱਖ ਦੀ ਮਤਿ ਮਲੀਨ ਹੋ ਜਾਂਦੀ ਹੈ ਤਾਂ ਉਸ ਵਿਚੋਂ ਮੰਦੇ ਖ਼ਿਆਲ ਹੀ ਪੈਦਾ ਹੁੰਦੇ ਹਨ। ਜਪੁਜੀ ਸਾਹਿਬ ਵਿਚ ਸਤਿਗੁਰਾਂ ਨੇ ਫੁਰਮਾਇਆ ਹੈ:

**ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥** (ਪੰਨਾ ੪)



Sri Satguru Jagjit Singh Ji eLibrary NamdhariElibrary@gmail.com

ਜਦੋਂ ਗੁਰਮੁਖਿ

**ਸੇਵਕ ਕੀ ਮਨਸਾ ਪੂਰੀ ਭਈ॥**
**ਸਤਿਗੁਰ ਤੇ ਨਿਰਮਲ ਮਤਿ ਲਈ॥** (ਪੰਨਾ ੨੮੯)

ਅਤੇ **ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ॥**
**ਗੁਰਬਚਨੀ ਹਰਿ ਨਾਮੁ ਉਚਰੈ॥**
**ਸਤਿਗੁਰੁ ਸਿਖ ਕੇ ਬੰਧਨ ਕਾਟੈ॥**
**ਗੁਰ ਕਾ ਸਿਖੁ ਬਿਕਾਰ ਤੇ ਹਾਟੈ॥** (ਪੰਨਾ ੨੮੬)

ਦੇ ਮਹਾਂਵਾਕ ਅਨੁਸਾਰ ਜਦੋਂ ਗੁਰਸਿਖ ਦੀ ਨਾਮ ਸਿਮਰਨ ਕਰਨ ਨਾਲ ਮਤਿ ਨਿਰਮਲ ਹੋ ਜਾਂਦੀ ਹੈ ਤਾਂ ਉਸ ਨੂੰ ਨਿਰਮਲ ਗਿਆਨ ਪ੍ਰਾਪਤ ਹੋ ਜਾਂਦਾ ਹੈ। ਫਿਰ ਉਸ ਨੂੰ ਸ਼ੁਭ ਵਿਚਾਰ ਹੀ ਫੁਰਦੇ ਹਨ। ਗੁਰਬਾਣੀ ਵਿਚ ਸਤਿਗੁਰੂ ਜੀ ਫੁਰਮਾਉਂਦੇ ਹਨ:

**ਨਾਮੁ ਲੈਤ ਮਨੁ ਪਰਗਟੁ ਭਇਆ॥**
**ਨਾਮੁ ਲੈਤ ਪਾਪੁ ਤਨ ਤੇ ਗਇਆ॥**
**ਨਾਮੁ ਲੈਤ ਸਗਲ ਪੁਰਬਾਇਆ॥**
**ਨਾਮੁ ਲੈਤ ਅਠਸਠਿ ਮਜਨਾਇਆ॥**
**ਤੀਰਥੁ ਹਮਰਾ ਹਰਿ ਕੋ ਨਾਮੁ॥**
**ਗੁਰਿ ਉਪਦੇਸਿਆ ਤਤੁ ਗਿਆਨੁ॥** (ਪੰਨਾ ੧੧੪੨)

SIKHBOOKCLUB.COM

ਜਦੋਂ ਗੁਰਸਿਖ ਸਤਿਸੰਗਤਿ ਵਿਚ ਇਕੱਤਰ ਹੋ ਕੇ ਨਾਮ ਸਿਮਰਨ ਕਰਦੇ ਹਨ ਤਾਂ ਉਹ ਪਤਿਤ ਤੋਂ ਪੁਨੀਤ ਹੋ ਜਾਂਦੇ ਹਨ। ਮਨਮੁਖ ਤੋਂ ਗੁਰਮੁਖਿ ਬਣ ਜਾਂਦੇ ਹਨ। ਸਤਿਗੁਰੂ ਜੀ ਬਾਣੀ ਵਿਚ ਫੁਰਮਾਉਂਦੇ ਹਨ:

**ਪਤਿਤ ਪਵਿਤ੍ਰ ਲੀਏ ਕਰਿ ਅਪੁਨੇ**
**ਸਗਲ ਕਰਤ ਨਮਸਕਾਰੋ॥**
**ਬਰਨੁ ਜਾਤਿ ਕੋਊ ਪੂਛੈ ਨਾਹੀ**
**ਬਾਛਹਿ ਚਰਨ ਰਵਾਰੋ॥**
**ਠਾਕੁਰ ਐਸੋ ਨਾਮੁ ਤੁਮ੍ਾਰੋ॥**
**ਸਗਲ ਸ੍ਰਿਸਟਿ ਕੋ ਧਣੀ ਕਹੀਜੈ**
**ਜਨ ਕੋ ਅੰਗੁ ਨਿਰਾਰੋ॥ ਰਹਾਉ॥**
**ਸਾਧ ਸੰਗਿ ਨਾਨਕ ਬੁਧਿ ਪਾਈ**



Sri Satguru Jagjit Singh Ji eLibrary NamdhariElibrary@gmail.com

**ਹਰਿ ਕੀਰਤਨੁ ਆਧਾਰੋ॥**

**ਨਾਮਦੇਉ ਤ੍ਰਿਲੋਚਨੁ ਕਬੀਰ ਦਾਸਰੋ**

**ਮੁਕਤਿ ਭਇਓ ਚਮਿਆਰੋ॥** (ਪੰਨਾ ੪੯੮)

ਗੁਰਬਾਣੀ ਦੇ ਇਨ੍ਹਾਂ ਪ੍ਰਮਾਣਾਂ ਤੋਂ ਪਤਾ ਚਲਦਾ ਹੈ ਕਿ ਗੁਰਦੁਆਰੇ ਵਿਚ ਜਾ ਕੇ ਜਦੋਂ ਗੁਰਸਿਖ ਗੁਰਬਾਣੀ ਦਾ ਕੀਰਤਨ ਤੇ ਕਥਾ ਸੁਣਦੇ ਹਨ ਤਾਂ ਉਨ੍ਹਾਂ ਦੇ ਜੀਵਨ ਵਿਚ ਪੂਰਨ ਪਰਿਵਰਤਨ ਆ ਜਾਂਦਾ ਹੈ ਅਤੇ ਉਨ੍ਹਾਂ ਨੂੰ ਸਾਰੇ ਮਨੁੱਖੀ ਸਮਾਜ ਵਿਚ ਮਹਾਨ ਪਰਿਵਰਤਨ ਲਿਆਉਣ ਦੀ ਸਮਰਥਾ ਪ੍ਰਾਪਤ ਹੋ ਜਾਂਦੀ ਹੈ:

**ਆਪਿ ਮੁਕਤੁ ਮੁਕਤੁ ਕਰੈ ਸੰਸਾਰੁ॥**

**ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ॥** (ਪੰਨਾ ੨੯੫)

ਦੇ ਮਹਾਂਵਾਕ ਅਨੁਸਾਰ ਉਸ ਤੱਤ ਵੇਤਾ ਅਤੇ ਬ੍ਰਹਮ ਗਿਆਨੀ ਮਹਾਂਪੁਰਖ ਨੂੰ ਸਾਰਾ ਸੰਸਾਰ ਹੀ ਨਮਸਕਾਰਾਂ ਕਰਦਾ ਹੈ:

**ਹਰਿ ਮਨਿ ਤਨਿ ਵਸਿਆ ਸੋਈ॥**

**ਜੈ ਜੈ ਕਾਰੁ ਕਰੇ ਸਭੁ ਕੋਈ॥** (ਪੰਨਾ ੬੨੯)

ਗੁਰੂ ਦਾ ਉਪਦੇਸ਼ ਸਿੱਖ ਵਿਚ ਕਿਤਨਾ ਪਰਿਵਰਤਨ ਲਿਆ ਸਕਦਾ ਹੈ?

**ਕਚਹੁ ਕੰਚਨੁ ਭਇਅਉ ਸਬਦੁ ਗੁਰ ਸ੍ਰਵਣਹਿ ਸੁਣਿਓ॥**

**ਬਿਖੁ ਤੇ ਅੰਮ੍ਰਿਤੁ ਹੁਯਉ ਨਾਮੁ ਸਤਿਗੁਰ ਮੁਖਿ ਭੁਣਿਅਉ॥**

**ਲੋਹਉ ਹੋਯਉ ਲਾਲੁ ਨਦਰਿ ਸਤਿਗੁਰੁ ਜਦਿ ਧਾਰੈ॥**

**ਪਾਹਣ ਮਾਣਕ ਕਰੈ ਗਿਆਨੁ ਗੁਰ ਕਹਿਅਉ ਬੀਚਾਰੈ॥**

**ਕਾਠਹੁ ਸ੍ਰੀਖੰਡ ਸਤਿਗੁਰਿ ਕੀਅਉ ਦੁਖ ਦਰਿਦ੍ਰ ਤਿਨ ਕੇ ਗਇਅ॥**

**ਸਤਿਗੁਰੂ ਚਰਨ ਜਿਨ੍ਹ ਪਰਸਿਆ ਸੇ ਪਸੁ ਪਰੇਤ ਸੁਰਿ ਨਰ ਭਇਅ॥**

(ਪੰਨਾ ੧੩੯੯)

ਇਸ ਪਵਿੱਤਰ ਮਹਾਂਵਾਕ ਤੇ ਵੀਚਾਰ ਕਰਨ ਤੋਂ ਪਤਾ ਲੱਗਦਾ ਹੈ ਕਿ ਗੁਰਸ਼ਬਦ ਵਿਚ ਕਿਤਨੀ ਮਹਾਨ ਸ਼ਕਤੀ ਹੈ। ਕਿਸ ਤਰ੍ਹਾਂ ਗੁਰੂ ਦਾ ਸ਼ਬਦ ਪਸ਼ੂ ਤੋਂ ਪਰੇਤ ਵਰਗੀ ਬਿਰਤੀ ਵਾਲਿਆਂ ਨੂੰ ਵਧੀਆ ਇਨਸਾਨ ਤੇ ਦੇਵਤਾ ਬਣਾ ਸਕਦਾ ਹੈ। ਸ੍ਰੀ ਆਸਾ ਜੀ ਦੀ ਵਾਰ ਦੇ ਆਰੰਭ ਵਿਚ ਹੀ ਸਤਿਗੁਰਾਂ ਨੇ ਫੁਰਮਾਇਆ ਹੈ:

**ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥**

**ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥**

(ਪੰਨਾ ੪੬੨)



Sri Satguru Jagjit Singh Ji eLibrary NamdhariElibrary@gmail.com

ਪਦਾਰਥਵਾਦ ਦੇ ਜੁੱਗ ਵਿਚ ਮਨੁੱਖਾਂ ਦੇ ਹਿਰਦੇ ਤ੍ਰਿਸ਼ਨਾ ਦੀ ਅੱਗ ਵਿਚ ਸੜ ਕੇ

**ਮਨਿ ਮਾਇਆ ਮੋਹ ਮਨੂਰ**

ਦੇ ਮਹਾਂਵਾਕ ਅਨੁਸਾਰ ਮਨੂਰ ਵਰਗੇ ਬਣ ਗਏ ਹਨ। ਇਹੋ ਕਾਰਨ ਹੈ ਕਿ ਸੰਸਾਰ ਵਿਚ ਅਤਿਆਚਾਰ, ਜ਼ੁਲਮ ਤੇ ਲੁੱਟ-ਖਸੁੱਟ ਅਤੇ ਧੱਕੇਸ਼ਾਹੀ ਦੇ ਜੁਰਮ ਬਹੁਤ ਵਧ ਗਏ। ਮਨੁੱਖੀ ਕਦਰਾਂ ਕੀਮਤਾਂ ਦਾ ਹਰ ਥਾਂ ਘਾਣ ਹੋ ਰਿਹਾ ਹੈ। ਅਮੀਰੀ ਤੇ ਗ਼ਰੀਬੀ ਦਾ ਪਾੜਾ ਵਧ ਰਿਹਾ ਹੈ। ਭ੍ਰਿਸ਼ਟਾਚਾਰ ਇਤਨਾ ਵਧ ਗਿਆ ਹੈ ਕਿ ਮਨੁੱਖੀ ਭਾਈਚਾਰੇ ਦਾ ਸਾਰਾ ਢਾਂਚਾ ਹੀ ਟੁੱਟ ਫੁੱਟ ਗਿਆ ਹੈ। ਸਮਾਜ ਦੀ ਇਸ ਦਸ਼ਾ ਦਾ ਨਕਸ਼ਾ ਗੁਰਬਾਣੀ ਵਿਚ ਇਉਂ ਖਿੱਚਿਆ ਗਿਆ ਹੈ:

**ਕਾਇਆ ਆਰਣੁ ਮਨੁ ਵਿਚਿ ਲੋਹਾ**
**ਪੰਚ ਅਗਨਿ ਤਿਤੁ ਲਾਗਿ ਰਹੀ॥**
**ਕੋਇਲੇ ਪਾਪ ਪੜੇ ਤਿਸੁ ਊਪਰਿ**
**ਮਨੁ ਜਲਿਆ ਸੰਨ੍ਹੀ ਚਿੰਤ ਭਈ॥**
**ਭਇਆ ਮਨੂਰੁ ਕੰਚਨੁ ਫਿਰਿ ਹੋਵੈ**
**ਜੇ ਗੁਰੁ ਮਿਲੈ ਤਿਨੇਹਾ॥**
**ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ**
**ਨਾਨਕ ਤ੍ਰਿਸਟਸਿ ਦੇਹਾ॥** (ਪੰਨਾ ੯੯੦)

ਕਲਿਜੁਗ ਨੂੰ ਸਤਿਜੁਗ ਵਿਚ ਬਦਲਣ ਵਾਲੀਆਂ ਰੂਹਾਨੀ ਸ਼ਕਤੀਆਂ ਦੇ ਮਾਲਕ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਸਾਰੇ ਸੰਸਾਰ ਉੱਤੇ ਤਰਸ ਕਰਦੇ ਹੋਏ ਇਸ ਸ਼ਬਦ ਵਿਚ ਦੱਸਿਆ ਹੈ ਕਿ ਗੁਰੂ ਦੇ ਸ਼ਬਦ ਵਿਚ ਉਸ ਮਨੂਰ ਹੋਏ ਮਨ ਨੂੰ ਕੰਚਨ ਬਣਾ ਦੇਣ ਦੀ ਸਮਰੱਥਾ ਹੈ ਅਤੇ ਗੁਰਬਾਣੀ ਵਿਚ ਜੋ ਨਾਮ ਅੰਮ੍ਰਿਤ ਭਰਿਆ ਹੋਇਆ ਹੈ ਉਹ ਸਾਰੇ ਮਨੁੱਖੀ ਸਮਾਜ ਵਿਚ ਮਹਾਨ ਪਰਿਵਰਤਨ ਲਿਆਉਣ ਦੀ ਸਮਰੱਥਾ ਰੱਖਦਾ ਹੈ। ਇਸੇ ਨਾਮ ਅੰਮ੍ਰਿਤ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਖੰਡੇ ਬਾਟੇ ਦੇ ਅੰਮ੍ਰਿਤ ਦਾ ਰੂਪ ਦੇ ਕੇ ਮਨੁੱਖੀ ਸਮਾਜ ਵਿਚ ਇਕ ਨਵੀਂ ਰੂਹ ਫੂਕ ਦਿੱਤੀ ਸੀ।

ਇਸ ਖੰਡੇ ਬਾਟੇ ਦੇ ਅੰਮ੍ਰਿਤ ਵਿਚ ਅੱਜ ਵੀ ਪਦਾਰਥਵਾਦ ਨੂੰ ਅਧਿਆਤਮਵਾਦ ਵਿਚ ਬਦਲ ਦੇਣ ਦੀ ਮਹਾਨ ਰੂਹਾਨੀ ਸ਼ਕਤੀ ਮੌਜੂਦ ਹੈ। ਪਰੰ ਲੋੜ ਇਸ ਗੱਲ ਦੀ ਹੈ ਕਿ ਗੁਰਬਾਣੀ ਵਿਚ ਜੋ ਨਾਮ ਅੰਮ੍ਰਿਤ ਭਰਿਆ

SIKHBOOKCLUB.COM



Sri Satguru Jagjit Singh Ji eLibrary NamdhariElibrary@gmail.com

ਹੋਇਆ ਹੈ ਉਸ ਦਾ ਪ੍ਰਚਾਰ ਸਾਰੇ ਸੰਸਾਰ ਵਿਚ ਇਸ ਢੰਗ ਨਾਲ ਕੀਤਾ ਜਾਵੇ ਕਿ ਕੋਈ ਵੀ ਮਨੁੱਖ ਇਸਤੋਂ ਵਾਂਝਾ ਨਾ ਰਹੇ।

ਸਾਰੇ ਸੰਸਾਰ ਵਿਚ ਗੁਰਬਾਣੀ ਨੂੰ ਸਾਰੇ ਸੰਸਾਰ ਦੀਆਂ ਪ੍ਰਸਿੱਧ ਬੋਲੀਆਂ ਵਿਚ ਉਲਥਾ ਕਰਕੇ ਹਰ ਥਾਂ ਪ੍ਰਚਾਰਿਆ ਜਾਵੇ ਤਾਂ

**ਉਧਰਿਆ ਸਭ ਸੰਸਾਰੁ॥**

ਦੇ ਮਹਾਂਵਾਕ ਅਨੁਸਾਰ ਸਾਰੇ ਸੰਸਾਰ ਦਾ ਉਧਾਰ ਹੋ ਸਕਦਾ ਹੈ।

ਸੰਸਾਰ ਦੇ ਸਾਰੇ ਧਰਮਾਂ ਦੀਆਂ ਪੁਸਤਕਾਂ ਦੀ ਪੜਚੋਲ ਕਰਨ ਤੋਂ ਪਤਾ ਲੱਗਦਾ ਹੈ ਕਿ ਹੋਰ ਕਿਸੇ ਵੀ ਧਰਮ ਗ੍ਰੰਥ ਨੇ ਨਾਮ ਅੰਮ੍ਰਿਤ ਦਾ ਵਰਣਨ ਨਹੀਂ ਕੀਤਾ। ਇਹ ਨਾਮ ਅੰਮ੍ਰਿਤ ਦੀ ਅਮੋਲਕ ਦਾਤ ਉਸ ਅਕਾਲ ਪੁਰਖ ਨੇ ਕੇਵਲ ਤੇ ਕੇਵਲ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਹੀ ਦੇ ਕੇ ਸੰਸਾਰ ਵਿਚ ਭੇਜਿਆ ਤੇ ਉਨ੍ਹਾਂ ਨੇ ਇਹ ਨਾਮ ਅੰਮ੍ਰਿਤ **ਸ੍ਰੀ ਗੁਰੂ ਗ੍ਰੰਥ ਸਾਹਿਬ** ਦੀ ਬਾਣੀ ਵਿਚ ਸਦਾ ਵਾਸਤੇ ਭਰਪੂਰ ਕਰ ਰੱਖਿਆ ਹੈ।

**ਸਭ ਕਲਿ ਉਧਰੀ ਇਕ ਨਾਮ ਧਰਮ॥**

ਗੁਰਬਾਣੀ ਵਿਚ ਹੋਰ ਲਿਖਿਆ ਹੈ:

**ਕਲਿਜੁਗੁ ਉਧਾਰਿਆ ਗੁਰਦੇਵ॥**SIKHBOOKCLUB.COM

**ਮਲ ਮੂਤ ਮੂੜ ਜਿ ਮੁਘਦ ਹੋਤੇ**

**ਸਭਿ ਲਗੇ ਤੇਰੀ ਸੇਵ॥** (ਪੰਨਾ ੪੦੬)

ਮਲੀਨ ਬੁਧਿ ਵਾਲੇ, ਮੂੜ ਮੁਗਧ ਅਤੇ ਜੋ "ਅਸੰਖ ਮੂਰਖ ਅੰਧ ਘੋਰ" ਸਨ ਉਨ੍ਹਾਂ ਨੇ ਵੀ ਜਦ ਗੁਰਦੁਆਰੇ ਜਾ ਕੇ ਸਤਿ ਸੰਗਤਿ ਵਿਚ ਬੈਠ ਕੇ ਗੁਰਬਾਣੀ ਦਾ ਅੰਮ੍ਰਿਤ ਕੀਰਤਨ ਸੁਣਿਆ ਤਾਂ ਉਨ੍ਹਾਂ ਵਿਚ ਸੇਵਾ ਸਿਮਰਨ ਤੇ ਕੁਰਬਾਨੀ ਦੇ ਸ਼ੁਭ ਗੁਣ ਪੈਦਾ ਹੋ ਗਏ। ਉਨ੍ਹਾਂ ਦੇ ਮਨ ਤੇ ਬੁਧਿ ਨਿਰਮਲ ਹੋ ਗਏ ਤੇ ਉਹ ਗੁਰੂ ਨਾਨਕ ਦੇਵ ਦੇ ਚਲਾਏ ਨਿਰਮਲ ਪੰਥ ਦੇ ਪਾਂਧੀ ਬਣ ਗਏ। ਕਿਹੋ ਜਿਹੇ ਲੋਕਾਂ ਦਾ ਕਿਹੋ ਜਿਹਾ ਤੇ ਕਿਵੇਂ ਉਧਾਰ ਹੋਇਆ? ਇਸ ਬਾਰੇ ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ:

**ਸਤਿਗੁਰ ਬਚਨ ਤੁਮ੍ਾਰੇ॥**

**ਨਿਰਗੁਣ ਨਿਸਤਾਰੇ॥ ਰਹਾਉ॥**

**ਮਹਾ ਬਿਖਾਦੀ ਦੁਸਟ ਅਪਵਾਦੀ ਤੇ ਪੁਨੀਤ ਸੰਗਾਰੇ॥**

**ਜਨਮ ਭਵੰਤੇ ਨਰਕਿ ਪੜੰਤੇ ਤਿਨ੍ ਕੇ ਕੁਲ ਉਧਾਰੇ॥**



Sri Satguru Jagjit Singh Ji eLibrary NamdhariElibrary@gmail.com

**ਕੋਇ ਨ ਜਾਨੈ ਕੋਇ ਨ ਮਾਨੈ ਸੇ ਪਰਗਟੁ ਹਰਿ ਦੁਆਰੇ॥**
**ਕਵਨ ਉਪਮਾ ਦੇਉ ਕਵਨ ਵਡਾਈ ਨਾਨਕ ਖਿਨੁ ਖਿਨੁ ਵਾਰੇ॥**

(ਪੰਨਾ ੪੦੬)

ਗੁਰਬਾਣੀ ਦੇ ਇਨ੍ਹਾਂ ਪ੍ਰਮਾਣਾਂ ਤੋਂ ਸਿੱਧ ਹੁੰਦਾ ਹੈ ਕਿ ਗੁਰੂ ਕੇ ਸ਼ਬਦ, ਪਰਮੇਸ਼ਰ ਦੇ ਹੁਕਮ ਅਤੇ ਨਾਮ ਅੰਮ੍ਰਿਤ ਵਿਚ ਉਹ ਸਾਰੀਆਂ ਰੂਹਾਨੀ ਸ਼ਕਤੀਆਂ ਮੌਜੂਦ ਹਨ ਜੋ ਕਲਿਜੁਗ ਨੂੰ ਖ਼ਤਮ ਕਰਕੇ ਸਤਿਜੁਗ ਲਿਆ ਸਕਦੀਆਂ ਹਨ ਅਤੇ ਪਦਾਰਥਵਾਦ ਨੂੰ ਖ਼ਤਮ ਕਰਕੇ ਸਾਰੇ ਸੰਸਾਰ ਵਿਚ ਅਧਿਆਤਮਵਾਦ ਦਾ ਇਕ ਨਵਾਂ ਜੁੱਗ ਲਿਆ ਸਕਦੀਆਂ ਹਨ।

ਗੁਰਬਾਣੀ ਦੇ ਪ੍ਰਗਟ ਹੋਣ ਤੋਂ ਪਹਿਲਾਂ ਸੰਸਾਰ ਦੇ ਸਾਰੇ ਮਨੁੱਖਾਂ ਦੇ ਕਰਮ ਜਾਲ ਤੋਂ ਮੁਕਤ ਹੋਣ ਦਾ ਸਾਧਨ ਵੀ ਕਿਸੇ ਧਰਮ ਗ੍ਰੰਥ ਨੇ ਨਹੀਂ ਦੱਸਿਆ। ਸਾਰੇ ਬੇਦਾਂ ਕਿਤੇਬਾਂ ਵਿਚ ਇਹੋ ਦੱਸਿਆ ਗਿਆ ਹੈ ਕਿ ਚੰਗੇ ਮਾੜੇ ਕਰਮਾਂ ਦਾ ਫਲ ਮਨੁੱਖਾਂ ਨੂੰ ਨਰਕ ਸੁਰਗ ਵਿਚ ਭੋਗ ਕੇ ਫਿਰ ਜੰਮਣ ਮਰਨ ਦੇ ਚੱਕਰ ਵਿਚੋਂ ਗੁਜ਼ਰਨਾ ਪੈਂਦਾ ਹੈ ਅਤੇ ਇਹ ਸਿਲਸਿਲਾ ਕਦੇ ਖ਼ਤਮ ਨਹੀਂ ਹੁੰਦਾ। **ਸ੍ਰੀ ਗੁਰੂ ਗ੍ਰੰਥ ਸਾਹਿਬ** ਦੀ ਬਾਣੀ ਵਿਚ ਸਤਿਗੁਰਾਂ ਨੇ ਬਖਸ਼ਿਸ਼ ਦਾ ਨਵਾਂ ਸਿੱਧਾਂਤ ਪੇਸ਼ ਕੀਤਾ ਹੈ ਜਿਸ ਅਨੁਸਾਰ ਜਿਹੜੇ ਗੁਰਮੁਖਿ ਨਾਮ ਸਿਮਰਨ ਕਰਕੇ ਪ੍ਰਭੂ ਦੀ ਬਖਸ਼ਿਸ਼ ਦੇ ਪਾਤਰ ਬਣ ਜਾਣਗੇ ਉਨ੍ਹਾਂ ਨੂੰ ਕਰਮ ਜਾਲ ਤੋਂ ਮੁਕਤੀ ਮਿਲ ਜਾਵੇਗੀ:

**ਜਾ ਕਉ ਅਪੁਨੀ ਕਰੈ ਬਖਸੀਸ॥**
**ਤਾ ਕਾ ਲੇਖਾ ਨਾ ਗਨੈ ਜਗਦੀਸ॥** (ਪੰਨਾ ੨੭੭)

ਅਥਵਾ **ਨਾਨਕ ਜਿਨ੍ ਕਉ ਸਤਿਗੁਰੁ ਮਿਲਿਆ**
**ਤਿਨ੍ ਕਾ ਲੇਖਾ ਨਿਬੜਿਆ॥** (ਪੰਨਾ ੪੩੫)

ਨਾਮ ਸਿਮਰਨ ਕਰਨ ਵਾਲੇ ਗੁਰਮੁਖਿ ਉਸ ਦਇਆਲੂ ਪ੍ਰਭੂ ਅੱਗੇ ਅਰਦਾਸ ਕਰਦੇ ਹਨ:

**ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ॥**
**ਬਖਸਨਹਾਰ ਬਖਸਿ ਲੈ ਨਾਨਕ ਪਾਰਿ ਉਤਾਰ॥** (ਪੰਨਾ ੨੬੧)

ਗੁਰਬਾਣੀ ਵਿਚੋਂ ਇਸ ਬਖਸ਼ਿਸ਼ ਦੇ ਨਵੇਂ ਸਿੱਧਾਂਤ ਦੇ ਅਨੇਕ ਪ੍ਰਮਾਣ ਮਿਲਦੇ ਹਨ। ਜਿਸ ਵੇਲੇ ਗੁਰਬਾਣੀ ਦਾ ਪ੍ਰਚਾਰ ਸਾਰੇ ਸੰਸਾਰ ਵਿਚ ਹੋ ਜਾਵੇਗਾ ਉਸ ਵੇਲੇ ਸਾਰੀ ਮਨੁੱਖਤਾ ਇਸ ਸਿੱਧਾਂਤ ਨੂੰ ਅਮਲ ਵਿਚ ਲਿਆ ਕੇ ਚੌਰਾਸੀ



Sri Satguru Jagjit Singh Ji eLibrary NamdhariElibrary@gmail.com

ਲੱਖ ਜੂਨਾਂ ਵਿਚ ਭਟਕਣ ਤੋਂ ਮੁਕਤਿ ਹੋਣ ਦਾ ਲਾਭ ਪ੍ਰਾਪਤ ਕਰ ਸਕੇਗੀ। ਇਹ ਗੱਲ ਪੂਰਨ ਭਰੋਸੇ ਨਾਲ ਕਹੀ ਜਾ ਸਕਦੀ ਹੈ ਕਿ **ਸ੍ਰੀ ਗੁਰੂ ਗ੍ਰੰਥ ਸਾਹਿਬ** ਦੀ ਬਾਣੀ ਸਾਰੀ ਮਾਨਵਤਾ ਦਾ ਇਕ ਸਾਂਝਾ ਵਿਰਸਾ ਹੈ ਅਤੇ ਸਾਰੇ ਸੰਸਾਰ ਦੇ ਲੋਕ ਮਜ਼ਹਬੀ ਪੱਖਪਾਤ ਤੋਂ ਉਪਰ ਉੱਠ ਕੇ ਇਸ ਨਵੇਂ ਸਿੱਧਾਂਤ ਦਾ ਲਾਭ ਉਠਾ ਸਕਦੇ ਹਨ:

**ਸਭੇ ਸਾਝੀਵਾਲ ਸਦਾਇਨਿ**
**ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥** (ਪੰਨਾ ੯੭)

ਗੁਰਬਾਣੀ ਵਿਚ ਜੋ ਨਾਮ ਅੰਮ੍ਰਿਤ ਭਰਪੂਰ ਹੈ ਉਹ ਸਭ ਮਨੁੱਖਾਂ ਨੂੰ ਜੰਮਣ ਮਰਨ ਦੇ ਗੇੜ ਤੋਂ ਮੁਕਤਿ ਕਰਕੇ ਉਸ ਪਰਮਾਤਮਾ ਵਿਚ ਅਭੇਦ ਕਰਨ ਦੀ ਸਮਰੱਥਾ ਰੱਖਦਾ ਹੈ। ਉਸ ਤੋਂ ਵੀ ਸਾਰੀ ਮਨੁੱਖਤਾ ਲਾਭ ਪ੍ਰਾਪਤ ਕਰਕੇ ਮਨੁੱਖਾ ਜਨਮ ਦੇ ਅਸਲ ਮਨੋਰਥ ਨੂੰ ਪ੍ਰਾਪਤ ਕਰ ਸਕਦੀ ਹੈ। ਨਾਮ ਨੂੰ ਜਿੱਥੇ ਅੰਮ੍ਰਿਤ ਦੱਸਿਆ ਹੈ ਉਥੇ ਉਸ ਨੂੰ

**ਸਰਬ ਰੋਗ ਕਾ ਅਉਖਦੁ ਨਾਮੁ॥** (ਪੰਨਾ ੨੭੪)

ਵੀ ਦੱਸਿਆ ਹੈ। ਇਸ ਬਾਰੇ ਬਿਸਮਾਦ ਕਰਨ ਵਾਲੀ ਹਕੀਕਤ ਇਹ ਵੀ ਅਨੁਭਵ ਕਰਨ ਦੀ ਲੋੜ ਹੈ ਕਿ ਨਾਮ ਅਉਖਦ ਹਰੇਕ ਮਨੁੱਖ ਦੇ ਅੰਦਰ ਮੌਜੂਦ ਹੈ। ਗੁਰਬਾਣੀ ਦਾ ਫੁਰਮਾਨ ਹੈ:

– **ਹਰਿ ਅਉਖਧੁ ਸਭ ਘਟ ਹੈ ਭਾਈ॥**
**ਗੁਰ ਪੂਰੇ ਬਿਨੁ ਬਿਧਿ ਨ ਬਨਾਈ॥** (ਪੰਨਾ ੨੫੯)

– **ਸੰਸਾਰੁ ਰੋਗੀ ਨਾਮੁ ਦਾਰੂ**
**ਮੈਲੁ ਲਾਗੈ ਸਚ ਬਿਨਾ॥** (ਪੰਨਾ ੬੮੭)

ਭਗਤਿ ਭੀਖਣ ਜੀ ਦਾ ਫੁਰਮਾਨ ਹੈ:

**ਹਰਿ ਕਾ ਨਾਮੁ ਅੰਮ੍ਰਿਤ ਜਲੁ ਨਿਰਮਲੁ**
**ਇਹੁ ਅਉਖਧੁ ਜਗਿ ਸਾਰਾ॥**
**ਗੁਰ ਪਰਸਾਦਿ ਕਹੈ ਜਨੁ ਭੀਖਨੁ**
**ਪਾਵਉ ਮੋਖ ਦੁਆਰਾ॥** (ਪੰਨਾ ੬੫੯)

ਗੁਰਬਾਣੀ ਵਿਚ ਪ੍ਰਭੂ ਦੇ ਨਾਮ ਦੀ ਰੂਹਾਨੀ ਸ਼ਕਤੀ ਦੇ ਕਈ ਰੂਪ ਬਿਆਨ ਕੀਤੇ ਗਏ ਹਨ: (੧) ਨਾਮ ਅੰਮ੍ਰਿਤ ਹੈ (੨) ਨਾਮ ਸਾਰੇ ਮਾਨਸਿਕ ਤੇ ਸਰੀਰਕ ਰੋਗਾਂ ਦੀ ਦਵਾਈ ਹੈ (੩) ਨਾਮ ਸੱਚਾ ਧਨ ਹੈ ਜਿਹੜਾ ਜੀਵ



Sri Satguru Jagjit Singh Ji eLibrary NamdhariElibrary@gmail.com

ਆਤਮਾ ਦੇ ਨਾਲ ਜਾਂਦਾ ਹੈ ਅਤੇ ਦਰਗਾਹ ਵਿਚ ਵੀ ਕੰਮ ਆਉਂਦਾ ਹੈ। ਗੁਰਬਾਣੀ ਵਿਚੋਂ ਇਸ ਦੇ ਕਈ ਪ੍ਰਮਾਣ ਮਿਲਦੇ ਹਨ:

– **ਸਤਿਗੁਰੁ ਸਿਖ ਕਉ ਨਾਮ ਧਨੁ ਦੇਇ॥**
**ਗੁਰ ਕਾ ਸਿਖੁ ਵਡਭਾਗੀ ਹੇ॥** (ਪੰਨਾ ੨੮੬)

– **ਸਾਥਿ ਨ ਚਾਲੈ ਬਿਨੁ ਭਜਨ ਬਿਖਿਆ ਸਗਲੀ ਛਾਰੁ॥**
**ਹਰਿ ਹਰਿ ਨਾਮੁ ਕਮਾਵਨਾ ਨਾਨਕ ਇਹੁ ਧਨੁ ਸਾਰੁ॥** (ਪੰਨਾ ੨੮੮)

– **ਰੇ ਮਨ ਤਾ ਕਉ ਧਿਆਈਐ ਸਭ ਬਿਧਿ ਜਾ ਕੈ ਹਾਥਿ॥**
**ਰਾਮ ਨਾਮ ਧਨੁ ਸੰਚੀਐ ਨਾਨਕ ਨਿਬਹੈ ਸਾਥਿ॥** (ਪੰਨਾ ੭੦੪)

– **ਮਾਈ ਮੈ ਧਨੁ ਪਾਇਓ ਹਰਿ ਨਾਮੁ॥**
**ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ॥ ਰਹਾਉ॥**
**ਮਾਇਆ ਮਮਤਾ ਤਨ ਤੇ ਭਾਗੀ**
**ਉਪਜਿਓ ਨਿਰਮਲ ਗਿਆਨੁ॥**
**ਲੋਭ ਮੋਹ ਏਹ ਪਰਸਿ ਨ ਸਾਕੈ ਗਹੀ ਭਗਤਿ ਭਗਵਾਨ॥ ੧॥**
**ਜਨਮ ਜਨਮ ਕਾ ਸੰਸਾ ਚੂਕਾ ਰਤਨੁ ਨਾਮੁ ਜਬ ਪਾਇਆ॥**
**ਤ੍ਰਿਸਨਾ ਸਕਲ ਬਿਨਾਸੀ ਮਨ ਤੇ**
**ਨਿਜ ਸੁਖ ਮਾਹਿ ਸਮਾਇਆ॥ ੨॥**
**ਜਾ ਕਉ ਹੋਤ ਦਇਆਲੁ ਕਿਰਪਾ ਨਿਧਿ**
**ਸੋ ਗੋਬਿੰਦ ਗੁਨ ਗਾਵੈ॥**
**ਕਹੁ ਨਾਨਕ ਇਹ ਬਿਧਿ ਕੀ ਸੰਪੈ**
**ਕੋਊ ਗੁਰਮੁਖਿ ਪਾਵੈ॥** (ਪੰਨਾ ੧੧੮੬)

– **ਹਮ ਧਨਵੰਤ ਭਾਗਠ ਸਚ ਨਾਇ॥**
**ਹਰਿ ਗੁਣ ਗਾਵਹ ਸਹਜਿ ਸੁਭਾਇ॥ ਰਹਾਉ॥**
**ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ॥**
**ਤਾ ਮੇਰੈ ਮਨਿ ਭਇਆ ਨਿਧਾਨਾ॥**
**ਰਤਨ ਲਾਲ ਜਾ ਕਾ ਕਛੂ ਨ ਮੋਲੁ॥**
**ਭਰੇ ਭੰਡਾਰ ਅਖੂਟ ਅਤੋਲ॥**
**ਖਾਵਹਿ ਖਰਚਹਿ ਰਲਿ ਮਿਲਿ ਭਾਈ॥**
**ਤੋਟਿ ਨ ਆਵੈ ਵਧਦੋ ਜਾਈ॥**

SIKHBOOKCLUB.COM



Sri Satguru Jagjit Singh Ji eLibrary NamdhariElibrary@gmail.com

**ਕਹੁ ਨਾਨਕ ਜਿਸੁ ਮਸਤਕਿ ਲੇਖੁ ਲਿਖਾਇ॥**

**ਸੁ ਏਤੁ ਖਜਾਨੈ ਲਇਆ ਰਲਾਇ॥** (ਪੰਨਾ ੧੯੫-੯੬)

ਗੁਰਬਾਣੀ ਵਿਚੋਂ ਇਸ ਸੱਚੇ ਨਾਮ ਧਨ ਬਾਰੇ ਬਹੁਤ ਸਾਰੇ ਵਿਸਥਾਰ ਨਾਲ ਪਰਮਾਣ ਦਿੱਤੇ ਗਏ ਹਨ। ਇਸ ਉਪਰ ਲਿਖੇ ਸ਼ਬਦ ਵਿਚ ਨਾਮ ਧਨ ਦੀ ਵਿਸ਼ੇਸ਼ਤਾ ਇਹ ਦਰਸਾਈ ਗਈ ਹੈ ਕਿ ਇਸ ਨੂੰ ਜਿਤਨਾ ਵੰਡਿਆ ਤੇ ਵਰਤਾਇਆ ਜਾਵੇ ਇਹ ਉਤਨਾ ਹੀ ਹੋਰ ਵਧਦਾ ਜਾਂਦਾ ਹੈ। ਨਾਮ ਧਨ ਦਾ ਇਹ ਖਜ਼ਾਨਾ ਅਖੁੱਟ ਹੈ। ਇਸ ਵਿਚ ਕਦੇ ਤੋਟ ਨਹੀਂ ਆਉਂਦੀ।

ਇਸ ਧਨ ਨੂੰ ਅੱਗ ਸਾੜ ਨਹੀਂ ਸਕਦੀ। ਪਾਣੀ ਡੋਬ ਨਹੀਂ ਸਕਦਾ। ਕੋਈ ਚੋਰ ਉਚੱਕਾ ਚੁਰਾ ਨਹੀਂ ਸਕਦਾ ਤੇ ਸਰਕਾਰ ਇਸ 'ਤੇ ਕੋਈ ਟੈਕਸ ਨਹੀਂ ਲਾ ਸਕਦੀ। ਸ੍ਰੀ ਗੁਰੂ ਰਾਮਦਾਸ ਜੀ ਇਸ ਨਾਮ ਧਨ ਦੀ ਵਿਸ਼ੇਸ਼ਤਾ ਇਉਂ ਦਰਸਾਉਂਦੇ ਹਨ:

**ਹਰਿ ਧਨੁ ਨਿਰਭਉ ਸਦਾ ਸਦਾ ਅਸਥਿਰੁ ਹੈ ਸਾਚਾ**

**ਇਹੁ ਹਰਿ ਧਨੁ ਅਗਨੀ ਤਸਕਰੈ ਪਾਣੀਐ ਜਮਦੂਤੈ**

**ਕਿਸੈ ਕਾ ਗਵਾਇਆ ਨ ਜਾਈ॥**

**ਹਰਿ ਧਨ ਕਉ ਉਚਕਾ ਨੇੜਿ ਨ ਆਵਈ**

SIKHBOOKCLUB.COM

**ਜਮੁ ਜਾਗਾਤੀ ਡੰਡੁ ਨ ਲਗਾਈ॥** (ਪੰਨਾ ੭੩੪)

ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨੇ ਆਪਣੀ ਬਾਣੀ ਵਿਚ "ਕਚੇ ਧਨ" ਤੇ "ਸੱਚੇ ਧਨ" ਦਾ ਬੜੇ ਵਿਸਥਾਰ ਨਾਲ ਵਰਣਨ ਕੀਤਾ ਹੈ ਅਤੇ ਦੋਹਾਂ ਵਿਚ ਜੋ ਬਹੁਤ ਵੱਡਾ ਅੰਤਰ ਹੈ ਉਹ ਦਰਸਾਇਆ ਹੈ:

**ਕਾਚਾ ਧਨੁ ਸੰਚਹਿ ਮੂਰਖ ਗਾਵਾਰ॥**

**ਮਨਮੁਖ ਭੂਲੇ ਅੰਧ ਗਾਵਾਰ॥**

**ਬਿਖਿਆ ਕੈ ਧਨਿ ਸਦਾ ਦੁਖੁ ਹੋਇ॥**

**ਨਾ ਸਾਥਿ ਜਾਇ ਨ ਪਰਾਪਤਿ ਹੋਇ॥**

**ਸਾਚਾ ਧਨੁ ਗੁਰਮਤੀ ਪਾਏ॥**

**ਕਾਚਾ ਧਨੁ ਫੁਨਿ ਆਵੈ ਜਾਇ॥** (ਪੰਨਾ ੬੬੫)

ਗੁਰਬਾਣੀ ਦੀ ਇਸ ਵਿਚਾਰ ਤੋਂ ਸਾਬਤ ਹੋ ਜਾਂਦਾ ਹੈ ਕਿ ਕਲਿਜੁਗ ਵਿਚ ਕਾਚੇ ਧਨ ਦਾ ਲਾਲਚ ਇਤਨਾ ਵਧ ਗਿਆ ਹੈ ਕਿ ਲੋਭ ਲਹਿਰ ਵਿਚ ਗ੍ਰੱਸੇ ਹੋਏ ਲੋਕ ਪਾਗ਼ਲ ਹੋਏ ਲੋਕ ਆਪਣੇ ਤੇ ਪਰਾਏ ਦੀ ਪਛਾਣ ਵੀ ਭੁੱਲ ਗਏ। ਜਿਵੇਂ



Sri Satguru Jagjit Singh Ji eLibrary NamdhariElibrary@gmail.com

ਹਲਕਾਇਆ ਹੋਇਆ ਕੁੱਤਾ ਆਪਣੇ ਮਾਲਕ ਨੂੰ ਕੱਟ ਲੈਂਦਾ ਹੈ, ਉਸੇ ਤਰ੍ਹਾਂ ਲੋਭ ਲਹਿਰ ਦਾ ਹਲਕਾਇਆ ਇਨਸਾਨ ਮਾਂ ਬਾਪ, ਭੈਣ ਭਰਾਵਾਂ ਤੇ ਸੱਜਣਾਂ ਮਿੱਤਰਾਂ ਨੂੰ ਨੁਕਸਾਨ ਪਹੁੰਚਾਣ ਤੋਂ ਵੀ ਸੰਕੋਚ ਨਹੀਂ ਕਰਦਾ।

ਜਦੋਂ ਕਲਿਜੁਗ ਦੀ ਥਾਂ ਸਤਿਜੁਗ ਆ ਜਾਵੇਗਾ ਤਾਂ ਲੋਕ ਕੱਚੇ ਧਨ ਦੀ ਥਾਂ ਸੱਚੇ ਨਾਮ ਧਨ ਨੂੰ ਕਮਾਉਣਾ ਹੀ ਠੀਕ ਸਮਝਣਗੇ ਅਤੇ

**ਲੋਕ ਸੁਖੀਏ ਪਰਲੋਕ ਸੁਹੇਲੇ॥**

ਮਹਾਂਵਾਕ ਅਨੁਸਾਰ ਆਪਣੇ ਦੋਵੇਂ ਲੋਕ ਸਵਾਰ ਲਿਆ ਕਰਨਗੇ। ਉਸ ਸਮੇਂ ਸਾਰੀ ਮਨੁੱਖਤਾ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਵੱਲੋਂ ਮਨੁੱਖਾ ਜਨਮ ਨੂੰ ਸਫ਼ਲ ਕਰਨ ਵਾਸਤੇ (੧) ਨਾਮ ਜਪਨਾ (੨) ਧਰਮ ਦੀ ਕਿਰਤ ਕਰਨੀ (੩) ਤੇ ਵੰਡ ਕੇ ਛਕਣਾ ਦੇ ਜੋ ਸੁਨਹਿਰੀ ਅਸੂਲ ਦੱਸੇ ਗਏ ਹਨ, ਉਨ੍ਹਾਂ ਉੱਤੇ ਅਮਲ ਕਰਿਆ ਕਰਨਗੇ।

**ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥**
**ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥** (ਪੰਨਾ ੧੪੧)

ਦੇ ਉਪਦੇਸ਼ ਉੱਤੇ ਅਮਲ ਕਰਦੇ ਹੋਏ ਕਿਸੇ ਦਾ ਹੱਕ ਮਾਰਨਾ ਸਭ ਤੋਂ ਵੱਡਾ ਗੁਨਾਹ ਸਮਝਣਗੇ। ਪੈਦਾਵਾਰ ਦੇ ਸਾਰੇ ਵਸੀਲੇ ਵੀ ਸਭ ਦੇ ਸਾਂਝੇ ਹੋਣਗੇ:

- **ਸਭੁ ਕੋ ਮੀਤੁ ਹਮ ਆਪਨ ਕੀਨਾ**
  **ਹਮ ਸਭਨਾ ਕੇ ਸਾਜਨ॥**
  **ਦੂਰਿ ਪਰਾਇਓ ਮਨ ਕਾ ਬਿਰਹਾ**
  **ਤਾ ਮੇਲੁ ਕੀਓ ਮੇਰੈ ਰਾਜਨ॥** (ਪੰਨਾ ੬੭੧)
- **ਅਵਲਿ ਅਲਹ ਨੂਰੁ ਉਪਾਇਆ**
  **ਕੁਦਰਤਿ ਕੇ ਸਭ ਬੰਦੇ॥**
  **ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥** (ਪੰਨਾ ੧੩੪੯)

ਗੁਰਬਾਣੀ ਵਿਚ ਸਾਰੀ ਮਨੁੱਖਤਾ ਨੂੰ ਇਕ ਪਰਿਵਾਰ ਮੰਨਣ ਉੱਤੇ ਬਹੁਤ ਜ਼ੋਰ ਦਿੱਤਾ ਹੈ। ਜਦੋਂ ਗੁਰਬਾਣੀ ਦਾ ਪ੍ਰਚਾਰ ਸਾਰੇ ਸੰਸਾਰ ਵਿਚ ਹੋ ਜਾਵੇਗਾ ਤਾਂ ਸਾਰੇ ਮਨੁੱਖ ਆਪਣੇ ਆਪ ਨੂੰ ਇਕੋ ਪਰਿਵਾਰ ਦੇ ਮੈਂਬਰ ਸਮਝਣਗੇ ਤੇ ਸਾਰਿਆਂ ਵਿਚ ਸਕੇ ਭਰਾਵਾਂ ਵਰਗਾ ਪਿਆਰ ਹੋਵੇਗਾ। ਇਸ ਵਾਸਤੇ ਸਾਰੀ ਮਨੁੱਖਤਾ ਨੂੰ ਇਕ ਪਿਆਰ ਦੀ ਲੜੀ ਵਿਚ ਪਰੋਣ ਲਈ ਸਾਰੀ ਦੁਨੀਆਂ ਵਿਚ ਗੁਰਬਾਣੀ ਦਾ ਪ੍ਰਚਾਰ ਕਰਨ ਦੀ ਬਹੁਤ ਲੋੜ ਹੈ।



Sri Satguru Jagjit Singh Ji eLibrary NamdhariElibrary@gmail.com

ਨਾਮ ਦੀ ਰੂਹਾਨੀ ਸ਼ਕਤੀ ਦਾ ਗੁਰਬਾਣੀ ਵਿਚ ਚੌਥਾ ਰੂਪ ਇਹ ਪ੍ਰਗਟ ਕੀਤਾ ਗਿਆ ਹੈ ਕਿ ਨਾਮ ਭਵਸਾਗਰ ਤੋਂ ਪਾਰ ਉਤਾਰਨ ਲਈ ਇਕ ਪ੍ਰਕਾਰ ਦਾ ਬੋਹਿਥਾ (ਜਹਾਜ਼) ਵੀ ਹੈ। ਭਗਤਿ ਨਾਮਦੇਵ ਜੀ ਫੁਰਮਾਉਂਦੇ ਹਨ:

– **ਲੋਭ ਲਹਰਿ ਅਤਿ ਨੀਝਰ ਬਾਜੈ॥**
**ਕਾਇਆ ਡੂਬੈ ਕੇਸਵਾ॥**
**ਸੰਸਾਰੁ ਸਮੁੰਦੇ ਤਾਰਿ ਗੋੁਬਿੰਦੇ॥ ਤਾਰਿ ਲੈ ਬਾਪ ਬੀਠੁਲਾ॥**

(ਪੰਨਾ ੧੧੯੬)

– **ਨਾਮ ਬਿਨਾ ਕਹਹੁ ਕੋ ਤਰਿਆ॥**
**ਬਿਨੁ ਸਤਿਗੁਰ ਕੈਸੇ ਪਾਰਿ ਪਰਿਆ॥** (ਪੰਨਾ ੧੧੪੦)

ਭਗਤ ਕਬੀਰ ਜੀ ਫੁਰਮਾਉਂਦੇ ਹਨ:

**ਜੈਸੇ ਮੰਦਰ ਮਹਿ ਬਲਹਰ ਨਾ ਠਾਹਰੈ॥**
**ਨਾਮ ਬਿਨਾ ਕੈਸੇ ਪਾਰਿ ਉਤਰੈ॥** (ਪੰਨਾ ੮੭੨)

ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦਾ ਫੁਰਮਾਨ ਹੈ:

– **ਹਰਿ ਹਰਿ ਨਾਮੁ ਬੋਹਿਥੁ ਹੈ ਕਲਿਜੁਗ**
**ਖੇਵਟੁ ਗੁਰ ਸਬਦਿ ਤਰਹੁ॥**
**ਮੇਰੇ ਮਨ ਹਰਿ ਗੁਣ ਹਰਿ ਉਚਰਹੁ॥**
**ਮਸਤਕਿ ਲਿਖਤ ਲਿਖੇ ਗੁਨ ਗਾਏ**
**ਮਿਲਿ ਸੰਗਤਿ ਪਾਰ ਪਰਹੁ॥** (ਪੰਨਾ ੭੯੯)

– **ਤੁਮ੍ਰੈ ਸੰਗਿ ਲਗੇ ਸੇ ਉਧਰੇ**
**ਜਿਉ ਸੰਗਿ ਕਾਸਟ ਲੋਹ ਤਰਾ॥** (ਪੰਨਾ ੭੯੯)

– **ਬੋਹਿਥੜਾ ਹਰਿ ਚਰਣ ਮਨ ਚੜਿ ਲੰਘੀਐ॥**
**ਆਠ ਪਹਰ ਗੁਣ ਗਾਇ ਸਾਧੂ ਸੰਗੀਐ॥** (ਪੰਨਾ ੩੯੮)

ਗੁਰਬਾਣੀ ਵਿਚੋਂ ਨਾਮ ਬੋਹਿਥਾ ਹੈ, ਇਸ ਦੇ ਹੱਕ ਵਿਚ ਹੋਰ ਬਹੁਤ ਪਰਮਾਣ ਦਿੱਤੇ ਜਾ ਸਕਦੇ ਹਨ। ਅਰਦਾਸ ਤੋਂ ਉਪਰੰਤ ਹਰੇਕ ਗੁਰਦੁਆਰੇ ਅਤੇ ਧਾਰਮਿਕ ਸਮਾਗਮ ਵਿਚ ਜੋ ਦੋਹੇ ਉਚਾਰਨ ਕੀਤੇ ਜਾਂਦੇ ਹਨ ਉਨ੍ਹਾਂ ਵਿਚੋਂ ਇਹ ਦੋਹਿਰਾ ਪ੍ਰਮੁੱਖ ਹੈ:

**ਵਾਹਿਗੁਰੂ ਨਾਮ ਜਹਾਜ਼ ਹੈ ਚੜ੍ਹੈ ਸੁ ਉਤਰੈ ਪਾਰ॥**
**ਜੋ ਸਰਧਾ ਕਰਿ ਸੇਵਦੇ ਗੁਰ ਪਾਰਿ ਉਤਾਰਨ ਹਾਰ॥**



Sri Satguru Jagjit Singh Ji eLibrary NamdhariElibrary@gmail.com

ਗੁਰਬਾਣੀ ਵਿਚ ਭਵਸਾਗਰ, ਸੰਸਾਰ ਸਮੁੰਦਰ ਦੇ ਵੀ ਕਈ ਪ੍ਰਕਾਰ ਦੇ ਰੂਪ ਵਰਣਨ ਕੀਤੇ ਗਏ ਹਨ। ਜਿਹੜੇ ਲੋਕ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੇ ਵੱਸ ਹੋ ਕੇ ਮਾੜੇ ਕਰਮ ਕਰਦੇ ਹਨ ਤੇ ਪਾਪ ਕਮਾਉਂਦੇ ਹਨ ਉਨ੍ਹਾਂ ਵਾਸਤੇ ਭਵਸਾਗਰ "ਅਗਨਿ ਲੋਕ ਸਾਗਰ" ਬਣ ਜਾਂਦਾ ਹੈ ਤੇ ਇਸ ਵਿਚ "ਦੁਬਿਧਾ ਡੁਬ ਡੁਬ ਮਰੀਐ" ਦੇ ਕਥਨ ਅਨੁਸਾਰ ਡੁੱਬ ਡੁੱਬ ਕੇ ਮਰਦੇ ਰਹਿੰਦੇ ਹਨ। ਕਿਉਂਕਿ ਉਨ੍ਹਾਂ ਨੂੰ **ਸ੍ਰੀ ਗੁਰੂ ਗ੍ਰੰਥ ਸਾਹਿਬ** ਦੀ ਬਾਣੀ ਵਿਚੋਂ "ਹਰਿ ਹਰਿ ਨਾਮ ਬੋਹਿਥਾ ਹੈ ਕਲਿਜੁਗ" ਦੇ ਮਹਾਂਵਾਕ ਅਨੁਸਾਰ ਨਾਮ ਜਹਾਜ਼ ਦਾ ਗਿਆਨ ਪ੍ਰਾਪਤ ਨਹੀਂ ਹੁੰਦਾ ਇਸ ਕਰਕੇ ਉਹ ਇਸ ਭਵਸਾਗਰ ਨੂੰ ਪਾਰ ਨਹੀਂ ਕਰ ਸਕਦੇ।

ਸਾਰੀ ਮਨੁੱਖਤਾ ਉੱਤੇ ਮਹਾਨ ਪਰਉਪਕਾਰ ਕਰਦੇ ਹੋਏ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਬਾਣੀ ਦਾ ਬੋਹਿਥ **ਸ੍ਰੀ ਗੁਰੂ ਗ੍ਰੰਥ ਸਾਹਿਬ** ਤਿਆਰ ਕੀਤਾ ਜੋ ਸਾਰੀ ਮਨੁੱਖਤਾ ਦਾ ਪਾਰ ਉਤਾਰਾ ਕਰ ਸਕਦਾ ਹੈ।

ਨਾਮ ਦੀ ਰੂਹਾਨੀ ਸ਼ਕਤੀ ਦਾ ਪੰਜਵਾਂ ਰੂਪ ਗੁਰਬਾਣੀ ਵਿਚ ਇਹ ਪ੍ਰਗਟ ਕੀਤਾ ਗਿਆ ਹੈ ਕਿ ਨਾਮ ਇਕ ਸੱਚਾ ਤੀਰਥ ਹੈ ਜਿੱਥੇ ਮਨ ਦੀ ਮੈਲ ਧੋਤੀ ਜਾਂਦੀ ਹੈ। ਗੁਰਬਾਣੀ ਦੇ ਇਹ ਤੀਰਥ ਪ੍ਰਗਟ ਕਰਨ ਤੋਂ ਪਹਿਲਾਂ ਸੰਸਾਰ ਵਿਚ ਜਿਤਨੇ ਵੀ ਤੀਰਥ ਥਾਪੇ ਗਏ (ਮੰਨੇ ਗਏ) ਉਹ ਕੇਵਲ ਤਨ ਦੀ ਮੈਲ ਹੀ ਲਾਹ ਸਕਦੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਰੇ ਸੰਸਾਰ ਨੂੰ ਇਹ ਨਵਾਂ ਸੰਦੇਸ਼ ਦਿੱਤਾ ਕਿ ਪਾਣੀ ਤਨ ਦੀ ਮੈਲ ਧੋ ਸਕਦਾ ਹੈ ਤੇ ਬਾਣੀ ਮਨ ਦੀ ਮੈਲ ਧੋ ਸਕਦੀ ਹੈ:

- **ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥**

(ਪੰਨਾ ੪)

- **ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥**
  **ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥**
  **ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ॥**
  **ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ॥**
  **ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ॥**
  **ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ॥**

(ਪੰਨਾ ੬੮੭)



Sri Satguru Jagjit Singh Ji eLibrary NamdhariElibrary@gmail.com

**– ਨਾਮੁ ਲੈਤ ਮਨੁ ਪਰਗਟੁ ਭਇਆ॥**
**ਨਾਮੁ ਲੈਤ ਪਾਪੁ ਤਨ ਤੇ ਗਇਆ॥**
**ਨਾਮੁ ਲੈਤ ਸਗਨਿ ਪੁਰਬਾਇਆ॥**
**ਨਾਮੁ ਲੈਤ ਅਠਸਠਿ ਮਜਨਾਇਆ॥**
**ਤੀਰਥੁ ਹਮਰਾ ਹਰਿ ਕੋ ਨਾਮੁ॥**
**ਗੁਰਿ ਉਪਦੇਸਿਆ ਤਤੁ ਗਿਆਨੁ॥** (ਪੰਨਾ ੧੧੪੨)

ਨਾਮ ਸਿਮਰਨ ਦੇ ਸੱਚੇ ਤੀਰਥ ਦੇ ਪੱਖ ਵਿਚ ਗੁਰਬਾਣੀ ਵਿਚੋਂ ਅਨੇਕ ਪ੍ਰਮਾਣ ਦਿੱਤੇ ਜਾ ਸਕਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹ ਵੀ ਸਾਰੇ ਸੰਸਾਰ ਨੂੰ ਇਕ ਨਵਾਂ ਤੋਹਫ਼ਾ ਦਿੱਤਾ ਹੈ। ਇਸ ਤੋਂ ਪਹਿਲਾਂ ਸੰਸਾਰ ਦੇ ਲੋਕ ਤੀਰਥ ਇਸ਼ਨਾਨ ਕਰਕੇ ਕੇਵਲ ਤਨ ਦੀ ਮੈਲ ਧੋ ਕੇ ਹੀ ਇਸ ਭਰਮ ਵਿਚ ਫਸੇ ਰਹਿੰਦੇ ਸਨ ਕਿ ਉਨ੍ਹਾਂ ਨੇ ਤੀਰਥ ਇਸ਼ਨਾਨ ਕਰਕੇ ਪਾਪਾਂ ਦੀ ਮੈਲ ਧੋ ਦਿੱਤੀ ਹੈ। ਸਤਿਗੁਰੂ ਜੀ ਨੇ ਗੁਰਬਾਣੀ ਵਿਚ ਇਹ ਭਰਮ ਦੂਰ ਕਰਨ ਲਈ ਫ਼ੁਰਮਾਇਆ ਹੈ:

**ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ॥**
**ਇਹ ਜਗਤੁ ਭਰਮਿ ਭੁਲਾਇਆ ਵਿਰਲਾ ਬੂਝੈ ਕੋਇ॥** (ਪੰਨਾ ੫੫੮)

SIKHBOOKCLUB.COM

ਗੁਰਬਾਣੀ ਦੀ ਖੋਜ ਕਰਨ ਤੋਂ ਇਹ ਅਟੱਲ ਸੱਚਾਈ ਵੀ ਪ੍ਰਗਟ ਹੋ ਜਾਂਦੀ ਹੈ ਕਿ ਜੋ ਇਨਸਾਨ ਨਾਮ ਦੀਆਂ ਉਪਰ ਲਿਖੀਆਂ ਰੂਹਾਨੀ ਸ਼ਕਤੀਆਂ ਨੂੰ ਸਹੀ ਢੰਗ ਨਾਲ ਅਮਲ ਵਿਚ ਲੈ ਆਵੇ ਤਾਂ ਉਹ ਉਸ ਅਕਾਲ ਪੁਰਖ ਦੀਆਂ ਸਾਰੀਆਂ ਸ਼ਕਤੀਆਂ ਦਾ ਮਾਲਕ ਬਣ ਜਾਂਦਾ ਹੈ। ਪ੍ਰਭੂ ਦੇ ਸੱਚੇ ਭਗਤਿ ਉਸ ਪ੍ਰਭੂ ਪਾਸੋਂ ਵੱਖਰੀ ਸ਼ਕਤੀ ਮੰਗਣ ਦੀ ਥਾਂ ਪ੍ਰੇਮਾ-ਭਗਤੀ ਕਰਕੇ ਪ੍ਰਭੂ ਨੂੰ ਹੀ ਆਪਣੇ ਹਿਰਦੇ ਵਿਚ ਵਸਾ ਲੈਂਦੇ ਹਨ ਅਤੇ ਨਾਮ ਸਿਮਰਨ ਕਰਕੇ ਉਸ ਨਾਮੀ ਵਿਚ ਅਭੇਦ ਹੋ ਜਾਂਦੇ ਹਨ। ਕਬੀਰ ਸਾਹਿਬ ਫ਼ੁਰਮਾਉਂਦੇ ਹਨ:

**ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨਾ ਹੂੰ॥**
**ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ॥**

(ਪੰਨਾ ੧੩੭੫)

ਇਨ੍ਹਾਂ ਪਹੁੰਚੇ ਹੋਏ ਭਗਤਾਂ ਵਿਚ ਕਿਤਨੀ ਰੂਹਾਨੀ ਸ਼ਕਤੀ ਆ ਜਾਂਦੀ ਹੈ, ਇਸ ਬਾਰੇ ਭਗਤ ਰਵਿਦਾਸ ਜੀ ਫ਼ੁਰਮਾਉਂਦੇ ਹਨ:

**ਜਉ ਹਮ ਬਾਂਧੇ ਮੋਹ ਫਾਸ**
**ਹਮ ਪ੍ਰੇਮ ਬੰਧਨਿ ਤੁਮ ਬਾਧੇ॥**



Sri Satguru Jagjit Singh Ji eLibrary NamdhariElibrary@gmail.com

**ਅਪਨੇ ਛੂਟਨ ਕੋ ਜਤਨੁ ਕਰਹੁ**
**ਹਮ ਛੂਟੇ ਤੁਮ ਆਰਾਧੇ॥** (ਪੰਨਾ ੬੫੮)

ਭਗਤ ਨਾਮਦੇਵ ਜੀ ਇਸ ਹਕੀਕਤ ਨੂੰ ਇਉਂ ਬਿਆਨ ਕਰਦੇ ਹਨ: ਭਗਵਾਨ ਭਗਤਾਂ ਵੱਲੋਂ ਪ੍ਰੇਮਾ ਭਗਤੀ ਦੁਆਰਾ ਪ੍ਰਾਪਤ ਕੀਤੀ ਰੂਹਾਨੀ ਸ਼ਕਤੀ ਨੂੰ ਮੰਨਦੇ ਹੋਏ ਕਹਿੰਦੇ ਹਨ:

**ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ॥**
**ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ॥**
**ਮੈ ਗੁਨ ਬੰਧ ਸਗਲ ਕੀ ਜੀਵਨਿ ਮੇਰੀ ਜੀਵਨਿ ਮੇਰੇ ਦਾਸ॥**
**ਨਾਮਦੇਵ ਜਾ ਕੇ ਜੀਅ ਐਸੀ ਤੈਸੋ ਤਾ ਕੈ ਪ੍ਰੇਮ ਪ੍ਰਗਾਸ॥**

(ਪੰਨਾ ੧੨੫੨)

ਪ੍ਰੇਮਾ ਭਗਤੀ ਸਭ ਤੋਂ ਸ੍ਰੇਸ਼ਟ ਭਗਤੀ ਹੈ। ਪ੍ਰੇਮਾ ਭਗਤੀ ਦਾ ਨਵਾਂ ਸਿੱਧਾਂਤ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੇਸ਼ ਕੀਤਾ। ਇਸ ਤੋਂ ਪਹਿਲਾਂ ਭਾਰਤ ਵਿਚ ਨੌਂ ਪ੍ਰਕਾਰ ਦੀ ਭਗਤੀ ਮੰਨੀ ਜਾਂਦੀ ਸੀ। ਉਨ੍ਹਾਂ ਭਗਤੀਆਂ ਨੂੰ ਕਰਨ ਵੇਲੇ ਸਮਾਂ ਵੀ ਬਹੁਤ ਲੱਗਦਾ ਸੀ ਅਤੇ ਘਾਲਣਾ ਵੀ ਬਹੁਤ ਘਾਲਣੀ ਪੈਂਦੀ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਫੁਰਮਾਇਆ ਹੈ:

SIKHBOOKCLUB.COM

**ਸਾਚ ਕਹਉਂ ਸੁਨਿ ਲੇਹੁ ਸਭੈ**
**ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥**

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਪ੍ਰੇਮਾ ਭਗਤੀ ਉੱਤੇ ਹੀ ਬਹੁਤ ਜ਼ੋਰ ਦਿੱਤਾ ਗਿਆ ਹੈ। ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ:

**ਨਾ ਤੂ ਆਵਹਿ ਵਸਿ ਬਹੁਤੁ ਘਿਣਾਵਣੇ॥**
**ਨਾ ਤੂ ਆਵਹਿ ਵਸਿ ਬੇਦ ਪੜਾਵਣੇ॥**
**ਨਾ ਤੂ ਆਵਹਿ ਵਸਿ ਤੀਰਥਿ ਨਾਈਐ॥**
**ਨਾ ਤੂ ਆਵਹਿ ਵਸਿ ਧਰਤੀ ਧਾਈਐ॥**
**ਨਾ ਤੂ ਆਵਹਿ ਵਸਿ ਕਿਤੈ ਸਿਆਣਪੈ॥**
**ਨਾ ਤੂ ਆਵਹਿ ਵਸਿ ਬਹੁਤਾ ਦਾਨੁ ਦੇ॥**
**ਸਭੁ ਕੋ ਤੇਰੈ ਵਸਿ ਅਗਮ ਅਗੋਚਰਾ॥**
**ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ॥** (ਪੰਨਾ ੯੬੨)



Sri Satguru Jagjit Singh Ji eLibrary NamdhariElibrary@gmail.com

ਭਾਵ ਇਹ ਹੈ ਕਿ ਪ੍ਰੇਮ ਇਕ ਐਸੀ ਸ਼ਕਤੀ ਹੈ ਜਿਸ ਨਾਲ ਪਰਮਾਤਮਾ ਨੂੰ ਭਗਤਿ ਵੱਸ ਕਰ ਲੈਂਦੇ ਹਨ ਅਤੇ ਉਸ ਨਾਲ ਅਭੇਦ ਹੋ ਜਾਂਦੇ ਹਨ। ਪ੍ਰੇਮ ਦੇ ਵੱਸ ਹੋਇਆ ਪ੍ਰਮੇਸ਼ਵਰ ਧੰਨੇ ਦੀਆਂ ਗਊਆਂ ਚਾਰਦਾ ਫਿਰਦਾ ਹੈ ਅਤੇ ਨਾਮਦੇਵ ਦੀ ਛਪਰੀ ਬਣਾਉਂਦਾ ਫਿਰਦਾ ਹੈ। ਭਗਤ ਉਸ ਨੂੰ ਜਦੋਂ ਵੀ ਯਾਦ ਕਰਦੇ ਹਨ ਉਹ ਉਨ੍ਹਾਂ ਦੇ ਅੰਗ ਸੰਗ ਰਹਿੰਦਾ ਹੈ। ਭਗਤਿ ਰਵਿਦਾਸ ਜੀ ਫੁਰਮਾਉਂਦੇ ਹਨ ਕਿ ਜਦੋਂ ਮੈਂ ਸਾਰੀਆਂ ਝੂਠੀਆਂ ਪ੍ਰੀਤਾਂ ਤੋੜ ਕੇ ਉਸ ਕਰਤਾ ਪੁਰਖ ਨਾਲ ਸੱਚੀ ਪ੍ਰੀਤਿ ਜੋੜੀ ਤਾਂ ਝਟਪਟ ਉਸਦਾ ਮਿਲਾਪ ਹੋ ਗਿਆ:

**ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ॥**
**ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥** (ਪੰਨਾ ੬੫੯)

ਗੁਰਬਾਣੀ ਵਿਚ ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ:

**ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ॥**
**ਏਹੁ ਪਿਰਮੁ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ॥** (ਪੰਨਾ ੧੩੭੮)

ਪ੍ਰਭੂ ਦਾ ਪਿਆਰ ਇਕ ਅਮੋਲਕ ਦਾਤ ਹੈ ਜਿਸ ਤੇ ਉਹ ਮਿਹਰ ਦੀ ਨਦਰਿ ਕਰਦਾ ਹੈ। ਉਸ ਨੂੰ ਆਪਣਾ ਪ੍ਰੇਮ ਲਾ ਦਿੰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਇਤਿਹਾਸ ਵਿਚ ਲਿਖਿਆ ਹੈ ਕਿ ਜਦੋਂ ਆਪ ਵੇਈਂ ਨਦੀ ਵਿਚ ਅਲੋਪ ਹੋ ਕੇ ਉਸ ਪਰਮਾਤਮਾ ਦੀ ਹਜ਼ੂਰੀ ਵਿਚ ਪਹੁੰਚੇ ਤਾਂ ਪਰਮਾਤਮਾ ਨੇ ਉਨ੍ਹਾਂ ਨੂੰ ਪ੍ਰੇਮ ਦਾ ਪਿਆਲਾ ਤੇ ਨਾਮ ਰਸ ਪੇਸ਼ ਕੀਤਾ ਜਿਸ ਨੂੰ ਪੀ ਕੇ ਉਹ ਮਸਤ ਹੋ ਗਏ। ਪਰਮਾਤਮਾ ਨੇ ਹੁਕਮ ਕੀਤਾ ਨਾਨਕ ਇਹ ਪਿਰਮ ਦਾ ਪਿਆਲਾ ਤੇ ਨਾਮ ਮਹਾਂਰਸ ਤੈਨੂੰ ਇਸ ਵਾਸਤੇ ਦਿੱਤਾ ਹੈ ਕਿ ਇਸ ਨੂੰ ਸੰਸਾਰ ਵਿਚ ਵਰਤਾ ਕੇ ਤੂੰ ਕਲਿਜੁਗ ਦੀ ਥਾਂ ਸਤਿਜੁਗ ਲਿਆ ਸਕਦਾ ਹੈਂ ਅਤੇ ਸਾਰੀ ਮਨੁੱਖਤਾ ਨੂੰ ਪ੍ਰੇਮ ਦਾ ਸਬਕ ਸਿਖਾ ਕੇ ਉਸ ਵਿਚੋਂ ਈਰਖਾ ਦਵੈਤ ਤੇ ਵੈਰ-ਵਿਰੋਧ ਖ਼ਤਮ ਕਰਕੇ ਮਨੁੱਖੀ ਬਰਾਬਰੀ ਦੇ ਇਕ ਨਵੇਂ ਸੰਸਾਰ ਦੀ ਸਿਰਜਨਾ ਕਰ ਸਕਦਾ ਹੈਂ। ਗੁਰਬਾਣੀ ਰਾਹੀਂ ਪ੍ਰੇਮਾ ਭਗਤੀ ਦਾ ਪ੍ਰਚਾਰ ਕਰਕੇ ਅਧਿਆਤਮਵਾਦ ਇਕ ਨਵਾਂ ਜੁੱਗ ਵੀ ਲਿਆ ਸਕਦਾ ਹੈ।



Sri Satguru Jagjit Singh Ji eLibrary NamdhariElibrary@gmail.com

# ਮਨ ਜਾਗੇ ਕੀ ਇਹੈ ਨਿਸ਼ਾਨੀ॥
# ਪ੍ਰਿਅ ਲਾਗੈ ਉਰ ਸਤਿਗੁਰ ਬਾਨੀ॥

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰ ਬਾਣੀ ਦੀ ਗੰਭੀਰਤਾ ਨਾਲ ਵਿਚਾਰ ਕਰਨ ਤੋਂ ਇਕ ਹੋਰ ਵਿਸਮਾਦਜਨਕ ਸੱਚਾਈ ਇਹ ਸਾਹਮਣੇ ਆਈ ਕਿ ਉਸ ਕਰਤਾ ਪੁਰਖ ਨੇ ਜੋ ਮਨੁੱਖਾ ਦੇਹੀ ਬਣਾਈ ਹੈ, ਇਸ ਵਿਚ ਉਸ ਨੇ ਆਪਣੀਆਂ ਸਾਰੀਆਂ ਰੂਹਾਨੀ ਸ਼ਕਤੀਆਂ ਬੀਜ ਰੂਪ ਵਿਚ ਰੱਖੀਆਂ ਹੋਈਆਂ ਹਨ। ਪਰੰਤੂ ਉਨ੍ਹਾਂ ਸ਼ਕਤੀਆਂ ਦਾ ਗਿਆਨ ਮਨੁੱਖ ਨੂੰ ਉਸ ਵਕਤ ਹੁੰਦਾ ਹੈ ਜਦੋਂ ਉਸ ਨੂੰ ਮਨ ਕਰਕੇ ਜਾਗ ਆ ਜਾਂਦੀ ਹੈ।

ਗੁਰੂ ਜੀ ਫੁਰਮਾਉਂਦੇ ਹਨ ਕਿ ਸਾਰੇ ਸੰਸਾਰ ਦੇ ਜੀਵ ਤਨ ਦੇ ਤਲ 'ਤੇ ਜਿਉਂਦੇ ਹਨ ਇਸ ਕਰਕੇ ਤਨ ਦੇ ਜਾਗਣ ਨੂੰ ਹੀ ਉਹ ਜਾਗਣਾ ਸਮਝ ਲੈਂਦੇ ਹਨ। ਮਨ ਕਰਕੇ ਤਾਂ ਕੋਈ ਵਿਰਲੇ ਹੀ ਗੁਰਮੁਖਿ ਜਾਗਦੇ ਹਨ:

**ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ॥**
**ਗੁਰ ਕਿਰਪਾ ਤੇ ਸੇ ਜਨ ਜਾਗੇ ਜਿਨਾ ਹਰਿ ਮਨਿ ਵਸਿਆ**
**ਬੋਲਹਿ ਅੰਮ੍ਰਿਤ ਬਾਣੀ॥**
**ਕਹੈ ਨਾਨਕੁ ਸੋ ਤਤੁ ਪਾਏ ਜਿਸ ਨੋ ਅਨਦਿਨੁ ਹਰਿ ਲਿਵ ਲਾਗੈ**
**ਜਾਗਤ ਰੈਣਿ ਵਿਹਾਣੀ॥** (ਪੰਨਾ ੯੨੦)

ਇਸ ਸ਼ਬਦ ਵਿਚ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਫੁਰਮਾਉਂਦੇ ਹਨ ਕਿ ਸਾਰਾ ਸੰਸਾਰ ਹੀ ਭਰਮ ਤੇ ਅਗਿਆਨਤਾ ਦੀ ਨੀਂਦ ਵਿਚ ਘੂਕ ਸੁੱਤਾ ਪਿਆ ਹੈ ਤੇ ਉਸਦੀ ਉਮਰ ਰੂਪੀ ਰੈਣਿ ਸਾਰੀ ਸੁੱਤਿਆਂ ਹੀ ਬੀਤ ਜਾਂਦੀ ਹੈ। ਉਸ ਦਾ ਮਨ ਤੇ ਗਿਆਨ ਇੰਦਰੇ ਕਿਵੇਂ ਸੁੱਤੇ ਹੋਏ ਹਨ? ਇਸ ਦਾ ਵਰਣਨ ਗੁਰੂ ਜੀ ਨੇ ਇਕ ਸ਼ਬਦ ਵਿਚ ਬੜੇ ਹੀ ਵਿਸਥਾਰ ਨਾਲ ਕੀਤਾ ਹੈ, ਜਿਸ ਤੇ ਵਿਚਾਰ ਕਰਨ ਦੀ ਲੋੜ ਹੈ।

**ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ॥**
**ਸ੍ਰਵਣ ਸੋਏ ਸੁਣਿ ਨਿੰਦ ਵੀਚਾਰ॥**
**ਰਸਨਾ ਸੋਈ ਲੋਭਿ ਮੀਠੈ ਸਾਦਿ॥**



Sri Satguru Jagjit Singh Ji eLibrary NamdhariElibrary@gmail.com

ਮਨੁ ਸੋਇਆ ਮਾਇਆ ਬਿਸਮਾਦਿ॥
ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ॥
ਸਾਬਤੁ ਬਸਤੁ ਓਹੁ ਅਪਨੀ ਲਹੈ॥ ਰਹਾਉ॥
ਸਗਲ ਸਹੇਲੀ ਅਪਨੈ ਰਸ ਮਾਤੀ॥
ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ॥
ਮੁਸਨਹਾਰ ਪੰਚ ਬਟਵਾਰੇ॥
ਸੂਨੇ ਨਗਰਿ ਪਰੇ ਠਗਹਾਰੇ॥
ਉਨ ਤੇ ਰਾਖੈ ਬਾਪੁ ਨ ਮਾਈ॥
ਉਨ ਤੇ ਰਾਖੈ ਮੀਤੁ ਨ ਭਾਈ॥
ਦਰਬਿ ਸਿਆਣਪ ਨਾ ਓਇ ਰਹਤੇ॥
ਸਾਧਸੰਗਿ ਓਇ ਦੁਸਟ ਵਸਿ ਹੋਤੇ॥
ਕਰਿ ਕਿਰਪਾ ਮੋਹਿ ਸਾਰੰਗ ਪਾਣਿ॥
ਸੰਤਨ ਧੂਰਿ ਸਰਬ ਨਿਧਾਨ॥
ਸਾਬਤੁ ਪੂੰਜੀ ਸਤਿਗੁਰ ਸੰਗਿ॥
SIKHBOOKCLUB.COM
ਨਾਨਕੁ ਜਾਗੈ ਪਾਰਬ੍ਰਹਮ ਕੈ ਰੰਗਿ॥
ਸੋ ਜਾਗੈ ਜਿਸੁ ਪ੍ਰਭੁ ਕਿਰਪਾਲੁ॥
ਇਹ ਪੂੰਜੀ ਸਾਬਤੁ ਧਨੁ ਮਾਲੁ॥ (ਪੰਨਾ ੧੮੨)

ਇਸ ਉਪਰ ਲਿਖੇ ਸ਼ਬਦ ਤੇ ਵਿਚਾਰ ਕਰਨ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਜਿਸ ਮਨੁੱਖ ਦਾ ਮਨ ਤੇ ਗਿਆਨ ਇੰਦਰੇ ਸੁੱਤੇ ਹੋਏ ਹਨ, ਉਸ ਦਾ ਤਨ ਦੇ ਤਲ ਤੇ ਜਿਉਣਾ ਇਕ ਸੁਪਨਾ ਹੀ ਬਣ ਜਾਂਦਾ ਹੈ ਅਤੇ ਸੁਪਨੇ ਵਿਚ ਕੀਤੇ ਹੋਏ ਕਰਮ ਵਿਅਰਥ ਹੀ ਹੁੰਦੇ ਹਨ। ਉਸ ਨੂੰ ਆਪਣੇ ਅਸਲੀ ਸਰੂਪ ਦੀ ਪਛਾਣ ਨਹੀਂ ਰਹਿੰਦੀ ਜਿਸ ਕਰਕੇ ਉਹ ਸੁਪਨੇ ਵਿਚ ਮਿਲ ਰਹੇ ਦੁੱਖਾਂ ਤੋਂ ਪ੍ਰਭਾਵਿਤ ਹੋ ਕੇ ਦੁਖੀ ਹੁੰਦਾ ਰਹਿੰਦਾ ਹੈ। ਜੀਵ ਦੀ ਇਸ ਦਸ਼ਾ ਦਾ ਵਰਣਨ ਕਰਦੇ ਹੋਏ ਭਗਤ ਰਵਿਦਾਸ ਜੀ ਫੁਰਮਾਉਂਦੇ ਹਨ:

ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ॥
ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ॥

(ਪੰਨਾ ੬੫੭)


Sri Satguru Jagjit Singh Ji eLibrary NamdhariElibrary@gmail.com

ਸੰਸਾਰ ਦੇ ਸਾਰੇ ਜੀਵਾਂ ਨੂੰ ਇਸ ਸੁਪਨੇ ਤੋਂ ਜਗਾਵਣ ਵਾਸਤੇ ਸਤਿਗੁਰਾਂ ਨੇ ਗੁਰਬਾਣੀ ਦੇ ਸ਼ਬਦਾਂ ਦੁਆਰਾ ਬੜੇ ਜਤਨ ਕੀਤੇ ਹਨ। ਗੁਰਬਾਣੀ ਵਿਚ ਸਤਿਗੁਰੂ ਜੀ ਫੁਰਮਾਉਂਦੇ ਹਨ:

**ਇਕੋ ਸਤਿਗੁਰੁ ਜਾਗਤਾ ਹੋਰੁ ਜਗੁ ਸੂਤਾ ਮੋਹਿ ਪਿਆਸਿ॥**
**ਸਤਿਗੁਰੁ ਸੇਵਨਿ ਜਾਗੰਨਿ ਸੇ ਜੋ ਰਤੇ ਸਚਿ ਨਾਮਿ ਗੁਣਤਾਸਿ॥**

(ਪੰਨਾ ੫੯੨)

ਮਨ ਕਰਕੇ ਸੁੱਤੇ ਹੋਏ ਮਨੁੱਖ ਨੂੰ ਜਗਾਉਣ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ:

**ਜਾਗੁ ਰੇ ਮਨ ਜਾਗਨਹਾਰੇ॥**
**ਬਿਨੁ ਹਰਿ ਅਵਰੁ ਨ ਆਵਸਿ ਕਾਮਾ ਝੂਠਾ ਮੋਹੁ ਮਿਥਿਆ ਪਸਾਰੇ॥**

(ਪੰਨਾ ੩੮੭)

ਗੁਰੂ ਤੇਗ਼ ਬਹਾਦਰ ਜੀ ਮਹਾਰਾਜ ਦਾ ਫੁਰਮਾਨ ਹੈ:

**ਜਾਗਿ ਲੇਹੁ ਰੇ ਮਨਾ ਜਾਗਿ ਲੇਹੁ ਕਹਾ ਗਾਫਲ ਸੋਇਆ॥**
**ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗ ਨ ਹੋਇਆ॥** (ਪੰਨਾ ੭੨੬)

ਮਨ ਕਰਕੇ ਸੁੱਤੇ ਹੋਏ ਮਨੁੱਖ ਦੀ ਸ਼ੁਭ ਗੁਣਾਂ ਦੀ ਪੂੰਜੀ ਨੂੰ ਪੰਜ ਚੋਰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਲੁੱਟ ਲੈਂਦੇ ਹਨ। ਗੁਰੂ ਜੀ ਨੇ ਉਪਰ ਲਿਖੇ ਸ਼ਬਦ ਵਿਚ ਇਉਂ ਫੁਰਮਾਇਆ ਹੈ:

SIKHBOOKCLUB.COM

**ਮੁਸਨਹਾਰ ਪੰਚ ਬਟਵਾਰੇ॥ ਸੂਨੇ ਨਗਰਿ ਪਰੇ ਠਗਹਾਰੇ॥**
**ਉਨ ਤੇ ਰਾਖੈ ਬਾਪੁ ਨ ਮਾਈ॥ ਉਨ ਤੇ ਰਾਖੈ ਮੀਤੁ ਨ ਭਾਈ॥**
**ਦਰਬਿ ਸਿਆਣਪ ਨਾ ਓਇ ਰਹਤੇ॥ ਸਾਧ ਸੰਗਿ ਓਇ ਦੁਸਟ ਵਸਿ ਹੋਤੇ॥**

(ਪੰਨਾ ੧੮੨)

ਸਤਿਗੁਰੂ ਜੀ ਨੇ ਮਨੁੱਖਤਾ ਉੱਤੇ ਤਰਸ ਕਰਕੇ ਉਨ੍ਹਾਂ ਦੁਸ਼ਟਾਂ ਨੂੰ ਵੱਸ ਕਰਕੇ ਆਪਣੇ ਘਰ ਨੂੰ ਲੁੱਟਣ ਤੋਂ ਬਚਾਉਣ ਦੇ ਸਾਧਨ ਵੀ ਗੁਰਬਾਣੀ ਵਿਚ ਪੂਰੇ ਵਿਸਥਾਰ ਨਾਲ ਦੱਸੇ ਹਨ। ਉਸੇ ਸ਼ਬਦ ਵਿਚ ਸਤਿਗੁਰੂ ਜੀ ਉਸ ਦਇਆਲੂ ਕਿਰਪਾਲੂ ਪ੍ਰਭੂ ਅੱਗੇ ਅਰਦਾਸ ਕਰਨ ਦੀ ਇਉਂ ਪ੍ਰੇਰਣਾ ਕਰਦੇ ਹਨ:

**ਕਰਿ ਕਿਰਪਾ ਮੋਹਿ ਸਾਰਿੰਗਪਾਣਿ॥ ਸੰਤਨ ਧੂਰਿ ਸਰਬ ਨਿਧਾਨ॥**
**ਸਾਬਤੁ ਪੂੰਜੀ ਸਤਿਗੁਰ ਸੰਗਿ॥ ਨਾਨਕੁ ਜਾਗੈ ਪਾਰਬ੍ਰਹਮ ਕੈ ਰੰਗਿ॥**
**ਸੋ ਜਾਗੈ ਜਿਸੁ ਪ੍ਰਭ ਕਿਰਪਾਲੁ॥ ਇਹ ਪੂੰਜੀ ਸਾਬਤੁ ਧਨੁ ਮਾਲੁ॥**

(ਪੰਨਾ ੧੮੨)



Sri Satguru Jagjit Singh Ji eLibrary NamdhariElibrary@gmail.com

ਜਦੋਂ ਮਨ ਕਰਕੇ ਜਾਗੇ ਹੋਏ ਮਨੁੱਖ ਨੇ ਇਕ ਮਨ ਇਕ ਚਿਤ ਹੋ ਕੇ ਉਸ ਪ੍ਰਭੂ ਅੱਗੇ ਅਰਦਾਸ ਕੀਤੀ ਤਾਂ ਉਸ ਨੇ ਕਿਰਪਾ ਕਰਕੇ ਇਸ ਦੇ ਹਿਰਦੇ ਵਿਚ ਪ੍ਰਭੂ ਦਾ ਪਿਆਰ ਪੈਦਾ ਕਰ ਦਿੱਤਾ।

**ਨਾਨਕੁ ਜਾਗੈ ਪਾਰਬ੍ਰਹਮ ਕੈ ਰੰਗਿ॥** (ਪੰਨਾ ੧੯੨)

ਭਾਵ ਜਦੋਂ ਪਾਰਬ੍ਰਹਮ ਨੇ ਗੁਰਮੁਖਿ ਨੂੰ ਆਪਣੇ ਪਿਆਰ ਦੇ ਰੰਗ ਵਿਚ ਰੰਗ ਲਿਆ ਤਾਂ ਉਸ ਵਿਚ ਪੰਜਾਂ ਦੂਤਾਂ ਨੂੰ ਵੱਸ ਕਰਨ ਦੀ ਜਾਚ ਆ ਗਈ। ਗੁਰੂ ਅਰਜਨ ਦੇਵ ਜੀ ਉਸ ਗੁਰਮੁਖਿ ਦੀ ਸਮਰੱਥਾ ਦਾ ਵਰਣਨ ਕਰਦੇ ਹੋਏ ਫੁਰਮਾਉਂਦੇ ਹਨ:

**ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਨੁ ਬਲੀ ਰੇ॥**
**ਜਿਨਿ ਪੰਚ ਮਾਰਿ ਬਿਦਾਰਿ ਗੁਦਾਰੇ ਸੋ ਪੂਰਾ ਇਹ ਕਲੀ ਰੇ॥**

(ਪੰਨਾ ੪੦੪)

ਜਦੋਂ ਗੁਰਮੁਖਿ ਦਾ ਮਨ ਜਾਗ ਪਿਆ ਤਾਂ ਉਸ ਨੂੰ ਗੁਰਬਾਣੀ ਤੋਂ ਆਤਮ ਗਿਆਨ ਪ੍ਰਾਪਤ ਹੋ ਗਿਆ ਤੇ ਉਸ ਵਿਚ ਇਤਨਾ ਆਤਮ ਬਲ ਪੈਦਾ ਹੋ ਗਿਆ ਕਿ ਉਸ ਨੇ ਪੰਜੇ ਦੂਤ ਆਪਣੇ ਕਾਬੂ ਵਿਚ ਕਰ ਲਏ॥

SIKHBOOKCLUB.COM



Sri Satguru Jagjit Singh Ji eLibrary NamdhariElibrary@gmail.com

# ਪੂਰਾ ਨਿਆਉ ਕਰੇ ਕਰਤਾਰ

ਮਨ ਕਰਕੇ ਜਾਗੇ ਹੋਏ ਮਨੁੱਖ ਨੇ ਇਨ੍ਹਾਂ ਪੰਜਾਂ ਦੂਤਾਂ ਨੂੰ ਕਿਵੇਂ ਵੱਸ ਵਿਚ ਕੀਤਾ? ਇਸ ਦਾ ਵਰਣਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਇਕ ਹੋਰ ਸ਼ਬਦ ਵਿਚ ਬੜੇ ਅਲੰਕਾਰਕ ਢੰਗ ਨਾਲ ਕੀਤਾ ਹੈ। ਜਾਗੇ ਹੋਏ ਮਨੁੱਖ ਨੇ ਉਸ ਪ੍ਰਭੂ ਦੀ ਸਭ ਤੋਂ ਉੱਚੀ ਅਦਾਲਤ ਵਿਚ ਇਹ ਮੁਕੱਦਮਾ ਦਾਇਰ ਕੀਤਾ ਕਿ ਜਦੋਂ ਮੈਨੂੰ ਜਾਗ ਆਈ ਤਾਂ ਮੈਨੂੰ ਪਤਾ ਲੱਗਿਆ ਕਿ ਉਨ੍ਹਾਂ ਪੰਜਾਂ ਦੂਤਾਂ ਨੇ ਮੇਰੇ ਘਰ ਨੂੰ ਲੁੱਟਿਆ ਹੀ ਨਹੀਂ ਸਗੋਂ ਉਹ ਮੇਰੇ ਘਰ 'ਤੇ ਕਬਜ਼ਾ ਕਰਕੇ ਬੈਠ ਗਏ ਹਨ। ਉਸ ਸ਼ਬਦ ਵਿਚ ਗੁਰੂ ਜੀ ਫੁਰਮਾਉਂਦੇ ਹਨ:

**ਏਕੁ ਹਮਾਰਾ ਅੰਤਰਜਾਮੀ ॥**
**ਧਰ ਏਕਾ ਮੈ ਟਿਕ ਏਕਸੁ ਕੀ ਸਿਰਿ ਸਾਹਾ ਵਡ ਪੁਰਖੁ ਸੁਆਮੀ ॥ ਰਹਾਉ ॥**
**ਛਲ ਨਾਗਨਿ ਸਿਉ ਮੇਰੀ ਟੂਟਨਿ ਹੋਈ ॥**
**ਗੁਰਿ ਕਹਿਆ ਇਹ ਝੂਠੀ ਧੋਹੀ ॥**
**ਮੁਖਿ ਮੀਠੀ ਖਾਈ ਕਉਰਾਇ ॥**
**ਅੰਮ੍ਰਿਤ ਨਾਮਿ ਮਨੁ ਰਹਿਆ ਅਘਾਇ ॥**
**ਲੋਭ ਮੋਹ ਸਿਉ ਗਈ ਵਿਖੋਟਿ ॥**
**ਗੁਰਿ ਕ੍ਰਿਪਾਲਿ ਮੋਹਿ ਕੀਨੀ ਛੋਟਿ ॥**
**ਇਹ ਠਗਵਾਰੀ ਬਹੁਤੁ ਘਰ ਗਾਲੇ ॥**
**ਹਮ ਗੁਰਿ ਰਾਖਿ ਲੀਏ ਕਿਰਪਾਲੇ ॥**
**ਕਾਮ ਕ੍ਰੋਧ ਸਿਉ ਠਾਟੁ ਨ ਬਨਿਆ ॥**
**ਗੁਰ ਉਪਦੇਸ ਮੋਹਿ ਕਾਨੀ ਸੁਨਿਆ ॥**
**ਜਹ ਦੇਖਉ ਤਹ ਮਹਾ ਚੰਡਾਲ ॥**
**ਰਾਖਿ ਲੀਏ ਅਪੁਨੈ ਗੁਰਿ ਗੋਪਾਲ ॥**
**ਦਸ ਨਾਰੀ ਮੈ ਕਰੀ ਦੁਹਾਗਨਿ ॥**
**ਗੁਰਿ ਕਹਿਆ ਏਹ ਰਸਹਿ ਬਿਖਾਗਨਿ ॥**
**ਇਨ ਸਨਬੰਧੀ ਰਸਾਤਲਿ ਜਾਇ ॥**

SIKHBOOKCLUB.COM



Sri Satguru Jagjit Singh Ji eLibrary NamdhariElibrary@gmail.com

**ਹਮ ਗੁਰਿ ਰਾਖੇ ਹਰਿ ਲਿਵ ਲਾਇ॥**

**ਅਹੰਮੇਵ ਸਿਉ ਮਸਲਤਿ ਛੋਡੀ॥**

**ਗੁਰਿ ਕਹਿਆ ਇਹੁ ਮੂਰਖੁ ਹੋਡੀ॥**

**ਇਹੁ ਨੀਘਰੁ ਘਰ ਕਹੀ ਨ ਪਾਏ॥**

**ਹਮ ਗੁਰਿ ਰਾਖਿ ਲੀਏ ਲਿਵ ਲਾਏ॥**

**ਇਨ ਲੋਗਨ ਸਿਉ ਹਮ ਭਏ ਬੈਰਾਈ॥**

**ਏਕ ਗ੍ਰਿਹ ਮਹਿ ਦੁਇ ਨ ਖਟਾਂਈ॥**

**ਆਏ ਪ੍ਰਭ ਪਹਿ ਅੰਚਰਿ ਲਾਗਿ॥**

**ਕਰਹੁ ਤਪਾਵਸੁ ਪ੍ਰਭ ਸਰਬਾਗਿ॥** (ਪੰਨਾ ੧੩੪੭)

ਇਸ ਸ਼ਬਦ ਉੱਤੇ ਵਿਚਾਰ ਕਰਨ ਤੋਂ ਪਤਾ ਲੱਗਦਾ ਹੈ ਕਿ ਪੂਰੇ ਗੁਰੂ ਨੇ ਇਸ ਮੁਕੱਦਮੇ ਵਿਚ ਵਕੀਲ ਦਾ ਕੰਮ ਕੀਤਾ ਹੈ। ਆਪਣੇ ਮੁਵਕਲ ਨੂੰ ਮਾਇਆ ਨਾਲੋਂ ਸੰਬੰਧ ਪੂਰਨ ਰੂਪ ਵਿਚ ਤੋੜ ਲੈਣ ਦੀ ਸਲਾਹ ਦਿੱਤੀ:

**ਛਲ ਨਾਗਨਿ ਸਿਉ ਮੇਰੀ ਟੂਟਨਿ ਹੋਈ॥**

**ਗੁਰਿ ਕਹਿਆ ਇਹ ਝੂਠੀ ਧੋਹੀ॥** (ਪੰਨਾ ੧੩੪੭)

ਪੂਰੇ ਗੁਰੂ ਨੇ ਕਿਹਾ ਮਾਇਆ ਛਲੀਆ ਤੇ ਧੋਖੇਬਾਜ਼ ਹੈ। ਇਸ ਨਾਲ ਕੋਈ ਸੰਬੰਧ ਨਾ ਰੱਖੋ। ਇਸੇ ਤਰ੍ਹਾਂ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਦੇ ਔਗੁਣ ਦੱਸੇ। ਫਿਰ ਪੂਰੇ ਗੁਰੂ ਦੀ ਸਹਾਇਤਾ ਨਾਲ ਜਾਗੇ ਹੋਏ ਗੁਰਮੁਖਿ ਨੇ ਉਸ ਪ੍ਰਭੂ ਨੂੰ ਅਪੀਲ ਕੀਤੀ ਕਿ ਹੇ ਪ੍ਰਭੂ ਮੇਰੇ ਇਸ ਕੇਸ ਵਿਚ ਮੇਰੇ ਨਾਲ ਪੂਰਾ ਨਿਆਂ ਕਰੋ। ਆਪ ਦਾ ਇਹ ਬਿਰਦ ਹੈ ਕਿ ਆਪ ਪੂਰਾ ਨਿਆਂ ਕਰਦੇ ਹੋ। ਇਹ ਬੇਨਤੀ ਸੁਣ ਕੇ ਉਸ ਪ੍ਰਭੂ (ਜੱਜ) ਨੇ ਆਪਣਾ ਫ਼ੈਸਲਾ ਸੁਣਾਇਆ:

**ਪ੍ਰਭ ਹਸਿ ਬੋਲੇ ਕੀਏ ਨਿਆਂਏਂ॥ ਸਗਲ ਦੂਤ ਮੇਰੀ ਸੇਵਾ ਲਾਏ॥**

**ਤੂੰ ਠਾਕੁਰੁ ਇਹੁ ਗ੍ਰਿਹੁ ਸਭੁ ਤੇਰਾ॥**

**ਕਹੁ ਨਾਨਕ ਗੁਰਿ ਕੀਆ ਨਿਬੇਰਾ॥** (ਪੰਨਾ ੧੩੪੭)

ਪ੍ਰਭੂ ਨੇ ਮੇਰੇ ਘਰ ਦਾ ਕਬਜ਼ਾ ਮੈਨੂੰ ਦਿਵਾ ਦਿੱਤਾ ਅਤੇ ਪੰਜ ਦੂਤਾਂ ਨੂੰ ਮੇਰੇ ਸੇਵਾਦਾਰ ਬਣਾ ਦਿੱਤਾ। ਪੂਰੇ ਗੁਰੂ ਨੇ ਮੈਨੂੰ ਇਹ ਵੀ ਸੋਝੀ ਕਰਾ ਦਿੱਤੀ ਕਿ

- **ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥**

  **ਦੇਹੀ ਮਹਿ ਇਸ ਕਾ ਬਿਸ੍ਰਾਮ॥** (ਪੰਨਾ ੨੯੩)

- **ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥**

  **ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ॥** (ਪੰਨਾ ੬੯੫)



Sri Satguru Jagjit Singh Ji eLibrary NamdhariElibrary@gmail.com

ਗੁਰਬਾਣੀ ਦੀ ਖੋਜ ਕਰਨ ਤੋਂ ਜੋ ਆਤਮ ਗਿਆਨ ਪ੍ਰਾਪਤ ਹੋਇਆ ਉਸ ਤੋਂ ਇਹ ਸੋਝੀ ਪ੍ਰਾਪਤ ਹੋਈ ਕਿ ਪ੍ਰਭੂ ਨੇ ਆਪਣੀਆਂ ਸਾਰੀਆਂ ਰੂਹਾਨੀ ਸ਼ਕਤੀਆਂ ਮੇਰੇ ਹਿਰਦੇ ਰੂਪੀ ਘਰ ਵਿਚ ਹੀ ਰੱਖੀਆਂ ਹੋਈਆਂ ਹਨ:

– **ਪੂਰਾ ਸਤਿਗੁਰੁ ਭੇਟਿਆ ਸਫਲ ਜਨਮੁ ਹਮਾਰਾ॥**
**ਨਾਮੁ ਨਵੈ ਨਿਧਿ ਪਾਇਆ ਭਰੇ ਅਖੁਟ ਭੰਡਾਰਾ॥** (ਪੰਨਾ ੪੨੯)

– **ਹਿਰਦੈ ਏਕੋ ਨਾਮੁ ਵਸੈ ਹਉਮੈ ਦੁਬਿਧਾ ਮਾਰਿ॥**
**ਭਗਤਾ ਕੀ ਜਤਿ ਪਤਿ ਏਕੋੁ ਨਾਮੁ ਹੈ ਆਪੇ ਲਏ ਸਵਾਰਿ॥**
(ਪੰਨਾ ੪੨੯)

– **ਏਕੋ ਏਕੁ ਕਹੈ ਸਭੁ ਕੋਈ ਹਉਮੈ ਗਰਬੁ ਵਿਆਪੈ॥**
**ਅੰਤਰਿ ਬਾਹਰਿ ਏਕੁ ਪਛਾਣੈ ਇਉ ਘਰੁ ਮਹਲੁ ਸਿਞਾਪੈ॥**
**ਪ੍ਰਭੁ ਨੇੜੈ ਹਰਿ ਦੂਰਿ ਨ ਜਾਣਹੁ ਏਕੋ ਸ੍ਰਿਸਟਿ ਸਬਾਈ॥**
**ਏਕੰਕਾਰੁ ਅਵਰੁ ਨਹੀ ਦੂਜਾ ਨਾਨਕ ਏਕੁ ਸਮਾਈ॥** (ਪੰਨਾ ੯੩੦)

– **ਏਕੁ ਸਰੇਵੈ ਤਾ ਗਤਿ ਮਿਤਿ ਪਾਵੈ ਆਵਣੁ ਜਾਣੁ ਰਹਾਈ॥**
**ਏਕੁ ਅਚਾਰੁ ਰੰਗੁ ਇਕੁ ਰੂਪੁ॥ ਪਉਣ ਪਾਣੀ ਅਗਨੀ ਅਸਰੂਪੁ॥**
**ਏਕੋ ਭਵਰੁ ਭਵੈ ਤਿਹੁ ਲੋਇ॥ ਏਕੋ ਬੂਝੈ ਸੂਝੈ ਪਤਿ ਹੋਇ॥** (ਪੰਨਾ ੯੩੦)

ਹੁਣ ਮੇਰੇ ਘਰ ਦਾ ਮਾਹੌਲ ਬਿਲਕੁਲ ਬਦਲ ਗਿਆ। ਮੇਰੇ ਮਨੁੱਖਾ ਜਨਮ ਦਾ ਜੋ ਅਸਲ ਮਨੋਰਥ "ਦ੍ਵੈ ਤੇ ਏਕ ਰੂਪ ਹ੍ਵੈ ਗਇਓ" ਸੀ ਉਹ ਪੂਰਾ ਹੋ ਗਿਆ। ਹੁਣ ਮੇਰੇ ਘਰ ਵਿਚ ਅੰਮ੍ਰਿਤ ਕੀਰਤਨ ਦੀਆਂ ਧੁਨਾਂ ਦਿਨ ਰਾਤ ਗੂੰਜਦੀਆਂ ਰਹਿੰਦੀਆਂ ਹਨ। ਇਸ ਵਿਸਮਾਦ ਭਰੀ ਅਤੇ ਸਦਾ ਵਿਗਾਸ ਦੀ ਅਵਸਥਾ ਦਾ ਵਰਣਨ ਕਰਦੇ ਹੋਏ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਜਪੁਜੀ ਸਾਹਿਬ ਵਿਚ ਫੁਰਮਾਇਆ ਹੈ:

**ਸੁਣਿਐ ਸਤੁ ਸੰਤੋਖੁ ਗਿਆਨੁ॥ ਸੁਣਿਐ ਅਠਸਠਿ ਕਾ ਇਸਨਾਨੁ॥**
**ਸੁਣਿਐ ਪੜਿ ਪੜਿ ਪਾਵਹਿ ਮਾਨੁ॥ ਸੁਣਿਐ ਲਾਗੈ ਸਹਜਿ ਧਿਆਨੁ॥**
**ਨਾਨਕ ਭਗਤਾ ਸਦਾ ਵਿਗਾਸੁ॥ ਸੁਣਿਐ ਦੂਖ ਪਾਪ ਕਾ ਨਾਸੁ॥**
(ਪੰਨਾ ੩)

ਅੰਮ੍ਰਿਤ ਕੀਰਤਨ ਦੀਆਂ ਧੁਨਾਂ ਸੁਣ ਕੇ ਮੈਨੂੰ ਸਦਾ ਵਿਗਾਸ ਦੀ ਤੇ "ਸਤਿ ਸੁਹਾਣ ਸਦਾ ਮਨ ਚਾਉ" ਦੀ ਅਵਸਥਾ ਪ੍ਰਾਪਤ ਹੋ ਗਈ ਹੈ। ਗੁਰਬਾਣੀ ਵਿਚ ਇਸ ਅਵਸਥਾ ਦਾ ਵਰਣਨ ਸਤਿਗੁਰਾਂ ਨੇ ਇਉਂ ਵੀ ਕੀਤਾ ਹੈ:



Sri Satguru Jagjit Singh Ji eLibrary NamdhariElibrary@gmail.com

**ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ॥**
**ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥**
**ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ॥**
**ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ॥**
**ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ॥** (ਪੰਨਾ ੯੫੪)

ਉਪਰ ਲਿਖੇ ਸ਼ਬਦਾਂ ਦੇ ਪ੍ਰਮਾਣ ਇਹ ਸਾਬਤ ਕਰਦੇ ਹਨ ਕਿ ਪਰਮਾਤਮਾ ਨੇ ਇਹ ਜੋ ਮਨੁੱਖਾ ਦੇਹੀ ਬਣਾਈ ਹੈ ਇਹ ਉਸ ਨੇ ਆਪਣੇ ਨਿੱਜ ਦੇ ਮਾਡਲ ਅਨੁਸਾਰ ਬਣਾਈ ਹੈ ਅਤੇ ਇਸ ਵਿਚ ਉਸ ਨੇ ਆਪਣੀਆਂ ਸਾਰੀਆਂ ਰੂਹਾਨੀ ਸ਼ਕਤੀਆਂ ਵੀ ਰੱਖੀਆਂ ਹੋਈਆਂ ਹਨ। ਇਤਨੀਆਂ ਮਹਾਨ ਸ਼ਕਤੀਆਂ ਦਾ ਮਾਲਕ ਹੁੰਦੇ ਹੋਏ ਜਦੋਂ ਮਨੁੱਖ ਪ੍ਰਭੂ ਨਾਲੋਂ ਟੁੱਟ ਗਿਆ ਤੇ ਮਾਇਆ ਦੇ ਜਾਲ ਵਿਚ ਫਸ ਗਿਆ ਤਾਂ ਵਿਕਾਰਾਂ ਵਿਚ ਫਸ ਕੇ ਇਤਨੇ ਅਵਗੁਣ ਕਰਨ ਲੱਗ ਪਿਆ ਕਿ ਉਸ ਨੂੰ ਆਪਣਾ ਅਸਲੀ ਆਤਮਕ ਸਰੂਪ ਹੀ ਭੁੱਲ ਗਿਆ। ਇਸ ਦੇ ਹਿਰਦੇ ਰੂਪੀ ਘਰ ਉੱਤੇ ਪੰਜ ਦੂਤਾਂ ਨੇ ਕਬਜ਼ਾ ਕਰ ਲਿਆ ਤੇ ਇਹ ਇਨਸਾਨ "ਅਗਨ ਸ਼ੋਕ ਸਾਗਰ" ਵਿਚ ਗੋਤੇ ਖਾਣ ਲੱਗ ਪਿਆ। ਇਸ ਦੀ ਇਸ ਤਰਸਯੋਗ ਹਾਲਤ ਨੂੰ ਵੇਖ ਕੇ ਦਿਆਲੂ ਤੇ ਕ੍ਰਿਪਾਲੂ ਪਰਮਾਤਮਾ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਭਗਤੀ ਤੇ ਸ਼ਕਤੀ ਦੇ ਅਖੁੱਟ ਭੰਡਾਰੇ ਦੇ ਕੇ ਪੂਰੇ ਗੁਰੂ ਦੇ ਸਰੂਪ ਵਿਚ ਇਸ ਸੰਸਾਰ ਦਾ ਪਾਰ ਉਤਾਰਾ ਕਰਨ ਵਾਸਤੇ ਭੇਜਿਆ। ਪੂਰੇ ਗੁਰੂ ਨੇ ਗੁਰਬਾਣੀ ਰਾਹੀਂ ਐਸੇ ਵਿਲੱਖਣ ਸਿੱਧਾਂਤ ਪੇਸ਼ ਕੀਤੇ ਜਿਨ੍ਹਾਂ ਰਾਹੀਂ ਹਰੇਕ ਮਨੁੱਖ ਆਤਮ ਗਿਆਨ ਪ੍ਰਾਪਤ ਕਰਕੇ ਅਤੇ ਪੂਰੇ ਗੁਰੂ ਦੇ ਉਪਦੇਸ਼ ਉੱਤੇ ਅਮਲ ਕਰਕੇ ਉਸ ਪਰਮਾਤਮਾ ਵਿਚ ਅਭੇਦ ਹੋ ਸਕਦਾ ਹੈ।

ਪੂਰੇ ਗੁਰੂ ਨੇ ਸਭ ਤੋਂ ਪਹਿਲਾਂ ਇਸ ਨੂੰ ਮਨ ਕਰਕੇ ਜਾਗਣ ਦਾ ਉਪਦੇਸ਼ ਦਿੱਤਾ। ਜਦੋਂ ਇਹ ਮਨੁੱਖ ਜਾਗ ਪਿਆ ਤਾਂ ਇਸ ਨੇ ਪੂਰੇ ਗੁਰੂ ਦੇ ਉਪਦੇਸ਼ ਅਨੁਸਾਰ ਪੂਰੇ ਪ੍ਰਭੂ ਦਾ ਨਾਮ ਅਰਾਧਨਾ (ਸਿਮਰਨਾ) ਸ਼ੁਰੂ ਕੀਤਾ:

**ਪੂਰਾ ਪ੍ਰਭੁ ਆਰਾਧਿਆ ਪੂਰਾ ਜਾ ਕਾ ਨਾਉ॥**
**ਨਾਨਕ ਪੂਰਾ ਪਾਇਆ ਪੂਰੇ ਕੇ ਗੁਨ ਗਾਉ॥ ਅਸਟਪਦੀ॥**
**ਪੂਰੇ ਗੁਰ ਕਾ ਸੁਨਿ ਉਪਦੇਸੁ॥ ਪਾਰਬ੍ਰਹਮੁ ਨਿਕਟਿ ਕਰਿ ਪੇਖੁ॥**
**ਸਾਸਿ ਸਾਸਿ ਸਿਮਰਹੁ ਗੋਬਿੰਦ॥ ਮਨ ਅੰਤਰਿ ਕੀ ਉਤਰੈ ਚਿੰਦ॥**

(ਪੰਨਾ ੨੯੫)



Sri Satguru Jagjit Singh Ji eLibrary NamdhariElibrary@gmail.com

ਸਾਸ ਸਾਸ ਸਿਮਰਨ ਕਰਨ ਨਾਲ ਮਨੁੱਖ ਦੀ ਲਿਵ ਫਿਰ ਪਰਮਾਤਮਾ ਨਾਲ ਲੱਗ ਗਈ ਤੇ:

**ਗੁਰ ਪ੍ਰਸਾਦਿ ਜਿੰਨਾ ਲਿਵ ਲਾਗੀ ਤਿਨ ਵਿਚੇ ਮਾਇਆ ਪਾਇਆ॥**

ਦੇ ਮਹਾਂਵਾਕ ਅਨੁਸਾਰ ਇਸ ਨੇ ਮਾਇਆ ਵਿਚ ਕਮਲ ਫੁੱਲ ਵਾਂਗ ਅਲੇਪ ਰਹਿ ਕੇ ਉਸ ਪਰਮਾਤਮਾ ਨੂੰ ਪ੍ਰਾਪਤ ਕਰ ਲਿਆ। ਪੂਰੇ ਗੁਰੂ ਦੇ ਉਪਦੇਸ਼ ਉੱਤੇ ਅਮਲ ਕਰਨ ਵਾਲੇ ਮਨੁੱਖ ਨੂੰ ਮਨੁੱਖਾ ਜਨਮ ਨੂੰ ਸਫਲ ਕਰਨ ਦੀ ਜੋ ਸਮਰਥਾ ਤੇ ਰੂਹਾਨੀ ਸ਼ਕਤੀ ਪ੍ਰਾਪਤ ਹੋ ਜਾਂਦੀ ਹੈ, ਉਸ ਦਾ ਵਰਣਨ ਗੁਰਬਾਣੀ ਵਿਚ ਇਸ ਤਰ੍ਹਾਂ ਕੀਤਾ ਗਿਆ ਹੈ:

**ਸਭ ਕਿਛੁ ਘਰ ਮਹਿ ਬਾਹਰਿ ਨਾਹੀ॥ ਬਾਹਰਿ ਟੋਲੈ ਸੋ ਭਰਮਿ ਭੁਲਾਹੀ॥**
**ਗੁਰਪਰਸਾਦੀ ਜਿਨੀ ਅੰਤਰਿ ਪਾਇਆ ਸੋ ਅੰਤਰਿ ਬਾਹਰਿ ਸੁਹੇਲਾ ਜੀਉ॥**
**ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ॥ ਮਨੁ ਪੀਵੈ ਸੁਨਿ ਸਬਦੁ ਬੀਚਾਰਾ॥**
**ਅਨਦ ਬਿਨੋਦ ਕਰੇ ਦਿਨ ਰਾਤੀ ਸਦਾ ਸਦਾ ਹਰਿ ਕੇਲਾ ਜੀਉ॥ ...**
**ਜਲ ਤਰੰਗੁ ਜਿਉ ਜਲਹਿ ਸਮਾਇਆ॥**
**ਤਿਉ ਜੋਤੀ ਸੰਗਿ ਜੋਤਿ ਮਿਲਾਇਆ॥**
**ਕਹੁ ਨਾਨਕ ਭ੍ਰਮ ਕਟੇ ਕਿਵਾੜਾ ਬਹੁੜਿ ਨ ਹੋਈਐ ਜਉਲਾ ਜੀਉ॥**

SIKHBOOKCLUB.COM

(ਪੰਨਾ ੧੦੨)

ਇਸ ਸ਼ਬਦ ਵਿਚ ਗੁਰਮੁਖਿ ਦੀ ਉੱਚੀ ਆਤਮ ਗਿਆਨ ਦੀ ਜਿਸ ਅਵਸਥਾ ਦਾ ਵਰਣਨ ਕੀਤਾ ਗਿਆ ਹੈ, ਉਸ ਨੂੰ ਮੈਂ ਹੇਠ ਲਿਖੀ ਰੁਬਾਈ ਵਿਚ ਦੱਸਣ ਦਾ ਜਤਨ ਕੀਤਾ ਹੈ:

**ਮਨ ਦਾ ਸ਼ੀਸ਼ਾ ਜਿਸ ਬੰਦੇ ਦਾ ਹੋ ਜਾਏ ਪੂਰਾ ਸਾਫ਼॥**
**ਤਾਂ ਉਸ ਨੂੰ ਦਿਸ ਪੈਂਦਾ ਏ, ਰੱਬ ਅਪਨੇ ਅੰਦਰ ਆਪ॥**
**ਭਰ ਦੇ ਪਰਦੇ ਜਿਸ ਮਨ ਤੋਂ, ਪੂਰੇ ਲੱਥ ਜਾਵਣ॥**
**ਤਾਂ ਉਸ ਨੂੰ ਉਹ ਦਿਸ ਪੈਂਦਾ ਹੈ, ਕਣ ਕਣ ਰਿਹਾ ਵਿਆਪ॥**
**ਆਤਮ ਗਿਆਨ ਦੀਆਂ ਕਿਰਨਾਂ ਨੇ, ਜਦ ਮਨ ਨੂੰ ਰੌਸ਼ਨ ਕੀਤਾ॥**
**ਤਾਂ ਉਸ ਬੰਦੇ ਪਿਰਮ ਪਿਆਲਾ, ਡੀਕਾਂ ਲਾ ਲਾ ਪੀਤਾ॥**
**ਪ੍ਰਭੂ ਪਿਆਰ ਦੀ ਮਸਤੀ ਵਿਚ ਉਹ, ਸਦਾ ਹੀ ਰਹਿੰਦਾ ਖੀਵਾ॥**
**ਸਾਰੇ ਉਸ ਨੂੰ ਅਪਣੇ ਦਿਸਣ, ਸਗਲੇ ਦਿੱਸਣ ਮੀਤਾ॥**



Sri Satguru Jagjit Singh Ji eLibrary NamdhariElibrary@gmail.com

## ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ॥
## ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ॥

ਸੰਸਾਰ ਦੇ ਤੇ ਖ਼ਾਸ ਕਰਕੇ ਹਿੰਦੋਸਤਾਨ ਦੇ ਲੋਕ ਜੁਗਾਂ ਜੁਗਾਂਤਰਾਂ ਤੋਂ ਇਸ ਭਰਮ ਭੁਲੇਖੇ ਵਿਚ ਫਸੇ ਰਹੇ ਕਿ ਤੀਰਥਾਂ 'ਤੇ ਇਸ਼ਨਾਨ ਕਰਕੇ ਉਨ੍ਹਾਂ ਦੇ ਮਨ ਨੂੰ ਲੱਗੀ ਹੋਈ ਮੈਲ ਉਤਰ ਜਾਂਦੀ ਹੈ। ਇਸ ਬਹੁਤ ਵੱਡੇ ਭਰਮ ਭੁਲੇਖੇ ਨੂੰ **ਸ੍ਰੀ ਗੁਰੂ ਗ੍ਰੰਥ ਸਾਹਿਬ** ਦੀ ਬਾਣੀ ਦੁਆਰਾ ਹੀ ਦੂਰ ਕੀਤਾ ਗਿਆ। ਗੁਰਬਾਣੀ ਵਿਚ ਸਤਿਗੁਰਾਂ ਨੇ ਫੁਰਮਾਇਆ ਹੈ:

**ਪਾਪ ਕਰਹਿ ਪੰਚਾਂ ਕੇ ਬਸਿ ਰੇ॥**
**ਤੀਰਥਿ ਨਾਇ ਕਹਹਿ ਸਭਿ ਉਤਰੇ॥**
**ਬਹੁਰਿ ਕਮਾਵਹਿ ਹੋਇ ਨਿਸੰਕ॥**
**ਜਮ ਪੁਰਿ ਬਾਂਧਿ ਖਰੇ ਕਾਲੰਕ॥** (ਪੰਨਾ ੧੩੪੮)

ਭਾਵ ਪੰਜਾਂ ਵਿਕਾਰਾਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੇ ਵੱਸ ਹੋ ਕੇ ਲੋਕ ਪਾਪ ਕਰਦੇ ਸਨ ਤੇ ਤੀਰਥਾਂ ਤੇ ਨਹਾ ਕੇ ਇਸ ਭਰਮ ਵਿਚ ਪੈ ਜਾਂਦੇ ਸਨ ਕਿ ਉਨ੍ਹਾਂ ਦੇ ਪਾਪ ਉਤਰ ਗਏ ਹਨ। ਇਸ ਭੁਲੇਖੇ ਵਿਚ ਫਸ ਕੇ ਉਹ ਨਿਸੰਗ ਹੋ ਕੇ ਹੋਰ ਪਾਪ ਕਰਦੇ ਸਨ ਕਿ ਉਨ੍ਹਾਂ ਨੂੰ ਤੀਰਥਾਂ ਤੇ ਨ੍ਹਾ ਕੇ ਫੇਰ ਉਤਾਰ ਲਵਾਂਗੇ। ਇਸ ਭਰਮ ਭੁਲੇਖੇ ਵਿਚ ਉਨ੍ਹਾਂ ਨੂੰ ਉਨ੍ਹਾਂ ਪਾਂਡਿਆਂ ਨੇ ਫਸਾਇਆ ਹੋਇਆ ਸੀ ਜੋ ਆਪਣੀ ਦਖਸ਼ਣਾ ਲੈਣ ਲਈ ਤੀਰਥਾਂ ਦੀ ਝੂਠੀ ਮੂਠੀ ਉਪਮਾ ਕਰਕੇ ਇਹ ਕਹਿੰਦੇ ਸਨ ਕਿ ਇਹ ਤੀਰਥ ਸਭ ਤੋਂ ਮਹਾਨ ਹੈ। ਜੁਗਾਂ ਜੁਗਾਂ ਤੋਂ ਇਸ ਭਰਮ ਭੁਲੇਖੇ ਵਿਚ ਫਸੇ ਹੋਏ ਲੋਕ ਲੱਖਾਂ ਕਰੋੜਾਂ ਦੀ ਗਿਣਤੀ ਵਿਚ ਖਾਸ ਖਾਸ ਪੁਰਬਾਂ ਦੇ ਮੌਕੇ ਤੇ ਤੀਰਥਾਂ ਉੱਤੇ ਇਕੱਠੇ ਹੁੰਦੇ ਸਨ ਤੇ ਪਾਂਡੇ ਉਨ੍ਹਾਂ ਨੂੰ ਲੁੱਟ ਕੇ ਐਸ਼ ਕਰਦੇ ਸਨ। ਉਨ੍ਹਾਂ ਪਾਂਡਿਆਂ ਦੀ ਹਾਲਤ ਨੂੰ ਬਿਆਨ ਕਰਦੇ ਹੋਏ ਗੁਰਬਾਣੀ ਵਿਚ ਸਤਿਗੁਰਾਂ ਨੇ ਫੁਰਮਾਇਆ ਹੈ:

**ਤੀਰਥਿ ਜਾਉ ਤ ਹਉ ਹਉ ਕਰਤੇ॥ ਪੰਡਿਤ ਪੂਛਉ ਤ ਮਾਇਆ ਰਾਤੇ॥**
**ਸੋ ਅਸਥਾਨੁ ਬਤਾਵਹੁ ਮੀਤਾ॥ ਜਾ ਕੈ ਹਰਿ ਹਰਿ ਕੀਰਤਨੁ ਨੀਤਾ॥**

(ਪੰਨਾ ੩੮੫)



Sri Satguru Jagjit Singh Ji eLibrary NamdhariElibrary@gmail.com

ਪੰਡਿਤਾਂ ਨੇ ਬਹੁਤ ਸਾਰੇ ਤੀਰਥ ਬਣਾਏ ਹੋਏ ਸਨ ਪਰੰਤੂ ਉਨ੍ਹਾਂ ਪਾਸ ਇਕ ਵੀ ਐਸਾ ਤੀਰਥ ਨਹੀਂ ਸੀ ਜਿੱਥੇ ਮਨ ਦੀ ਮੈਲ ਧੋਣ ਲਈ ਦਿਨ ਰਾਤ ਕੀਰਤਨ ਹੁੰਦਾ ਹੋਵੇ। ਸਤਿਗੁਰਾਂ ਨੇ ਭਰਮਾਂ ਵਿਚ ਫਸੀ ਹੋਈ ਮਨੁੱਖਤਾ ਉੱਤੇ ਤਰਸ ਕਰਕੇ ਉਸ ਨੂੰ ਇਹ ਗਿਆਨ ਕਰਾਇਆ ਕਿ ਪਾਣੀ ਕੇਵਲ ਤਨ ਦੀ ਮੈਲ ਉਤਾਰ ਸਕਦਾ ਹੈ। ਮਨ ਦੀ ਮੈਲ ਗੁਰਬਾਣੀ ਦੀ ਕਥਾ ਜਾਂ ਕੀਰਤਨ ਕਰਕੇ ਹੀ ਉਤਾਰੀ ਜਾ ਸਕਦੀ ਹੈ:

**ਸੁਣਿ ਹਰਿ ਕਥਾ ਉਤਾਰੀ ਮੈਲੁ॥**
**ਮਹਾ ਪੁਨੀਤ ਭਏ ਸੁਖ ਸੈਲੁ॥** (ਪੰਨਾ ੧੭੮)

ਅਥਵਾ **ਗੁਨ ਗਾਵਤ ਤੇਰੀ ਉਤਰਸਿ ਮੈਲੁ॥**
**ਬਿਨਸਿ ਜਾਇ ਹਉਮੈ ਬਿਖੁ ਫੈਲੁ॥** (ਪੰਨਾ ੨੮੯)

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਜਪੁਜੀ ਸਾਹਿਬ ਵਿਚ ਸਾਰੀ ਮਨੁੱਖਤਾ ਨੂੰ ਇਹ ਪਵਿੱਤਰ ਸੰਦੇਸ਼ ਦਿੱਤਾ ਹੈ ਕਿ ਜਿਵੇਂ ਨਾਮ ਅੰਮ੍ਰਿਤ ਹਰੇਕ ਮਨੁੱਖ ਦੇ ਹਿਰਦੇ ਵਿਚ ਹੀ ਮੌਜੂਦ ਹੈ, ਉਸੇ ਤਰ੍ਹਾਂ ਪਰਮੇਸ਼ਵਰ ਦੇ ਨਾਮ ਦਾ ਤੀਰਥ ਵੀ ਹਰੇਕ ਮਨੁੱਖ ਦੇ ਅੰਦਰ ਹੀ ਹੈ, ਪਰ ਉਸ ਨੂੰ ਗੁਰਬਾਣੀ ਤੋਂ ਆਤਮ ਗਿਆਨ ਪ੍ਰਾਪਤ ਕਰਕੇ ਹੀ ਪ੍ਰਗਟ ਕੀਤਾ ਜਾ ਸਕਦਾ ਹੈ:

SIKHBOOKCLUB.COM

**ਸੁਣਿਆ ਮੰਨਿਆ ਮਨਿ ਕੀਤਾ ਭਾਉ॥**
**ਅੰਤਰਗਤਿ ਤੀਰਥਿ ਮਲਿ ਨਾਉ॥** (ਪੰਨਾ ੪)

ਭਾਵ ਗੁਰਮੁਖਿ ਜਦੋਂ ਗੁਰਬਾਣੀ ਦਾ ਅੰਮ੍ਰਿਤ ਕੀਰਤਨ ਇਕ ਮਨ ਇਕ ਚਿਤ ਹੋ ਕੇ ਸੁਣਦਾ ਹੈ ਤੇ ਗੁਰਬਾਣੀ ਉੱਤੇ ਪੂਰਨ ਵਿਸ਼ਵਾਸ ਕਰਦਾ ਹੈ ਤਾਂ ਉਸ ਦੇ ਮਨ ਵਿਚ **ਸ੍ਰੀ ਗੁਰੂ ਗ੍ਰੰਥ ਸਾਹਿਬ** ਲਈ ਸੱਚਾ ਪਿਆਰ ਪੈਦਾ ਹੋ ਜਾਂਦਾ ਹੈ। ਹਰਿ ਜਸ ਸੁਣ ਕੇ ਉਸ ਦਾ ਮਨ ਤੇ ਬੁਧਿ ਨਿਰਮਲ ਹੋ ਜਾਂਦੇ ਹਨ।

**ਸਾਧ ਸੰਗਤਿ ਬਿਨਾ ਭਾਉ ਨਹੀ ਊਪਜੈ**
**ਭਾਵ ਬਿਨੁ ਭਗਤਿ ਨਹੀ ਹੋਇ ਤੇਰੀ॥** (ਪੰਨਾ ੬੯੪)

ਦੇ ਮਹਾਂਵਾਕ ਅਨੁਸਾਰ ਸਤਿਸੰਗਤਿ ਕੀਤੇ ਤੋਂ ਬਿਨਾਂ ਮਨੁੱਖ ਦੇ ਹਿਰਦੇ ਵਿਚ ਪ੍ਰਭੂ ਦਾ ਪ੍ਰੇਮ ਪੈਦਾ ਨਹੀਂ ਹੁੰਦਾ ਅਤੇ ਪ੍ਰੇਮ ਤੋਂ ਬਿਨਾਂ ਭਗਤੀ ਨਹੀਂ ਹੋ ਸਕਦੀ:

**ਮਾਘਿ ਪੁਨੀਤ ਭਈ ਅੰਤਰ ਤੀਰਥ ਜਾਨਿਆ॥**
**ਸਾਜਨ ਸਹਜਿ ਮਿਲੇ ਗੁਣ ਮਹਿ ਅੰਕਿ ਸਮਾਨਿਆ॥** (ਪੰਨਾ ੧੧੦੯)



Sri Satguru Jagjit Singh Ji eLibrary NamdhariElibrary@gmail.com

ਅਥਵਾ ਤੀਰਥ ਮਜਨੁ ਗੁਰ ਵੀਚਾਰਾ॥
ਅੰਤਰਿ ਪੂਜਾ ਥਾਨੁ ਮੁਰਾਰਾ॥
ਜੋਤੀ ਜੋਤਿ ਮਿਲਾਵਣਹਾਰਾ॥ (ਪੰਨਾ ੪੧੧)

ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ:

- ਤੀਰਥ ਨਾਤਾ ਕਿਆ ਕਰੇ ਮਨ ਮਹਿ ਮੈਲੁ ਗੁਮਾਨੁ॥
  ਗੁਰ ਬਿਨੁ ਕਿਨਿ ਸਮਝਾਈਐ ਮਨੁ ਰਾਜਾ ਸੁਲਤਾਨੁ॥ (ਪੰਨਾ ੬੧)
- ਗੁਰ ਕੀ ਸੇਵਾ ਚਾਕਰੀ ਮਨੁ ਨਿਰਮਲੁ ਸੁਖੁ ਹੋਇ॥
  ਗੁਰ ਕਾ ਸਬਦੁ ਮਨਿ ਵਸਿਆ ਹਉਮੈ ਵਿਚਹੁ ਖੋਇ॥ (ਪੰਨਾ ੬੧)

ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ:

ਨਾਮੁ ਲੈਤ ਮਨੁ ਪਰਗਟੁ ਭਇਆ॥
ਨਾਮੁ ਲੈਤ ਪਾਪੁ ਤਨ ਤੇ ਗਇਆ॥
ਨਾਮੁ ਲੈਤ ਸਗਲ ਪੁਰਬਾਇਆ॥
ਨਾਮੁ ਲੈਤ ਅਠਸਠਿ ਮਜਨਾਇਆ॥
ਤੀਰਥੁ ਹਮਰਾ ਹਰਿ ਕੋ ਨਾਮੁ॥
ਗੁਰਿ ਉਪਦੇਸਿਆ ਤਤੁ ਗਿਆਨੁ॥ (ਪੰਨਾ ੧੧੪੨)

SIKHBOOKCLUB.COM

ਸ੍ਰੀ ਗੁਰੂ ਨਾਨਕ ਦੇਵ ਜੀ ਇਕ ਹੋਰ ਸ਼ਬਦ ਵਿਚ ਫੁਰਮਾਉਂਦੇ ਹਨ:

ਇਹੁ ਮਨੁ ਨਿਰਮਲੁ ਦਰਿ ਘਰਿ ਸੋਈ॥
ਗੁਰਮੁਖਿ ਭਗਤਿ ਭਾਉ ਧੁਨਿ ਹੋਈ॥
ਅਹਿਨਿਸਿ ਹਰਿ ਜਸੁ ਗੁਰ ਪਰਸਾਦਿ॥
ਘਟਿ ਘਟਿ ਸੋ ਪ੍ਰਭੁ ਆਦਿ ਜੁਗਾਦਿ॥ (ਪੰਨਾ ੪੧੫)

ਜਗਤ ਗੁਰ ਬਾਬਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਰੀ ਮਨੁੱਖਤਾ ਉੱਤੇ ਤਰਸ ਕਰਦੇ ਹੋਏ ਨਿਰਮਲ ਪੰਥ ਚਲਾਇਆ ਜਿਸ ਦੇ ਬਾਰੇ ਭਾਈ ਗੁਰਦਾਸ ਜੀ ਫੁਰਮਾਉਂਦੇ ਹਨ:

ਮਾਰਿਆ ਸਿੱਕਾ ਜਗਤ ਵਿਚ
ਨਾਨਕ ਨਿਰਮਲੁ ਪੰਥ ਚਲਾਇਆ॥

"ਤ੍ਰੈਕਾਲ ਦਰਸ਼ੀ" ਸਤਿਗੁਰੂ ਇਹ ਜਾਣਦੇ ਸਨ ਕਿ ਇਕ ਐਸਾ ਸਮਾਂ ਆਵੇਗਾ ਜਿਸ ਸਮੇਂ ਇਸ ਨਿਰਮਲ ਪੰਥ ਦੇ ਕੇਂਦਰ (ਗੁਰਦੁਆਰੇ) ਸਾਰੇ ਸੰਸਾਰ ਵਿਚ ਕਾਇਮ ਹੋ ਜਾਣਗੇ ਤੇ ਉਨ੍ਹਾਂ ਵਿਚ ਹਰ ਰੋਜ਼ ਸਤਿ ਸੰਗਤਿ ਦੇ



Sri Satguru Jagjit Singh Ji eLibrary NamdhariElibrary@gmail.com

ਐਸੇ ਅੰਮ੍ਰਿਤ ਕੀਰਤਨ ਦੇ ਪ੍ਰਵਾਹ ਚਲਿਆ ਕਰਨਗੇ ਜੋ ਕਾਗੋਂ ਹੰਸ ਕਰਨ ਦੀ ਸਮਰੱਥਾ ਰੱਖਦੇ ਹੋਣਗੇ। ਗੁਰਬਾਣੀ ਵਿਚ ਸਤਿਗੁਰੂ ਜੀ ਨੇ ਫੁਰਮਾਇਆ ਹੈ:

**ਕਿਆ ਹੰਸੁ ਕਿਆ ਬਗੁਲਾ ਜਾ ਕਉ ਨਦਰਿ ਕਰੇਇ॥**
**ਜੋ ਤਿਸੁ ਭਾਵੈ ਨਾਨਕਾ ਕਾਗਹੁ ਹੰਸੁ ਕਰੇਇ॥** (ਪੰਨਾ ੯੧)

ਇਸ ਮਹਾਂਵਾਕ ਵਿਚ ਕਾਂ ਤੇ ਹੰਸ ਦਾ ਪ੍ਰਤੀਕ ਵਰਤ ਕੇ ਗੁਰੂ ਜੀ ਨੇ ਇਹ ਅਟੱਲ ਸੱਚਾਈ ਪ੍ਰਗਟ ਕੀਤੀ ਹੈ ਕਿ ਜਿੰਨ੍ਹਾਂ ਮਨੁੱਖਾਂ ਦੇ ਹਿਰਦੇ ਕਾਵਾਂ ਵਰਗੇ ਕਾਲੇ ਹੋਣਗੇ ਗੁਰਬਾਣੀ ਉਨ੍ਹਾਂ ਨੂੰ ਹੰਸਾਂ ਵਰਗੇ ਨਿਰਮਲ ਕਰ ਦੇਵੇਗੀ। ਸਤਿਗੁਰੂ ਜੀ ਦੇ ਨਿਰਮਲ ਪੰਥ ਦੇ ਮੈਂਬਰ ਉਹ ਗੁਰਮੁਖਿ ਹੋਣਗੇ ਜਿਨ੍ਹਾਂ ਨੇ ਆਪਣੇ ਹਿਰਦਿਆਂ ਨੂੰ ਨਿਰਮਲ ਕਰਕੇ ਨਾਮ ਦੇ ਰੰਗ ਵਿਚ ਰੰਗ ਲਿਆ ਹੋਵੇਗਾ। ਗੁਰਬਾਣੀ ਦੀ ਖੋਜ ਤੋਂ ਪਤਾ ਲੱਗਦਾ ਹੈ ਕਿ ਮਨ ਨੂੰ ਨਾਮ ਦੇ ਰੰਗ ਵਿਚ ਰੰਗਣ ਤੋਂ ਪਹਿਲਾਂ ਨਿਰਮਲ ਕਰਨਾ ਬਹੁਤ ਹੀ ਜ਼ਰੂਰੀ ਹੈ। ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਫੁਰਮਾਉਂਦੇ ਹਨ:

**ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ॥**
**ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ॥**
**ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ॥**
**ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ॥** (ਪੰਨਾ ੩੯)

SIKHBOOKCLUB.COM

ਉਪਰ ਲਿਖੇ ਸ਼ਬਦ ਉੱਤੇ ਗੰਭੀਰਤਾ ਨਾਲ ਵਿਚਾਰ ਕਰਨ ਦੀ ਲੋੜ ਹੈ। ਹਉਮੈ ਦਾ ਝੇੜਿਆ ਹੋਇਆ ਮਨੁੱਖ ਦਾ ਮਨ ਮਾੜੇ ਵਿਚਾਰ ਹੀ ਸੋਚਦਾ ਰਹਿੰਦਾ ਹੈ ਅਤੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੇ ਵੱਸ ਹੋ ਕੇ ਮਾੜੇ ਕਰਮ ਕਰਕੇ ਸਜ਼ਾ ਭੁਗਤਣ ਲਈ ਜਨਮ ਮਰਨ ਦੇ ਤੇ ਚੌਰਾਸੀ ਲੱਖ ਜੂਨਾਂ ਦੇ ਚੱਕਰ ਵਿਚ ਐਸਾ ਫਸਦਾ ਹੈ ਕਿ ਜੁਗਾਂ ਜੁਗਾਂ ਤਕ ਦੁੱਖ ਭੋਗਦਾ ਰਹਿੰਦਾ ਹੈ। ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨੇ ਅਨੰਦ ਸਾਹਿਬ ਦੀ ਪਵਿੱਤਰ ਬਾਣੀ ਵਿਚ ਦੱਸਿਆ ਹੈ ਕਿ ਨਿਰਮਲ ਪੰਥ ਚਲਾਉਣ ਤੋਂ ਪਹਿਲਾਂ ਲੋਕ ਜੀਅਹੁ ਮੈਲੇ ਤੇ ਬਾਹਰੋਂ ਨਿਰਮਲ ਹੁੰਦੇ ਸਨ। ਭਾਵੇਂ ਸੈਂਕੜੇ ਤੀਰਥਾਂ ਉੱਤੇ ਭਰਮਦੇ ਹਨ ਅਤੇ ਕਿਤਨਾ ਵੀ ਪੜ੍ਹ ਲਿਖ ਕੇ ਕਿਤਾਬੀ ਗਿਆਨ ਪ੍ਰਾਪਤ ਕਰ ਲੈਣ ਉਨ੍ਹਾਂ ਦੇ ਮਨ ਦੀ ਮੈਲ ਨਹੀਂ ਉਤਰਦੀ ਸੀ। ਉਨ੍ਹਾਂ ਦੀ ਦਸ਼ਾ ਇਉਂ ਦੱਸੀ ਹੈ:

**ਜੀਅਹੁ ਮੈਲੇ ਬਾਹਰਹੁ ਨਿਰਮਲ॥**
**ਬਾਹਰਹੁ ਨਿਰਮਲ ਜੀਅਹੁ ਤ ਮੈਲੇ ਤਿਨੀ ਜਨਮੁ ਜੂਐ ਹਾਰਿਆ॥**

**ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ॥**
**ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ॥**
**ਕਹੈ ਨਾਨਕੁ ਜਿਨ ਸਚੁ ਤਜਿਆ ਕੂੜੇ ਲਾਗੇ ਤਿਨੀ ਜਨਮੁ ਜੂਐ ਹਾਰਿਆ॥**

(ਪੰਨਾ ੯੧੯)

ਇਸ ਸ਼ਬਦ ਵਿਚ ਸਾਰੇ ਸੰਸਾਰ ਦੇ ਜੀਵਾਂ ਦੀ ਜੋ ਤਰਸਯੋਗ ਹਾਲ ਦੱਸੀ ਹੈ, ਉਸ ਬਾਰੇ ਭਾਈ ਗੁਰਦਾਸ ਜੀ ਫੁਰਮਾਉਂਦੇ ਹਨ:

**ਬਾਬਾ ਦੇਖੈ ਧਿਆਨ ਧਰਿ ਜਲਤੀ ਸਭ ਪ੍ਰਿਥਵੀ ਦਿਸ ਆਈ॥**
**ਬਾਝਹੁ ਗੁਰੂ ਗੁਬਾਰ ਹੈ, ਹੈ ਹੈ ਕਰਦੀ ਸੁਣੀ ਲੁਕਾਈ॥**
**ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ॥**
**ਚੜਿਆ ਸੋਧਣਿ ਧਰਤਿ ਲੁਕਾਈ॥**

ਜਦੋਂ ਸਤਿਗੁਰੂ ਜੀ ਨੇ ਸਾਰੀ ਸ੍ਰਿਸ਼ਟੀ ਨੂੰ ਹਾਏ ਹਾਏ ਕਰਦੇ ਅਤੇ ਤ੍ਰਿਸ਼ਨਾ ਅਗਨ ਵਿਚ ਸੜਦੇ ਹੋਏ ਵੇਖਿਆ ਤਾਂ ਉਨ੍ਹਾਂ ਨੇ ਸਾਰੇ ਸੰਸਾਰ ਦੇ ਉਧਾਰ ਲਈ ਨਿਰਮਲ ਪੰਥ ਚਲਾਇਆ।

ਸੰਸਾਰ ਦੇ ਸਾਰੇ ਮਨੁੱਖਾਂ ਨੂੰ "ਅਗਨ ਸ਼ੋਕ ਸਾਗਰ" ਵਿਚ ਡੁੱਬਣ ਤੋਂ ਬਚਾਉਣ ਲਈ "ਘਰਿ ਘਰਿ ਅੰਦਰ ਧਰਮਸਾਲ ਹੋਵੈ ਕੀਰਤਨ ਸਦਾ ਵਸੋਆ" ਦਾ ਸੰਦੇਸ਼ ਦਿੱਤਾ। ਜਿਹੜੇ ਲੋਕ "ਜੀਅਹੁ ਮੈਲੇ ਬਾਹਰਹੁ ਨਿਰਮਲ" ਸਨ ਉਨ੍ਹਾਂ ਨੂੰ ਗੁਰਬਾਣੀ ਦੁਆਰਾ ਅੰਦਰੋਂ ਤੇ ਬਾਹਰੋਂ ਨਿਰਮਲ ਹੋਣ ਦੀ ਪ੍ਰੇਰਨਾ ਕੀਤੀ। ਨਿਰਮਲ ਪੰਥ ਦੇ ਮੈਂਬਰ ਕਿਹੋ ਜਿਹੇ ਹੋਣੇ ਚਾਹੀਦੇ ਹਨ। ਉਸ ਦਾ ਵਰਣਨ ਸ੍ਰੀ ਗੁਰੂ ਅਮਰਦਾਸ ਜੀ ਨੇ ਇਸ ਤਰ੍ਹਾਂ ਕੀਤਾ ਹੈ:

**ਜੀਅਹੁ ਨਿਰਮਲ ਬਾਹਰਹੁ ਨਿਰਮਲ॥**
**ਬਾਹਰਹੁ ਤ ਨਿਰਮਲ ਜੀਅਹੁ ਨਿਰਮਲ ਸਤਿਗੁਰ ਤੇ ਕਰਣੀ ਕਮਾਣੀ॥**
**ਕੂੜ ਕੀ ਸੋਇ ਪਹੁਚੈ ਨਾਹੀ ਮਨਸਾ ਸਚਿ ਸਮਾਣੀ॥**
**ਜਨਮੁ ਰਤਨੁ ਜਿਨੀ ਖਟਿਆ ਭਲੇ ਸੇ ਵਣਜਾਰੇ॥**
**ਕਹੈ ਨਾਨਕੁ ਜਿਨ ਮੰਨੁ ਨਿਰਮਲੁ ਸਦਾ ਰਹਹਿ ਗੁਰ ਨਾਲੇ॥**

(ਪੰਨਾ ੯੧੯)

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਿਰਮਲ ਪੰਥ ਦਾ ਮਨੁੱਖੀ ਸਮਾਜ ਤੇ ਕਿਤਨਾ ਕੁ ਪ੍ਰਭਾਵ ਪਿਆ? ਇਸ ਦੀ ਪ੍ਰੀਖਿਆ ਲੈਣ ਲਈ ਗੁਰੂ ਨਾਨਕ ਦੇ ਦਸਵੇਂ ਸਰੂਪ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ੧੬੯੯ ਦੀ ਵੈਸਾਖੀ ਉੱਤੇ



Sri Satguru Jagjit Singh Ji eLibrary NamdhariElibrary@gmail.com

ਬਹੁਤ ਵੱਡਾ ਸਮਾਗਮ ਰਚਿਆ ਜਿਸ ਵਿਚ ਅੰਦਰੋਂ ਤੇ ਬਾਹਰੋਂ ਨਿਰਮਲ ਹੋਏ ਗੁਰਸਿੱਖਾਂ ਨੇ

**ਐਸਾ ਸਤਿਗੁਰ ਜੇ ਮਿਲੈ ਤਿਸ ਨੋ ਸਿਰੁ ਸਉਪੀਐ ਵਿਚਹੁ ਆਪੁ ਜਾਇ॥**

(ਪੰਨਾ ੬੨੧)

ਅਤੇ

**ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ॥**

(ਪੰਨਾ ੯੧੮)

ਦੇ ਮਹਾਂਵਾਕਾਂ ਅਨੁਸਾਰ ਖਿੜੇ ਮੱਥੇ ਆਪਣੇ ਸੀਸ ਭੇਟ ਕੀਤੇ। ਸਤਿਗੁਰੂ ਜੀ ਇਹ ਵੇਖ ਕੇ ਬਹੁਤ ਪ੍ਰਸੰਨ ਹੋਏ ਕਿ ਪਹਿਲੇ ਗੁਰੂ ਦੇ ਸਰੂਪ ਵਿਚ ਤਾਂ ਉਨ੍ਹਾਂ ਨੂੰ ਆਪਣੀ ਜੋਤਿ ਟਿਕਾਉਣ ਵਾਸਤੇ ਭਾਈ ਲਹਿਣੇ ਦੇ ਰੂਪ ਵਿਚ ਕੇਵਲ ਇਕ ਗੁਰਸਿਖ ਹੀ ਬੜੀ ਮੁਸ਼ਕਲ ਨਾਲ ਲੱਭਾ ਸੀ ਪਰ ਅੱਜ ਤਾਂ ਪੰਜ ਗੁਰੂ ਦੇ ਪਿਆਰੇ ਆਪਣਾ ਤਨ ਮਨ ਧਨ ਗੁਰੂ ਤੋਂ ਵਾਰਨ ਲਈ ਤਿਆਰ ਹੋ ਗਏ ਹਨ। ਉਨ੍ਹਾਂ ਨੂੰ ਸਤਿਗੁਰੂ ਜੀ ਨੇ ਨਵਾਂ ਨਾਮ ਖਾਲਸਾ ਜੀ ਦਾ ਦੇ ਕੇ ਨਿਵਾਜਿਆ ਤੇ ਉਨ੍ਹਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਤੇ ਉਨ੍ਹਾਂ ਪਾਸੋਂ ਖ਼ੁਦ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਇਹ ਨਵੀਨ ਤੇ ਵਿਲੱਖਣ ਗੁਰਮਰਯਾਦਾ ਸਥਾਪਨ ਕੀਤੀ ਕਿ ਅੱਗੇ ਤੋਂ ਪੰਜ ਪਿਆਰੇ ਹੀ ਗੁਰੂ ਰੂਪ ਹੋ ਕੇ ਅੰਮ੍ਰਿਤ ਛਕਾਇਆ ਕਰਨਗੇ। ਇਸ ਤਰ੍ਹਾਂ ਪੰਚ ਪ੍ਰਵਾਨ ਪੰਚ ਪ੍ਰਧਾਨ ਦਾ ਅਟੱਲ ਅਸੂਲ ਸਥਾਪਨ ਕੀਤਾ। ਜਦੋਂ ਸਤਿਗੁਰੂ ਜੀ ਨੇ **ਸ੍ਰੀ ਗੁਰੂ ਗ੍ਰੰਥ ਸਾਹਿਬ** ਨੂੰ ਗੁਰ ਗੱਦੀ ਬਖਸ਼ਿਸ਼ ਕੀਤੀ ਤਾਂ ਪੰਜਾਂ ਪਿਆਰਿਆਂ ਨੂੰ **ਸ੍ਰੀ ਗੁਰੂ ਗ੍ਰੰਥ ਸਾਹਿਬ** ਦੀ ਤਾਬਿਆ ਵਿਚ ਖੰਡੇ ਬਾਟੇ ਦਾ ਅੰਮ੍ਰਿਤ ਛਕਾਉਣ ਦਾ ਹੁਕਮ ਦਿੱਤਾ। ਉਸ ਸਮੇਂ ਸਤਿਗੁਰੂ ਜੀ ਨੇ ਸਭ ਪ੍ਰਕਾਰ ਦੇ ਭਰਮ ਭੁਲੇਖੇ ਦੂਰ ਕਰਕੇ ਇਹ ਤਿੰਨ ਅਮੋਲਕ ਵਚਨ ਕੀਤੇ: (੧) ਓਟ ਅਕਾਲ ਦੀ (੨) ਪਰਚਾ ਗੁਰ ਸ਼ਬਦ ਦਾ (੩) ਦੀਦਾਰ ਖਾਲਸੇ ਦਾ। ਸਤਿਗੁਰੂ ਜੀ ਮਹਾਰਾਜ ਦੇ ਸਥਾਪਨ ਕੀਤੇ ਇਨ੍ਹਾਂ ਅਟੱਲ ਅਸੂਲਾਂ ਉੱਤੇ ਅਮਲ ਕਰਦੇ ਹੋਏ ਖ਼ਾਲਸਾ ਪੰਥ ਨੂੰ ਇੱਕੀਵੀਂ ਸਦੀ ਵਿਚ ਸਾਰੇ ਸੰਸਾਰ ਵਿਚ ਗੁਰਬਾਣੀ ਦਾ ਚਾਨਣ ਫੈਲਾ ਕੇ ਅਤੇ ਗੁਰਮਤਿ ਦਾ ਸਹੀ ਅਰਥਾਂ ਵਿਚ ਪ੍ਰਚਾਰ ਕਰਕੇ ਸਾਰੀ ਮਨੁੱਖਤਾ ਦਾ ਉਧਾਰ ਕਰਨ ਲਈ ਉਪਰਾਲੇ ਕਰਨੇ ਚਾਹੀਦੇ ਹਨ।

ਤਕਨਾਲੋਜੀ ਦੇ ਇਸ ਨਵੇਂ ਜੁੱਗ ਵਿਚ ਪ੍ਰਚਾਰ ਕਰਨ ਦੇ ਬਹੁਤ ਸਾਰੇ ਐਸੇ ਸਾਧਨ ਪੈਦਾ ਹੋ ਗਏ ਹਨ ਜਿਨ੍ਹਾਂ ਦੀ ਵਰਤੋਂ ਕਰਕੇ ਗੁਰਬਾਣੀ ਦਾ ਪ੍ਰਚਾਰ



Sri Satguru Jagjit Singh Ji eLibrary NamdhariElibrary@gmail.com

ਬਹੁਤ ਹੀ ਸੁਚਾਰੂ ਢੰਗ ਨਾਲ ਕੀਤਾ ਜਾ ਸਕਦਾ ਹੈ। ਮਿਸਾਲ ਦੇ ਤੌਰ ਤੇ ਵੈਬਸਾਈਟ ਤੇ **ਸ੍ਰੀ ਗੁਰੂ ਗ੍ਰੰਥ ਸਾਹਿਬ** ਦੀ ਸਾਰੀ ਬਾਣੀ ਤਿੰਨ ਭਾਸ਼ਾਵਾਂ ਇੰਗਲਿਸ਼, ਫਰੈਂਚ ਤੇ ਸਪੈਨਿਸ਼ ਵਿਚ ਪੜ੍ਹੀ ਜਾ ਸਕਦੀ ਹੈ। ਹੋਰ ਭਾਸ਼ਾਵਾਂ ਵਿਚ ਵੀ ਗੁਰਬਾਣੀ ਦੇ ਉਲਥੇ ਹੋ ਰਹੇ ਹਨ ਅਤੇ ਕਰਨ ਦੇ ਯਤਨ ਕਰਨੇ ਚਾਹੀਦੇ ਹਨ ਤਾਕਿ ਸੰਸਾਰ ਦੀਆਂ ਸਾਰੀਆਂ ਪ੍ਰਸਿੱਧ ਭਾਸ਼ਾਵਾਂ ਵਿਚ ਬਾਣੀ ਪੜ੍ਹੀ ਜਾ ਸਕੇ। ਗੁਰਬਾਣੀ ਕੀਰਤਨ ਦੀਆਂ ਟੇਪਾਂ, ਵੀਡੀਓ, ਆਡੀਓ ਤੇ ਸੀ. ਡੀ. ਆਦਿ ਵੀ ਸਾਰੇ ਸੰਸਾਰ ਵਿਚ ਮਿਲ ਸਕਣ ਦੇ ਪ੍ਰਬੰਧ ਕੀਤੇ ਜਾ ਸਕਦੇ ਹਨ। ਸਾਰੇ ਸੰਸਾਰ ਵਿਚ ਫੈਲੇ ਹੋਏ ਗੁਰਦੁਆਰਿਆਂ ਤੇ ਧਾਰਮਿਕ ਸਭਾ ਸੁਸਾਇਟੀਆਂ ਵੱਲੋਂ ਵੱਖ ਵੱਖ ਭਾਸ਼ਾਵਾਂ ਵਿਚ ਪੁਸਤਕਾਂ ਛਪਵਾ ਕੇ ਵੰਡੀਆਂ ਜਾ ਸਕਦੀਆਂ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਾਰੇ ਸੰਸਾਰ ਵਿਚ ਸੁਣਿਆ ਜਾ ਸਕਣ ਵਾਲਾ ਇਕ ਰੇਡੀਓ ਸਟੇਸ਼ਨ ਅਤੇ ਇਕ ਵਿਸ਼ੇਸ਼ ਟੀ.ਵੀ. ਚੈਨਲ ਕਾਇਮ ਕਰੇ ਜੋ ਚੌਵੀ ਘੰਟੇ ਗੁਰਬਾਣੀ ਦਾ ਹੀ ਪ੍ਰਚਾਰ ਕਰਨ। ਇਸ ਤਰ੍ਹਾਂ ਸਾਇੰਸ ਦੀਆਂ ਨਵੀਆਂ ਕਾਢਾਂ ਦੀ ਵਰਤੋਂ ਕਰਕੇ ਗੁਰਬਾਣੀ ਦਾ ਚਾਨਣ ਸਾਰੇ ਸੰਸਾਰ ਵਿਚ ਫੈਲਾਇਆ ਜਾ ਸਕਦਾ ਹੈ ਅਤੇ ਅਧਿਆਤਮਵਾਦ ਦਾ ਇਕ ਨਵਾਂ ਜੁੱਗ ਕਾਇਮ ਕੀਤਾ ਜਾ ਸਕਦਾ ਹੈ।

SIKHBOOKCLUB.COM

ਸਤਿਗੁਰਾਂ ਨੇ ਇਹ ਵੀ ਅਨੁਭਵ ਕੀਤਾ ਕਿ ਸਾਰੇ ਸੰਸਾਰ ਵਿਚ ਕੋਈ ਐਸਾ ਧਾਰਮਿਕ ਕੇਂਦਰ ਨਹੀਂ ਹੈ ਜਿੱਥੇ ਤਨ ਤੇ ਮਨ ਦੋਹਾਂ ਨੂੰ ਨਿਰਮਲ ਕਰਨ ਦੇ ਸਾਧਨ ਉਪਲਬਧ ਹੋਣ। ਇਹ ਵਿਚਾਰ ਕੇ ਸਤਿਗੁਰਾਂ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਅੰਮ੍ਰਿਤਸਰ ਸਰੋਵਰ ਤੇ ਉਸਦੇ ਅੰਦਰ ਸ੍ਰੀ ਹਰਿਮੰਦਰ ਸਾਹਿਬ ਕਾਇਮ ਕਰਕੇ ਇਕ ਐਸਾ ਕੇਂਦਰ ਕਾਇਮ ਕੀਤਾ ਜੋ ਆਪਣੀ ਮਿਸਾਲ ਆਪ ਹੀ ਹੈ। ਉਸ ਜੇਹਾ ਸਾਰੇ ਸੰਸਾਰ ਵਿਚ ਹੋਰ ਕੋਈ ਅਸਥਾਨ ਨਹੀਂ ਹੈ। ਇਸ ਕਰਕੇ ਬਾਣੀ ਦੇ ਬੋਹਿਥ ਤੇ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਗੁਰਬਾਣੀ ਵਿਚ ਫੁਰਮਾਇਆ ਹੈ:

**ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ॥**
**ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ॥**
**ਵਸਦੀ ਸਘਨ ਅਪਾਰ ਅਨੂਪ ਰਾਮਦਾਸਪੁਰ॥**
**ਹਰਿਹਾਂ ਨਾਨਕ ਕਸਮਲ ਜਾਹਿ ਨਾਇਐ ਰਾਮਦਾਸ ਸਰ॥**

(ਪੰਨਾ ੧੩੬੨)



Sri Satguru Jagjit Singh Ji eLibrary NamdhariElibrary@gmail.com

ਇਹ ਅਟੱਲ ਸੱਚਾਈ ਹੁਣ ਸਾਰੇ ਸੰਸਾਰ ਵਿਚ ਪ੍ਰਗਟ ਹੋ ਚੁੱਕੀ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਇਕ ਐਸਾ ਅਜੂਬਾ ਹੈ ਜਿਸ ਦੀ ਹੋਰ ਕੋਈ ਮਿਸਾਲ ਨਹੀਂ ਮਿਲਦੀ। ਇਸ ਮਹਾਨ ਪਵਿੱਤਰ ਅਸਥਾਨ ਦੇ ਕਾਇਮ ਹੋਣ ਤੋਂ ਪਹਿਲਾਂ ਭਾਰਤ ਵਿਚ ਬਹੁਤ ਸਾਰੇ ਤੀਰਥ ਮੌਜੂਦ ਸਨ ਪਰ ਉਹ ਤਨ ਦੀ ਮੈਲ ਹੀ ਧੋ ਸਕਦੇ ਸਨ। ਮਨ ਦੀ ਮੈਲ ਧੋਣ ਦੀ ਉਨ੍ਹਾਂ ਵਿਚ ਸਮਰੱਥਾ ਨਹੀਂ ਸੀ ਅਤੇ ਜਦ ਤਕ ਮਨ ਦੀ ਮੈਲ ਨਾ ਉਤਰੇ ਤਨ ਦੇ ਇਸ਼ਨਾਨ ਦਾ ਕੋਈ ਮਹੱਤਵ ਨਹੀਂ। ਇਸ ਬਾਰੇ ਕਬੀਰ ਸਾਹਿਬ ਦਾ ਫੁਰਮਾਨ ਹੈ:

**ਨਾਵਨ ਕਉ ਤੀਰਥ ਘਨੇ ਮਨ ਬਉਰਾ ਰੇ ਪੂਜਨ ਕਉ ਬਹੁਦੇਵ॥**
**ਕਹੁ ਕਬੀਰ ਛੂਟਨੁ ਨਹੀ ਮਨ ਬਉਰਾ ਰੇ ਛੂਟਨੁ ਹਰਿ ਕੀ ਸੇਵ॥**

(ਪੰਨਾ ੩੩੬)

ਸਤਿਗੁਰਾਂ ਨੇ ਫੁਰਮਾਇਆ ਹੈ ਕਿ ਮਨ ਦੀ ਮੈਲ ਤਾਂ ਨਾਮ ਦੇ ਤੀਰਥਿ ਉੱਤੇ ਇਸ਼ਨਾਨ ਕਰਕੇ ਹੀ ਉਤਾਰੀ ਜਾ ਸਕਦੀ ਹੈ:

**ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥**
**ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥** (ਪੰਨਾ ੬੮੭)

ਇਸੇ ਭਾਵ ਨੂੰ ਹੋਰ ਸਪੱਸ਼ਟ ਕਰਦੇ ਹੋਏ ਗੁਰੂ ਜੀ ਫੁਰਮਾਉਂਦੇ ਹਨ:

**ਰਾਮਦਾਸ ਸਰੋਵਰਿ ਨਾਤੇ॥ ਸਭਿ ਉਤਰੇ ਪਾਪ ਕਮਾਤੇ॥**
**ਨਿਰਮਲ ਹੋਏ ਕਰਿ ਇਸਨਾਨਾ॥ ਗੁਰਿ ਪੂਰੈ ਕੀਨੇ ਦਾਨਾ॥**
**ਸਭਿ ਕੁਸਲ ਖੇਮ ਪ੍ਰਭਿ ਧਾਰੇ॥ ਸਹੀ ਸਲਾਮਤਿ ਸਭਿ ਥੋਕ ਉਬਾਰੇ**
**ਗੁਰ ਕਾ ਸਬਦੁ ਵੀਚਾਰੇ॥ ਰਹਾਉ॥**
**ਸਾਧ ਸੰਗਿ ਮਲੁ ਲਾਥੀ॥ ਪਾਰਬ੍ਰਹਮ ਭਇਓ ਸਾਥੀ॥**
**ਨਾਨਕ ਨਾਮੁ ਧਿਆਇਆ॥ ਆਦਿ ਪੁਰਖ ਪ੍ਰਭੁ ਪਾਇਆ॥**

(ਪੰਨਾ ੬੨੫-੨੬)

ਇਸ ਸ਼ਬਦ ਉੱਤੇ ਗੰਭੀਰਤਾ ਨਾਲ ਵੀਚਾਰ ਕੀਤੀ ਜਾਵੇ ਤਾਂ ਪਤਾ ਚਲਦਾ ਹੈ ਕਿ ਮਨ ਦੀ ਮੈਲ ਸਾਧ ਸੰਗਤਿ ਵਿਚ ਮਿਲ ਕੇ ਨਾਮ ਸਿਮਰਨ ਕਰਨ ਨਾਲ ਦੂਰ ਹੁੰਦੀ ਹੈ। ਇਸ ਤੋਂ ਇਹ ਸੱਚਾਈ ਪ੍ਰਗਟ ਹੋ ਜਾਂਦੀ ਹੈ ਕਿ ਪਾਣੀ ਭਾਵੇਂ ਕਿਸੇ ਵੀ ਤੀਰਥ ਦਾ ਹੋਵੇ ਉਹ ਕੇਵਲ ਤਨ ਦੀ ਮੈਲ ਹੀ ਧੋ ਸਕਦਾ ਹੈ। ਮਨ ਦੀ ਮੈਲ ਬਾਣੀ ਨਾਲ ਧੋਤੀ ਜਾ ਸਕਦੀ ਹੈ।

ਸਤਿਗੁਰਾਂ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਰਚਨਾ ਕਰਕੇ ਅਤੇ ਉਸ ਵਿਚ



Sri Satguru Jagjit Singh Ji eLibrary NamdhariElibrary@gmail.com

ਚੌਵੀ ਘੰਟੇ ਅੰਮ੍ਰਿਤ ਕੀਰਤਨ ਕਰਨ ਦੀ ਮਰਯਾਦਾ ਕਾਇਮ ਕਰਕੇ ਸਾਰੀ ਮਨੁੱਖਤਾ ਦੇ ਕਲਿਆਣ ਲਈ ਇਹ ਸੰਦੇਸ਼ ਦਿੱਤਾ ਹੈ ਕਿ ਜਿੱਥੇ ਵੀ **ਸ੍ਰੀ ਗੁਰੂ ਗ੍ਰੰਥ ਸਾਹਿਬ** ਦੀ ਪਵਿੱਤਰ ਹਜ਼ੂਰੀ ਵਿਚ ਗੁਰਬਾਣੀ ਦਾ ਅੰਮ੍ਰਿਤ ਕੀਰਤਨ ਕਰਨ ਦਾ ਪ੍ਰਬੰਧ ਕੀਤਾ ਜਾਵੇਗਾ ਉਥੇ ਨਾਮ ਦਾ ਸਰੋਵਰ ਕਾਇਮ ਹੋ ਜਾਵੇਗਾ ਜਿਸ ਵਿਚ ਸ਼ਰਧਾਲੂ ਆਪਣੇ ਮਨ ਦੀ ਮੈਲ ਉਤਾਰ ਕੇ ਅੰਦਰੋਂ ਬਾਹਰੋਂ ਨਿਰਮਲ ਹੋ ਕੇ ਗੁਰੂ ਮਹਾਰਾਜ ਦੇ ਚਲਾਏ ਨਿਰਮਲ ਪੰਥ ਦੇ ਪਾਂਧੀ ਬਣ ਸਕਣਗੇ। ਜੇ ਸਾਰੇ ਸੰਸਾਰ ਵਿਚ ਗੁਰਦੁਆਰੇ ਕਾਇਮ ਕਰਕੇ ਉਨ੍ਹਾਂ ਵਿਚ ਨਾਮ ਸਿਮਰਨ ਦੇ ਸਰੋਵਰ ਕਾਇਮ ਕਰ ਦਿੱਤੇ ਜਾਣ ਤਾਂ ਸਾਰੇ ਸੰਸਾਰ ਵਿਚ ਨਿਰਮਲ ਪੰਥ ਦੇ ਬੋਲਬਾਲੇ ਹੋ ਸਕਦੇ ਹਨ।

ਪੱਛਮੀ ਦੇਸ਼ਾਂ ਵਿਚ ਸਿੱਖ ਧਰਮ ਦਾ ਪ੍ਰਚਾਰ ਕਰਨ ਦਾ ਬੀੜਾ ਸਿੰਘ ਸਾਹਿਬ ਯੋਗੀ ਹਰਿਭਜਨ ਸਿੰਘ ਖ਼ਾਲਸਾ ਨੇ ਉਠਾਇਆ। ਅਮਰੀਕਾ ਵਿਚ ਸਿੱਖ ਧਰਮ ਦਾ ਪ੍ਰਚਾਰ ਆਰੰਭ ਕਰਨ ਤੋਂ ਪਹਿਲਾਂ ਉਨ੍ਹਾਂ ਨੇ "ਰਾਜ ਜੋਗ ਤਖਤ" ਦੇ ਮਾਲਕ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੇ ਮਹਾਨ ਪਵਿੱਤਰ ਅਸਥਾਨ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ਼ਰਧਾ ਤੇ ਪਿਆਰ ਭਰੇ ਹਿਰਦੇ ਨਾਲ ਅਰਦਾਸ ਕੀਤੀ ਕਿ ਹੇ ਸੱਚੇ ਪਾਤਿਸ਼ਾਹ ਆਪਣੇ ਸੇਵਕ ਦੇ ਸਿਰਪਰ ਮਿਹਰ ਦਾ ਹੱਥ ਰੱਖ ਕੇ ਇਤਨੀ ਬੁੱਧੀ ਤੇ ਬਲ ਬਖ਼ਸ਼ੋ ਕਿ ਪੱਛਮੀ ਦੇਸ਼ਾਂ ਵਿਚ ਵੀ ਸਿੱਖ ਧਰਮ ਦੀ ਜੈ ਜੈ ਕਾਰ ਹੋਣ ਲੱਗ ਪਵੇ। ਹੇ ਸਤਿਗੁਰੂ "ਸ੍ਰੀ ਗੁਰੂ ਰਾਮਦਾਸ ਜਯੋ ਜਯ ਜਗ ਮਹਿ" ਦੇ ਮਹਾਂਵਾਕ ਅਨੁਸਾਰ ਸਾਰੇ ਸੰਸਾਰ ਵਿਚ ਤੇਰੀ ਜੈ ਜੈ ਕਾਰ ਹੋਵੇ। "ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸ" ਦੇ ਮਹਾਂਵਾਕ ਅਨੁਸਾਰ ਸਤਿਗੁਰੂ ਨੇ ਆਪਣੇ ਸੇਵਕ ਦੇ ਮਨ ਵਿਚ ਇਹ ਵਿਸ਼ਵਾਸ ਦ੍ਰਿੜ ਕਰਾ ਦਿੱਤਾ ਕਿ ਤੇਰੀ ਇਹ ਅਰਦਾਸ ਧੰਨ ਗੁਰੂ ਨਾਨਕ ਦੇ ਦਰ ਤੇ ਸੁਣੀ ਗਈ ਹੈ ਅਤੇ ਤੈਨੂੰ ਧਰਮ ਪ੍ਰਚਾਰ ਦੇ ਮਹਾਨ ਪਰਉਪਕਾਰ ਦੇ ਕਾਰਜ ਵਿਚ ਪੂਰਨ ਸਫ਼ਲਤਾ ਮਿਲੇਗੀ।

**ਸੁਣੀ ਅਰਦਾਸਿ ਸੁਆਮੀ ਮੇਰੈ ਸਰਬ ਕਲਾ ਬਣਿ ਆਈ॥**
**ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ॥**

(ਪੰਨਾ ੬੧੧)

ਸਿੰਘ ਸਾਹਿਬ ਨੂੰ ਉਪਰ ਲਿਖੇ ਮਹਾਂਵਾਕ ਅਨੁਸਾਰ ਪੂਰਨ ਭਰੋਸਾ ਹੋ ਗਿਆ ਕਿ ਹੁਣ ਉਹ ਸਮਾਂ ਆ ਗਿਆ ਹੈ ਜਦੋਂ "ਸਗਲ ਜਗਤ ਮੇਂ ਖਾਲਸਾ ਪੰਥ



Sri Satguru Jagjit Singh Ji eLibrary NamdhariElibrary@gmail.com

ਸਾਜੈ" ਦੇ ਕਥਨ ਅਨੁਸਾਰ ਸਾਰੇ ਸੰਸਾਰ ਵਿਚ ਖਾਲਸਾ ਪੰਥ ਦੇ ਜੈਕਾਰੇ ਗੂੰਜਣਗੇ ਅਤੇ ਸਗਲ ਜਗਤ ਵਿਚ ਖ਼ਾਲਸੇ ਦੀ ਜੈ ਜੈਕਾਰ ਹੋਵੇਗੀ। ਇਸ ਦੀ ਭਵਿੱਖ ਬਾਣੀ ਕਲ੍ਯ ਸਹਾਰ ਭੱਟ ਨੇ ਇਸ ਤਰ੍ਹਾਂ ਕੀਤੀ ਸੀ:

**ਜੈ ਜੈ ਕਾਰੁ ਜਾਸੁ ਜਗ ਅੰਦਰਿ ਮੰਦਰਿ ਭਾਗੁ ਜੁਗਤਿ ਸਿਵ ਰਹਤਾ॥**
**ਗੁਰੁ ਪੂਰਾ ਪਾਯਉ ਬਡਭਾਗੀ ਲਿਵ ਲਾਗੀ ਮੇਦਨਿ ਭਰੁ ਸਹਤਾ॥**
**ਭਯ ਭੰਜਨੁ ਪਰ ਪੀਰ ਨਿਵਾਰਨੁ ਕਲ੍ਯ ਸਹਾਰੁ ਤੋਹਿ ਜਸੁ ਬਕਤਾ॥**
**ਕੁਲਿ ਸੋਢੀ ਗੁਰ ਰਾਮਦਾਸ ਤਨੁ ਧਰਮ ਧੁਜਾ ਅਰਜੁਨੁ ਹਰਿ ਭਗਤਾ॥**

(ਪੰਨਾ ੧੪੦੭)

ਇਸ ਸ਼ਬਦ ਵਿਚ ਜਿਸ "ਧਰਮ ਧੁਜਾ" ਖਾਲਸਾਈ ਨਿਸ਼ਾਨ ਸਾਹਿਬ ਦਾ ਜ਼ਿਕਰ ਕਲ ਸਹਾਰ ਭੱਟ ਨੇ ਕੀਤਾ ਹੈ। ਸਤਿਗੁਰਾਂ ਦੀ ਮਿਹਰ ਨਾਲ ਉਹ ਨਿਸ਼ਾਨ ਸਾਹਿਬ ਸਾਰੇ ਦੇਸ਼ਾਂ ਵਿਚ ਬਣੇ ਗੁਰਦੁਆਰਿਆਂ ਵਿਚ ਝੂਲ ਰਿਹਾ ਹੈ ਅਤੇ ਖ਼ਾਸ ਕਰਕੇ ਉੱਤਰੀ ਤੇ ਦੱਖਣੀ ਅਮਰੀਕਾ ਦੀਆਂ ਸਟੇਟਾਂ ਵਿਚ ਉਹ ਪੂਰੀ ਸ਼ਾਨੋ ਸ਼ੌਕਤ ਨਾਲ ਝੂਲ ਰਿਹਾ ਹੈ।

ਸਿੰਘ ਸਾਹਿਬ ਯੋਗੀ ਹਰਿਭਜਨ ਸਿੰਘ ਜੀ ਨੂੰ ਉੱਤਰੀ ਅਮਰੀਕਾ ਵਿਚ ਧਰਮ ਪ੍ਰਚਾਰ ਕਰਨ ਵਿਚ ਜੋ ਸਫ਼ਲਤਾ ਮਿਲੀ ਹੈ ਉਸ ਨੂੰ ਕਰਾਮਾਤ ਹੀ ਕਿਹਾ ਜਾ ਸਕਦਾ ਹੈ। ਅਮਰੀਕਾ ਤੋਂ ਇਲਾਵਾ ਯੂਰਪ ਦੇ ਹੋਰ ਕਈ ਦੇਸ਼ਾਂ ਵਿਚ ਵੀ ਧਰਮ ਪ੍ਰਚਾਰ ਦੇ ਕੇਂਦਰ ਕਾਇਮ ਹੋ ਚੁੱਕੇ ਹਨ ਅਤੇ

SIKHBOOKCLUB.COM

**ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ॥**

(ਪੰਨਾ ੬੦੮)

ਦੇ ਮਹਾਂਵਾਕ ਅਨੁਸਾਰ ਲੱਖਾਂ ਹੀ ਪ੍ਰਾਣੀਆਂ ਨੂੰ ਯੋਗੀ ਜੀ ਨੇ ਗੁਰਸ਼ਬਦ ਨਾਲ ਜੋੜਿਆ ਹੈ। ਇੱਕੀਵੀਂ ਸਦੀ ਦੇ ਆਰੰਭ ਵਿਚ ਯੋਗੀ ਜੀ ਪਾਸੋਂ ਵਰੋਸਾਏ ਤੇ ਅੰਮ੍ਰਿਤ ਪਾਨ ਕਰਕੇ ਤਿਆਰ ਬਰ ਤਿਆਰ ਹੋਏ ਸਿੰਘਾਂ ਨੇ ਦੱਖਣੀ ਅਮਰੀਕਾ ਦੇ ਦੇਸ਼ਾਂ ਵਿਚ ਧਰਮ ਪ੍ਰਚਾਰ ਦੀ ਲਹਿਰ ਪੂਰੇ ਉਤਸ਼ਾਹ ਨਾਲ ਸ਼ੁਰੂ ਕਰ ਦਿੱਤੀ। ਦੱਖਣੀ ਅਮਰੀਕਾ ਦੇ ਕਈ ਦੇਸ਼ਾਂ ਵਿਚ ਸਪੈਨਿਸ਼ ਭਾਸ਼ਾ ਬੋਲੀ ਜਾਂਦੀ ਹੈ ਇਸ ਕਰਕੇ **ਸ੍ਰੀ ਗੁਰੂ ਗ੍ਰੰਥ ਸਾਹਿਬ** ਦੀ ਪਵਿੱਤਰ ਬਾਣੀ ਦਾ ਟ੍ਰਾਂਸਲੇਸ਼ਣ ਸਪੈਨਿਸ਼ ਭਾਸ਼ਾ ਵਿਚ ਕਰਾਇਆ ਗਿਆ ਹੈ।

**ਸਚੇ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ॥** (ਪੰਨਾ ੧੩੬)

ਦੇ ਮਹਾਂਵਾਕ ਅਨੁਸਾਰ ਸਿੰਘ ਸਾਹਿਬ ਹਰਿਭਜਨ ਸਿੰਘ ਹੋਰਾਂ ਦੀ ਜੈ ਜੈਕਾਰ



Sri Satguru Jagjit Singh Ji eLibrary NamdhariElibrary@gmail.com

ਹੋ ਰਹੀ ਹੈ। ਉਨ੍ਹਾਂ ਨੂੰ ਇਤਨੀ ਮਹਾਨ ਸਫ਼ਲਤਾ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੀ ਕਿਰਪਾ ਦਾ ਸਦਕਾ ਹੀ ਪ੍ਰਾਪਤ ਹੋ ਰਹੀ ਹੈ। ਜਿਹੜੇ ਗੁਰਮੁਖਿ

**ਆਪਿ ਜਪੈ ਅਵਰਹ ਨਾਮੁ ਜਪਾਵੈ॥** (ਪੰਨਾ ੧੨੦੬)

ਦੇ ਮਹਾਂਵਾਕ ਅਨੁਸਾਰ ਆਪ ਨਾਮ ਜਪਦੇ ਹਨ ਤੇ ਦੂਸਰਿਆਂ ਨੂੰ ਜਪਣ ਦੀ ਪ੍ਰੇਰਣਾ ਕਰਦੇ ਹਨ। ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਮਾਝ ਕੀ ਵਾਰ ਦੇ ਇਕ ਸ਼ਬਦ ਵਿਚ ਉਨ੍ਹਾਂ ਬਾਰੇ ਫੁਰਮਾਉਂਦੇ ਹਨ:

**ਜਿਸ ਦੈ ਅੰਦਰਿ ਸਚੁ ਹੈ ਸੋ ਸਚਾ ਨਾਮੁ ਮੁਖਿ ਸਚੁ ਅਲਾਏ॥**
**ਓਹੁ ਹਰਿ ਮਾਰਗਿ ਆਪਿ ਚਲਦਾ ਹੋਰਨਾ ਨੋ ਹਰਿ ਮਾਰਗਿ ਪਾਏ॥**
**ਜੇ ਅਗੈ ਤੀਰਥੁ ਹੋਇ ਤਾ ਮਲੁ ਲਹੈ ਛਪੜਿ ਨਾਤੈ ਸਗਵੀ ਮਲੁ ਲਾਏ॥**
**ਤੀਰਥੁ ਪੂਰਾ ਸਤਿਗੁਰੂ ਜੋ ਅਨਦਿਨੁ ਹਰਿ ਹਰਿ ਨਾਮੁ ਧਿਆਏ॥**
**ਓਹੁ ਆਪਿ ਛੁਟਾ ਕੁਟੰਬ ਸਿਉ ਦੇ ਹਰਿ ਹਰਿ ਨਾਮੁ ਸਭ ਸ੍ਰਿਸਟਿ ਛਡਾਏ॥**
**ਜਨ ਨਾਨਕ ਤਿਸੁ ਬਲਿਹਾਰਣੈ ਜੋ ਆਪਿ ਜਪੈ ਅਵਰਾ ਨਾਮੁ ਜਪਾਏ॥**

(ਪੰਨਾ ੧੪੦)

ਸ੍ਰੀ ਗੁਰੂ ਰਾਮਦਾਸ ਬਾਣੀ ਦੇ ਰੂਪ ਵਿਚ ਸਿੰਘ ਸਾਹਿਬ ਦੇ ਹਿਰਦੇ ਵਿਚ ਬੈਠ ਕੇ ਜੋ ਬਚਨ ਕਰਦੇ ਹਨ ਉਹ ਇਤਨਾ ਅਸਰ ਰੱਖਦੇ ਹਨ ਕਿ ਸੁਣਨ ਵਾਲਿਆਂ ਵਿਚ ਪੂਰਨ ਪਰਿਵਰਤਨ ਆ ਜਾਂਦਾ ਹੈ ਤੇ ਉਨ੍ਹਾਂ ਨੂੰ ਮਨਮਤਿ ਤਿਆਗ ਕੇ ਤੇ ਗੁਰਮਤਿ ਗ੍ਰਹਿਣ ਕਰਕੇ ਇਕ ਨਵਾਂ ਜਨਮ ਤੇ ਨਵੀਂ ਜੀਵਨ-ਜਾਚ ਮਿਲ ਜਾਂਦੀ ਹੈ। ਤ੍ਰਿਸ਼ਨਾ ਦੀ ਅਗਨ ਵਿਚ ਸੜ ਬਲ ਰਹੇ ਉਨ੍ਹਾਂ ਦੇ ਹਿਰਦੇ "ਕਲਿ ਤਾਤੀ ਠਾਂਢਾ ਹਰਿ ਨਾਉ" ਦੇ ਮਹਾਂਵਾਕ ਅਨੁਸਾਰ ਆਤਮਕ ਆਨੰਦ ਪ੍ਰਾਪਤ ਕਰਕੇ "ਸਦਾ ਵਿਗਾਸ" ਦੀ ਅਵਸਥਾ ਵਿਚ ਪਹੁੰਚ ਜਾਂਦੇ ਹਨ। ਇਹ ਸਾਰੀ ਸ਼ਕਤੀ ਗੁਰਬਾਣੀ ਦੀ "ਪਾਰਸ ਕਲਾ" ਵਿਚ ਹੈ।

- **ਪਸੂ ਪਰੇਤ ਮੁਗਧ ਭਏ ਸ੍ਰੋਤੇ ਹਰਿਨਾਮਾ ਮੁਖਿ ਗਾਇਆ॥**

(ਪੰਨਾ ੬੧੪)

- **ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ॥**
**ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ॥**
**ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ॥**
**ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ ਜਪਿਹੁ ਸਾਰਿਗਪਾਣੀ॥**
**ਕਹੈ ਨਾਨਕੁ ਸਦਾ ਗਾਵਹੁ ਏਹ ਸਚੀ ਬਾਣੀ॥** (ਪੰਨਾ ੯੨੦)



Sri Satguru Jagjit Singh Ji eLibrary NamdhariElibrary@gmail.com

ਦੇ ਮਹਾਂਵਾਕਾਂ ਅਨੁਸਾਰ ਗੁਰੂ ਦੇ ਪਿਆਰ ਦੇ ਰੰਗ ਵਿਚ ਰੰਗੇ ਹੋਏ ਗੁਰਸਿਖ ਜਿੱਥੇ ਅੰਮ੍ਰਿਤ ਕੀਰਤਨ ਕਰਦੇ ਹਨ ਉਥੇ ਪਸੂ ਤੇ ਪ੍ਰੇਤ ਵਰਗੀ ਬੁੱਧੀ ਦੇ ਮਾਲਕ ਤੇ ਵੱਡੇ ਵੱਡੇ ਮੂਰਖ ਵੀ ਸੁਣ ਕੇ ਮੰਤਰ ਮੁਗਧ ਹੋ ਜਾਂਦੇ ਹਨ।

ਇਹ ਸਾਰੀ ਕਰਾਮਾਤ ਬਾਣੀ ਦੀ ਹੈ। ਸਿੰਘ ਸਾਹਿਬ ਜੀ ਵੱਲੋਂ ਨਵੇਂ ਸਜੇ ਸਿੰਘਾਂ ਤੇ ਸਿੰਘਣੀਆਂ ਦੇ ਕਈ ਬਹੁਤ ਹੀ ਨਿਪੁੰਨ ਕੀਰਤਨੀ ਜਥੇ ਤਿਆਰ ਕੀਤੇ ਗਏ ਹਨ। ਉਨ੍ਹਾਂ ਵੱਲੋਂ ਜਦੋਂ ਆਸਾ ਜੀ ਦੀ ਵਾਰ ਦਾ ਕੀਰਤਨ ਕੀਤਾ ਜਾਂਦਾ ਹੈ ਤਾਂ ਉਹ ਪੁਰਾਤਨ ਗੁਰ ਮਰਯਾਦਾ ਅਨੁਸਾਰ ਅੰਮ੍ਰਿਤ ਵੇਲੇ ਸੂਰਜ ਚੜ੍ਹਨ ਤੋਂ ਪਹਿਲਾਂ ਸਮਾਪਤ ਹੋ ਜਾਂਦਾ ਹੈ। ਬਦੇਸ਼ਾਂ ਵਿਚ ਭਾਰਤ ਤੋਂ ਗਏ ਸਿੱਖਾਂ ਵੱਲੋਂ ਜੋ ਗੁਰਦੁਆਰੇ ਕਾਇਮ ਕੀਤੇ ਗਏ ਹਨ ਉਨ੍ਹਾਂ ਵਿਚੋਂ ਕੋਈ ਵਿਰਲੇ ਹੀ ਗੁਰਦੁਆਰੇ ਹਨ ਜਿੱਥੇ "ਚੌਥੇ ਪਹਿਰ ਸੁਬ੍ਹਾ ਕੇ" ਭਾਵ ਅਸਲੀ ਅੰਮ੍ਰਿਤ ਵੇਲੇ ਸ੍ਰੀ ਆਸਾ ਦੀ ਵਾਰ ਦਾ ਕੀਰਤਨ ਹੁੰਦਾ ਹੈ। ਬਹੁਤੇ ਗੁਰਦੁਆਰਿਆਂ ਵਿਚ ਦਿਨ ਚੜ੍ਹੇ ਆਸਾ ਦੀ ਵਾਰ ਦੇ ਕੁਝ ਛਕੇ ਤੇ ਸਲੋਕਾਂ ਦਾ ਹੀ ਕੀਰਤਨ ਕੀਤਾ ਜਾਂਦਾ ਹੈ। ਉਹ ਵੀ ਆਮ ਕਰਕੇ ਐਤਵਾਰ ਨੂੰ ਹੀ ਹੁੰਦਾ ਹੈ। ਇਸ ਦਾ ਭਾਵ ਹੈ ਕਿ ਅਸੀਂ ਅਸਲੀ ਗੁਰ ਮਰਯਾਦਾ ਨੂੰ ਭੁੱਲਦੇ ਜਾ ਰਹੇ ਹਾਂ। ਸਿੰਘ ਸਾਹਿਬ ਜੀ ਵੱਲੋਂ ਉਸ ਗੁਰ ਮਰਯਾਦਾ ਨੂੰ ਨਵੇਂ ਸਿਰੇ ਸਥਾਪਨ ਕਰਕੇ ਉਸ ਨੂੰ ਸਦਾ ਕਾਇਮ ਰੱਖਣ ਦੇ ਜਤਨ ਕੀਤੇ ਜਾ ਰਹੇ ਹਨ। ਉਨ੍ਹਾਂ ਦੀ ਹਦਾਇਤ ਅਨੁਸਾਰ ਸਜਾਏ ਗਏ ਕੀਰਤਨ ਸਮਾਗਮਾਂ ਦੀ ਇਕ ਖ਼ਾਸ ਵਿਸ਼ੇਸ਼ਤਾ ਇਹ ਹੈ ਕਿ ਸਾਰੇ ਸ੍ਰੋਤੇ ਆਪਣੇ ਬੱਚਿਆਂ ਨੂੰ ਵੀ ਨਾਲ ਬੈਠਾ ਕੇ ਕੀਰਤਨ ਸੁਣਾਂਦੇ ਹਨ। ਉਨ੍ਹਾਂ ਸਾਰਿਆਂ ਦੇ ਪਾਸ ਐਸੀਆਂ ਕਾਪੀਆਂ ਹੁੰਦੀਆਂ ਹਨ ਜਿਨ੍ਹਾਂ ਤੇ ਗੁਰਬਾਣੀ ਤੇ ਰੋਮਨ ਅੱਖਰਾਂ ਵਿਚ ਉਸਦਾ ਪਾਠ ਅਤੇ ਉਸਤੋਂ ਅੱਗੇ ਇੰਗਲਿਸ਼ ਵਿਚ ਸ਼ਬਦ ਦਾ ਟ੍ਰਾਂਸਲੇਸ਼ਣ ਲਿਖਿਆ ਹੁੰਦਾ ਹੈ ਅਤੇ ਇਸ ਤਰ੍ਹਾਂ ਉਨ੍ਹਾਂ ਦੀ ਸੁਰਤਿ ਸ਼ਬਦ ਨਾਲ ਜੁੜੀ ਹੁੰਦੀ ਹੈ ਅਤੇ ਉਹ ਗੁਰਬਾਣੀ ਨੂੰ ਇਕ ਮਨ ਇਕ ਚਿਤ ਹੋ ਕੇ ਸੁਣਦੇ ਹਨ ਤੇ ਗੁਰੂ ਸ਼ਬਦ ਦਾ ਭਾਵ ਉਨ੍ਹਾਂ ਦੇ ਹਿਰਦਿਆਂ ਦੀਆਂ ਗਹਿਰਾਈਆਂ ਵਿਚ ਉਤਰ ਜਾਂਦਾ ਹੈ। ਧਨਾਸਰੀ ਮਹਲਾ ੪ ਦੇ ਇਕ ਸ਼ਬਦ ਵਿਚ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਫੁਰਮਾਉਂਦੇ ਹਨ:

**ਸੇਵਕ ਸਿਖ ਪੂਜਣ ਸਭਿ ਆਵਹਿ**
**ਸਭਿ ਗਾਵਹਿ ਹਰਿ ਹਰਿ ਊਤਮ ਬਾਨੀ॥**



Sri Satguru Jagjit Singh Ji eLibrary NamdhariElibrary@gmail.com

**ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ**
**ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ॥**

(ਪੰਨਾ ੬੬੯)

ਗਾਵਿਆ ਸੁਣਿਆ ਉਨ੍ਹਾਂ ਦਾ ਹੀ ਪ੍ਰਵਾਨ ਹੁੰਦਾ ਹੈ ਜੋ ਸਤਿਗੁਰੂ ਦੇ ਹੁਕਮ ਨੂੰ ਸਤਿ ਸਤਿ ਕਰਕੇ ਮੰਨਦੇ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਸਿਰੀ ਰਾਗ ਦੇ ਇਕ ਸ਼ਬਦ ਵਿਚ ਫੁਰਮਾਉਂਦੇ ਹਨ:

**ਗੁਰੁ ਪਰਮੇਸੁਰੁ ਪੂਜੀਐ ਮਨਿ ਤਨਿ ਲਾਇ ਪਿਆਰੁ॥**
**ਸਤਿਗੁਰੁ ਦਾਤਾ ਜੀਅ ਕਾ ਸਭਸੈ ਦੇਇ ਅਧਾਰੁ॥**
**ਸਤਿਗੁਰ ਬਚਨ ਕਮਾਵਣੇ ਸਚਾ ਏਹੁ ਵੀਚਾਰੁ॥** (ਪੰਨਾ ੫੨)

SIKHBOOKCLUB.COM



Sri Satguru Jagjit Singh Ji eLibrary NamdhariElibrary@gmail.com

# ਗੁਰੁ ਦਾਤਾ ਹਰਿਨਾਮੁ ਦੇਇ ਉਧਰੈ ਸਭੁ ਸੰਸਾਰੁ॥

ਸਿੰਘ ਸਾਹਿਬ ਗੁਰਬਾਣੀ ਦਾ ਕੀਰਤਨ ਕਰਨ ਵਾਲਿਆਂ ਨੂੰ ਹਮੇਸ਼ਾ ਇਹ ਪ੍ਰੇਰਨਾ ਕਰਦੇ ਹਨ ਕਿ ਕੀਰਤਨ ਪ੍ਰਭੂ ਪਿਆਰ ਵਿਚ ਲਿਵਲੀਨ ਹੋ ਕੇ ਕਰਨਾ ਚਾਹੀਦਾ ਹੈ ਕਿਉਂਕਿ ਕੀਰਤਨ ਕਰਨ ਵਾਲੇ ਗੁਰਮੁਖਿ ਦੀ ਜੋ ਮਾਨਸਿਕ ਅਵਸਥਾ ਹੋਵੇਗੀ ਉਸ ਦਾ ਸ੍ਰੋਤਿਆਂ ਉੱਤੇ ਉਹੋ ਜਿਹਾ ਹੀ ਅਸਰ ਹੋਵੇਗਾ।

ਸਿੰਘ ਸਾਹਿਬ ਜੀ ਨੇ ਨਵੇਂ ਸਜੇ ਸਿੰਘਾਂ ਦਾ ਬਾਣਾ (ਲਿਬਾਸ) ਵੀ ਖ਼ਾਸ ਕਿਸਮ ਦਾ ਨੀਯਤ ਕੀਤਾ ਹੈ। ਸਭ ਨੂੰ ਕੀਰਤਨ ਦਰਬਾਰ ਵਿਚ ਸ਼ਾਮਲ ਹੋਣ ਸਮੇਂ ਚਿੱਟੇ ਬਸਤਰ ਪਹਿਨਣ ਦਾ ਹੁਕਮ ਹੈ। ਮਰਦ ਕੁੜਤਾ ਪਜਾਮਾ ਤੇ ਚਿੱਟੀ ਦਸਤਾਰ ਪਹਿਨਦੇ ਹਨ ਅਤੇ ਬੀਬੀਆਂ ਚਿੱਟੀ ਸਲਵਾਰ ਜਾਂ ਪਜਾਮਾ ਤੇ ਚਿੱਟਾ ਚੋਗਾ ਅਤੇ ਸਿਰ ਤੇ ਚਿੱਟੀ ਗੋਲ ਦਸਤਾਰ ਪਹਿਨਦੀਆਂ ਹਨ। ਉਹ ਸਾਰੇ ਜਦੋਂ ਇਕੋ ਜਿਹੇ ਚਿੱਟੇ ਲਿਬਾਸ ਪਹਿਨ ਕੇ ਕੀਰਤਨ ਕਰਦੇ ਤੇ ਸੁਣਦੇ ਹਨ ਤਾਂ ਉਸ ਸਤਿਸੰਗ ਦਾ ਨਜ਼ਾਰਾ ਬੜਾ ਹੀ ਅਲੌਕਿਕ ਹੁੰਦਾ ਹੈ। ਦੇਖਣ ਵਾਲੇ ਨੂੰ ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਮਾਨ ਸਰੋਵਰ ਤੇ ਹੰਸ ਇਕੱਠੇ ਹੋਏ ਹੋਣ। ਸ੍ਰੀ ਗੁਰੂ ਨਾਨਕ ਦੇਵ ਜੀ ਸ੍ਰੀਰਾਗ ਦੇ ਇਕ ਸ਼ਬਦ ਵਿਚ ਫੁਰਮਾਉਂਦੇ ਹਨ:

**ਪ੍ਰਣਵੈ ਨਾਨਕੁ ਬੇਨਤੀ ਤੂ ਸਰਵਰੁ ਤੂ ਹੰਸੁ॥**
**ਕਉਲੁ ਤੂ ਹੈ ਕਵੀਆ ਤੂ ਹੈ ਆਪੇ ਵੇਖਿ ਵਿਗਸੁ॥** (ਪੰਨਾ ੨੩)

ਭਾਵ ਉਹ ਪਰਮਾਤਮਾ ਆਪੇ ਹੀ ਅਨੇਕਾਂ ਰੂਪਾਂ ਵਿਚ ਵਿਚਰ ਰਿਹਾ ਹੈ। ਉਹ ਆਪੇ ਹੀ ਮਾਨ ਸਰੋਵਰ ਹੈ, ਆਪੇ ਹੀ ਹੰਸ ਹੈ। ਆਪੇ ਕੰਵਲ ਫੁੱਲ ਤੇ ਆਪੇ ਭੌਰਾ ਬਣ ਕੇ ਉਸਦਾ ਰਸ ਮਾਣ ਰਿਹਾ ਹੈ। ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਇਸ ਸੱਚਾਈ ਨੂੰ ਇਉਂ ਬਿਆਨ ਕਰਦੇ ਹਨ

**ਸਭਨਾ ਦਾਤਾ ਆਪਿ ਹੈ ਆਪੇ ਮੇਲਣਹਾਰੁ॥**
**ਨਾਨਕ ਸਬਦਿ ਮਿਲੇ ਨ ਵਿਛੁੜਹਿ ਜਿਨਾ ਸੇਵਿਆ ਹਰਿ ਦਾਤਾਰੁ॥**

(ਪੰਨਾ ੧੨੪੪)



Sri Satguru Jagjit Singh Ji eLibrary NamdhariElibrary@gmail.com

ਸੋਰਠ ਕੀ ਵਾਰ ਦੀ ਇਕ ਪਉੜੀ ਵਿਚ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਫ਼ੁਰਮਾਉਂਦੇ ਹਨ:

**ਤੂ ਕਰਣ ਕਾਰਣ ਸਮਰਥੁ ਹਹਿ ਕਰਤੇ ਮੈ ਤੁਝ ਬਿਨੁ ਅਵਰੁ ਨ ਕੋਈ॥**
**ਤੁਧੁ ਆਪੇ ਸਿਸਟਿ ਸਿਰਜੀਆ ਆਪੇ ਫੁਨਿ ਗੋਈ॥**
**ਸਭੁ ਇਕੋ ਸਬਦੁ ਵਰਤਦਾ ਜੋ ਕਰੇ ਸੁ ਹੋਈ॥**
**ਵਡਿਆਈ ਗੁਰਮੁਖਿ ਦੇਇ ਪ੍ਰਭੁ ਹਰਿ ਪਾਵੈ ਸੋਈ॥**
**ਗੁਰਮੁਖਿ ਨਾਨਕ ਆਰਾਧਿਆ ਸਭਿ ਆਖਹੁ ਧੰਨੁ ਧੰਨੁ ਧੰਨੁ ਗੁਰੁ ਸੋਈ॥**

(ਪੰਨਾ ੬੫੩-੫੪)

ਗੁਰਮੁਖਾਂ ਨੂੰ ਉਹ ਆਪ ਹੀ ਵਡਿਆਈਆਂ ਬਖ਼ਸ਼ਦਾ ਹੈ ਅਤੇ ਆਪ ਹੀ ਉਨ੍ਹਾਂ ਦੀ ਜੈ ਜੈ ਕਾਰ ਕਰਾਉਂਦਾ ਹੈ। ਉਸ ਦੀ ਮਿਹਰ ਨਾਲ ਜਦੋਂ ਗੁਰਮੁਖਿ ਸਿਖ **ਸ੍ਰੀ ਗੁਰੂ ਗ੍ਰੰਥ ਸਾਹਿਬ** ਦੀ ਪਵਿੱਤਰ ਹਜ਼ੂਰੀ ਵਿਚ ਅੰਮ੍ਰਿਤ ਵੇਲੇ ਗੁਰਬਾਣੀ ਦਾ ਰਸ ਭਿੰਨਾ ਕੀਰਤਨ ਕਰਦੇ ਹਨ ਤਾਂ ਉਥੇ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ, ਜਿਵੇਂ ਨਾਮ ਦੇ ਮਾਨ-ਸਰੋਵਰ ਤੇ ਸਿੱਖ ਹੰਸਾਂ ਦੇ ਰੂਪ ਵਿਚ ਇਕੱਤਰ ਹੋਏ ਬੈਠੇ ਹਨ। ਉਹ "ਮਾਣਕ ਮੋਤੀ ਨਾਮ ਪ੍ਰਭ ਉਨ ਲਗੈ ਨਾ ਹੀ ਸੰਨ" ਦੇ ਮਹਾਂਵਾਕ ਅਨੁਸਾਰ ਨਾਮ ਦੇ ਮਾਣਕ ਮੋਤੀਆਂ ਦੀ ਚੋਗ ਚੁਗਦੇ ਹਨ।

SIKHBOOKCLUB.COM

ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਨੇ **ਸ੍ਰੀ ਗੁਰੂ ਗ੍ਰੰਥ ਸਾਹਿਬ** ਨੂੰ ਰਤਨਾਂ ਦਾ ਭਰਿਆ ਹੋਇਆ ਸਾਗਰ ਵੀ ਕਿਹਾ ਹੈ। ਇਸ ਵਿਚ ਰਤਨ ਕਿਹੜੇ ਹਨ? ਇਸ ਵਿਚ ਉਸ ਪ੍ਰਭੂ ਦੇ ਸ਼ੁਭ-ਗੁਣ ਸਤਿ, ਸੰਤੋਖ, ਦਇਆ, ਧਰਮ-ਵੀਚਾਰ ਆਦਿ ਰਤਨ ਭਰੇ ਹੋਏ ਹਨ। ਜਿਹੜੇ ਗੁਰਮੁਖਿ ਗੁਰਬਾਣੀ ਦੀ ਵੀਚਾਰ ਕਰਦੇ ਹਨ, ਉਨ੍ਹਾਂ ਨੂੰ ਇਹ ਅਮੋਲਕ ਰਤਨ ਪ੍ਰਾਪਤ ਹੁੰਦੇ ਹਨ।

**ਰਤਨਾ ਰਤਨ ਪਦਾਰਥ ਬਹੁ ਸਾਗਰੁ ਭਰਿਆ ਰਾਮ॥**
**ਬਾਣੀ ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਰਾਮ॥**
**ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਨਿਰਮੋਲਕੁ ਰਤਨੁ ਅਪਾਰਾ॥**
**ਹਰਿ ਹਰਿ ਨਾਮੁ ਅਤੋਲਕੁ ਪਾਇਆ ਤੇਰੀ ਭਗਤਿ ਭਰੇ ਭੰਡਾਰਾ॥**
**ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ॥**
**ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥**

(ਪੰਨਾ ੪੪੨)

ਸਿੰਘ ਸਾਹਿਬ ਜੀ ਨੇ ਇਕ ਵਿਸਮਾਦ ਕਰ ਦੇਣ ਵਾਲਾ ਕ੍ਰਿਸ਼ਮਾ ਇਹ



Sri Satguru Jagjit Singh Ji eLibrary NamdhariElibrary@gmail.com

ਕਰ ਵਿਖਾਇਆ ਹੈ ਕਿ ਪੱਛਮੀ ਸਭਿਅਤਾ ਦੇ ਮੁਕਾਬਲੇ ਉਨ੍ਹਾਂ ਨੇ ਸਿੱਖ ਸਭਿਆਚਾਰ ਨੂੰ ਵਿਸ਼ੇਸ਼ਤਾ ਦਿੱਤੀ ਹੈ ਅਤੇ ਅਮਰੀਕਾ ਵਰਗੇ ਫ਼ੈਸ਼ਨ ਪ੍ਰਸਤੀ ਦੇ ਗ੍ਰਸੇ ਹੋਏ ਦੇਸ਼ ਵਿਚ ਉਨ੍ਹਾਂ ਨੇ ਨਵੇਂ ਸਜੇ ਸਿੰਘਾਂ ਤੇ ਸਿੰਘਣੀਆਂ ਨੂੰ ਗੁਰਮੁਖ ਗੁਰਸਿੱਖਾਂ ਵਾਲਾ ਲਿਬਾਸ ਪਹਿਨਣ ਦੀਆਂ ਹਦਾਇਤਾਂ ਕੀਤੀਆਂ ਹਨ। ਉਹ ਚਟਕੀਲਾ, ਭੜਕੀਲਾ ਤੇ ਅਰਧ ਨੰਗੇ ਰਹਿਣ ਵਾਲਾ ਲਿਬਾਸ ਨਹੀਂ ਪਹਿਨਦੇ। ਉਹ ਮਾਸ, ਸ਼ਰਾਬ ਤੇ ਹੋਰ ਨਸ਼ਿਆਂ ਦੀ ਵਰਤੋਂ ਬਿਲਕੁਲ ਨਹੀਂ ਕਰਦੇ। ਨਾਮ ਸਿਮਰਨ ਕਰਕੇ ਉਨ੍ਹਾਂ ਦੇ ਹਿਰਦੇ ਨਿਰਮਲ ਹੋ ਗਏ ਹਨ। ਆਚਾਰ ਤੇ ਵਿਚਾਰ ਨਿਰਮਲ ਹੋ ਗਏ। ਬਿਖਿਆ ਦੇ ਰਸ ਕਸ ਫਿੱਕੇ ਲੱਗਣ ਲੱਗ ਪਏ।

ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਬਾਣੀ ਦੇ ਰੂਪ ਵਿਚ ਜਿਨ੍ਹਾਂ ਗੁਰਸਿੱਖਾਂ ਦੇ ਹਿਰਦੇ ਵਿਚ ਵੱਸ ਜਾਂਦੇ ਹਨ, ਉਨ੍ਹਾਂ ਦੀ ਅਵਸਥਾ ਦਾ ਵਰਣਨ ਉਨ੍ਹਾਂ ਨੇ ਵਡਹੰਸ ਕੀ ਵਾਰ ਦੀ ਇਕ ਪਉੜੀ ਵਿਚ ਖ਼ੁਦ ਹੀ ਇਸ ਤਰ੍ਹਾਂ ਕੀਤਾ ਹੈ।

**ਜਿਨ ਕੈ ਹਰਿਨਾਮੁ ਵਸਿਆ ਸਦ ਹਿਰਦੈ**
**ਹਰਿਨਾਮੋ ਤਿਨ ਕੰਉ ਰਖਣਹਾਰਾ॥**
**ਹਰਿਨਾਮੁ ਪਿਤਾ ਹਰਿਨਾਮੋ ਮਾਤਾ**
**ਹਰਿਨਾਮੁ ਸਖਾਈ ਮਿਤ੍ਰੁ ਹਮਾਰਾ॥**
**ਹਰਿਨਾਵੈ ਨਾਲਿ ਗਲਾ ਹਰਿਨਾਵੈ ਨਾਲਿ ਮਸਲਤਿ**
**ਹਰਿਨਾਮੁ ਹਮਾਰੀ ਕਰਦਾ ਨਿਤ ਸਾਰਾ॥**
**ਹਰਿਨਾਮੁ ਹਮਾਰੀ ਸੰਗਤਿ ਅਤਿ ਪਿਆਰੀ**
**ਹਰਿਨਾਮੁ ਕੁਲੁ ਹਰਿਨਾਮੁ ਪਰਵਾਰਾ॥**
**ਜਨ ਨਾਨਕ ਕੰਉ ਹਰਿਨਾਮੁ ਹਰਿ ਗੁਰਿ ਦੀਆ**
**ਹਰਿ ਹਲਤਿ ਪਲਤਿ ਸਦਾ ਕਰੇ ਨਿਸਤਾਰਾ॥** (ਪੰਨਾ ੫੯੨)

ਇਸ ਮਹਾਂਵਾਕ ਵਿਚ ਸਤਿਗੁਰੂ ਜੀ ਨੇ ਦੱਸਿਆ ਹੈ ਕਿ ਜਿਸ ਗੁਰਸਿਖ ਦਾ ਖੰਡੇ ਬਾਟੇ ਦਾ ਅੰਮ੍ਰਿਤ ਪਾਨ ਕਰਕੇ ਸਤਿਗੁਰੂ ਦੇ ਘਰ ਨਵਾਂ ਜਨਮ ਹੋ ਜਾਂਦਾ ਹੈ ਉਸ ਦੀ ਪਿਛਲੀ ਜਾਤਿ ਪਾਤਿ ਖ਼ਤਮ ਹੋ ਜਾਂਦੀ ਹੈ। "ਹਮਰੀ ਜਾਤਿ ਪਤਿ ਗੁਰ ਸਤਿਗੁਰ ਹਮ ਬੇਚਿਓ ਸਿਰ ਗੁਰ ਕੈ" ਉਨ੍ਹਾਂ ਦੀ ਕੁਲ ਤੇ ਉਨ੍ਹਾਂ ਦਾ ਪਰਿਵਾਰ ਹਰਿਨਾਮ ਹੀ ਬਣ ਜਾਂਦਾ ਹੈ। ਉਨ੍ਹਾਂ ਦਾ ਖਾਣ, ਪਾਣ, ਪਹਿਰਾਨ ਵੀ ਹਰਿਨਾਮ ਹੀ ਬਣ ਜਾਂਦਾ ਹੈ। ਵਡਹੰਸ ਦੀ ਵਾਰ ਦੀ ਇਕ ਹੋਰ ਪਉੜੀ ਵਿਚ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਫੁਰਮਾਉਂਦੇ ਹਨ:

SIKHBOOKCLUB.COM



Sri Satguru Jagjit Singh Ji eLibrary NamdhariElibrary@gmail.com

**ਹਰਿਨਾਮੁ ਹਮਾਰਾ ਭੋਜਨੁ ਛਤੀਹ ਪਰਕਾਰ**
**ਜਿਤੁ ਖਾਇਐ ਹਮ ਕਉ ਤ੍ਰਿਪਤਿ ਭਈ॥**
**ਹਰਿਨਾਮੁ ਹਮਾਰਾ ਪੈਨਣੁ ਜਿਤੁ ਫਿਰਿ ਨੰਗੇ ਨ ਹੋਵਹ**
**ਹੋਰ ਪੈਨਣ ਕੀ ਹਮਾਰੀ ਸਰਧ ਗਈ॥**
**ਹਰਿ ਨਾਮੁ ਹਮਾਰਾ ਵਣਜੁ ਹਰਿਨਾਮੁ ਵਾਪਾਰੁ**
**ਹਰਿ ਨਾਮੈ ਕੀ ਹਮ ਕੰਉ ਸਤਿਗੁਰਿ ਕਾਰਕੁਨੀ ਦੀਈ॥**
**ਹਰਿਨਾਮੈ ਕਾ ਹਮ ਲੇਖਾ ਲਿਖਿਆ ਸਭ ਜਮ ਕੀ ਅਗਲੀ ਕਾਣਿ ਗਈ॥**
**ਹਰਿ ਕਾ ਨਾਮੁ ਗੁਰਮੁਖਿ ਕਿਨੈ ਵਿਰਲੈ ਧਿਆਇਆ**
**ਜਿਨ ਕੰਉ ਧੁਰਿ ਕਰਮਿ ਪਰਾਪਤਿ ਲਿਖਤੁ ਪਈ॥** (ਪੰਨਾ ੫੯੩)

ਇਸ ਸ਼ਬਦ ਦੇ ਅਰਥਾਂ ਉੱਤੇ ਵਿਚਾਰ ਕਰਨ ਤੋਂ ਪਤਾ ਲੱਗਦਾ ਹੈ ਕਿ ਜਿਨ੍ਹਾਂ ਗੁਰਮੁਖਾਂ ਦੇ ਪੂਰਬਲੇ ਚੰਗੇ ਕਰਮਾਂ ਕਰਕੇ ਉਨ੍ਹਾਂ ਦੇ ਮਸਤਕ ਵਿਚ ਧੁਰ ਤੋਂ ਹੀ ਇਹ ਲੇਖ ਲਿਖੇ ਹੁੰਦੇ ਹਨ ਉਨ੍ਹਾਂ ਨੂੰ ਪੂਰਾ ਗੁਰੂ ਮਿਲਦਾ ਹੈ। ਜੋ ਉਨ੍ਹਾਂ ਨੂੰ ਗੁਰਮੁਖਾਂ ਵਾਲੇ ਪਵਿੱਤਰ ਜੀਵਨ ਦੀ ਜਾਚ ਦਸਦਾ ਹੈ।

**ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥**
**ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ॥**
(ਪੰਨਾ ੨੦੪)

ਉਨ੍ਹਾਂ ਦਾ ਅਗਿਆਨ ਦਾ ਅੰਧੇਰਾ ਮਿਟ ਜਾਂਦਾ ਹੈ। ਉਨ੍ਹਾਂ ਦੇ ਹਿਰਦੇ ਵਿਚ ਨਾਮ ਦਾ ਪਰਗਾਸ ਹੋ ਜਾਂਦਾ ਹੈ। ਜਦੋਂ ਉਨ੍ਹਾਂ ਨੂੰ ਨਾਮ ਮਹਾਰਸ ਪ੍ਰਾਪਤ ਹੋ ਜਾਂਦਾ ਹੈ ਤਾਂ ਬਿਖਿਆ (ਮਾਇਆ) ਦੇ ਸਾਰੇ ਰਸ ਕਸ ਫਿੱਕੇ ਲੱਗਣ ਲੱਗ ਪੈਂਦੇ ਹਨ। ਇਸੇ ਕਰ ਕੇ ਸਤਿਗੁਰੂ ਜੀ ਨੇ ਉੱਪਰ ਲਿਖੇ ਸ਼ਬਦ ਵਿਚ ਫ਼ੁਰਮਾਇਆ ਹੈ।

**ਹਰਿ ਨਾਮੁ ਹਮਾਰਾ ਭੋਜਨੁ ਛਤੀਹ ਪਰਕਾਰ**
**ਜਿਤੁ ਖਾਇਐ ਹਮ ਕਉ ਤ੍ਰਿਪਤਿ ਭਈ॥** (ਪੰਨਾ ੫੯੩)

ਹਰਿ ਨਾਮ ਵਿਚੋਂ ਹੀ ਉਸ ਨੂੰ ਛੱਤੀ ਪ੍ਰਕਾਰ ਦੇ ਪਦਾਰਥਾਂ ਦਾ ਸਵਾਦ ਆ ਜਾਂਦਾ ਹੈ। ਇਸ ਭਾਵ ਨੂੰ ਹੋਰ ਸਪੱਸ਼ਟ ਕਰਨ ਲਈ ਗੁਰਬਾਣੀ ਵਿਚੋਂ ਇਹ ਪ੍ਰਮਾਣ ਮਿਲਦਾ ਹੈ।

– **ਬਿਖੈ ਬਨੁ ਫੀਕਾ ਤਿਆਗਿ ਰੀ ਸਖੀਏ ਨਾਮੁ ਮਹਾ ਰਸੁ ਪੀਓ॥**
**ਬਿਨੁ ਰਸ ਚਾਖੇ ਬੁਡਿ ਗਈ ਸਗਲੀ ਸੁਖੀ ਨ ਹੋਵਤ ਜੀਓ॥**
(ਪੰਨਾ ੮੦੨)


Sri Satguru Jagjit Singh Ji eLibrary NamdhariElibrary@gmail.com

– **ਮੇਰੇ ਮਨ ਨਾਮੁ ਅੰਮ੍ਰਿਤੁ ਪੀਉ॥**

**ਆਨ ਸਾਦ ਬਿਸਾਰਿ ਹੋਛੇ ਅਮਰੁ ਜੁਗੁ ਜੁਗੁ ਜੀਉ॥** (ਪੰਨਾ ੧੦੦੭)

ਨਾਮ ਅੰਮ੍ਰਿਤ ਪੀਣ ਨਾਲ ਤ੍ਰਿਸ਼ਨਾ ਦੀ ਅੱਗ ਬੁੱਝ ਜਾਂਦੀ ਹੈ, ਮਨ ਸ਼ਾਂਤ ਹੋ ਜਾਂਦਾ ਹੈ।

ਜਿਨ੍ਹਾਂ ਗੁਰਸਿੱਖਾਂ ਨੂੰ ਸਿੰਘ ਸਾਹਿਬ ਜੀ ਨੇ ਨਸ਼ਿਆਂ ਤੋਂ ਮੁਕਤ ਕਰਕੇ ਹਰਿ ਕੀਰਤਨ ਕਰਨ ਲਗਾ ਦਿੱਤਾ, ਉਨ੍ਹਾਂ ਦਾ ਜੀਵਨ ਮਹਾਂ ਆਨੰਦ ਵਿਚ ਬਤੀਤ ਹੋਣ ਲੱਗ ਪਿਆ ਅਤੇ ਉਨ੍ਹਾਂ ਨੂੰ ਇਸ ਤਰ੍ਹਾਂ ਪ੍ਰਤੀਤ ਹੋਣ ਲੱਗ ਪਿਆ ਜਿਵੇਂ ਉਨ੍ਹਾਂ ਨੂੰ ਨਰਕ ਵਰਗੇ ਜੀਵਨ ਵਿਚੋਂ ਕੱਢ ਕੇ ਸਵਰਗ ਵਰਗੇ ਖ਼ੁਸ਼ੀਆਂ ਤੇ ਖੇੜੇ ਭਰੇ ਜੀਵਨ ਨੂੰ ਜਿਊਣ ਦੀ ਜਾਚ ਸਿਖਾ ਦਿੱਤੀ ਹੈ। ਉਨ੍ਹਾਂ ਨੂੰ ਇਹ ਵੀ ਅਨੁਭਵ ਹੋਇਆ ਕਿ ਸਿੰਘ ਸਾਹਿਬ ਦੇ ਧਰਮ ਪ੍ਰਚਾਰ ਨਾਲ ਅਮਰੀਕਾ ਦੇ ਲੋਕਾਂ ਵਿਚ ਕੇਵਲ ਧਾਰਮਿਕ ਪੱਖ ਤੋਂ ਹੀ ਮਹਾਨ ਪਰਿਵਰਤਨ ਨਹੀਂ ਹੋਇਆ ਸਗੋਂ ਸਮਾਜਕ ਤੇ ਸਭਿਆਚਾਰਕ ਪੱਖੋਂ ਵੀ ਮਹਾਨ ਪਰਿਵਰਤਨ ਹੋਇਆ ਹੈ। ਇਸ ਪਰਿਵਰਤਨ ਤੋਂ ਇਹ ਵੀ ਸਾਬਤ ਹੁੰਦਾ ਹੈ ਕਿ ਪਦਾਰਥਵਾਦੀ ਦੇਸ਼ਾਂ ਦੇ ਸਮਾਜਕ ਤੇ ਸਭਿਆਚਾਰਕ ਜੀਵਨ ਨਾਲੋਂ ਸਿੱਖਾਂ ਦਾ ਸਮਾਜਕ ਤੇ ਸਭਿਆਚਾਰਕ ਜੀਵਨ ਵਿਸ਼ੇਸ਼ ਕਰਕੇ ਬਿਹਤਰ ਤੇ ਵਧੀਆ ਹੈ। ਇਸ ਤੋਂ ਇਹ ਵੀ ਪਤਾ ਲੱਗ ਜਾਂਦਾ ਹੈ ਕਿ ਜਦੋਂ ਭਾਰਤ ਦੇ ਲੋਕ ਅਤੇ ਖ਼ਾਸ ਕਰਕੇ ਸਿੱਖ ਪੱਛਮੀ ਦੇਸ਼ਾਂ ਵਿਚ ਅਤੇ ਖ਼ਾਸ ਕਰਕੇ ਅਮਰੀਕਾ, ਕੈਨੇਡਾ ਤੇ ਯੂ. ਕੇ. ਵਿਚ ਆ ਕੇ ਵੱਸਣ ਲੱਗੇ ਤਾਂ ਉਨ੍ਹਾਂ ਵਿਚੋਂ ਬਹੁਤਿਆਂ ਨੇ ਆਪਣੀ ਸਭਿਅਤਾ ਦਾ ਤਿਆਗ ਕਰਕੇ ਪੱਛਮੀ ਸਭਿਅਤਾ ਨੂੰ ਅਪਣਾਉਣਾ ਸ਼ੁਰੂ ਕਰ ਦਿੱਤਾ ਸੀ ਪਰ ਹੁਣ ਉਹ ਸਿੰਘ ਸਾਹਿਬ ਵੱਲੋਂ ਕੀਤੇ ਗਏ ਪਰਿਵਰਤਨ ਨੂੰ ਵੇਖ ਕੇ ਆਪਣੀ ਗ਼ਲਤੀ ਮੰਨਣ ਲੱਗ ਪਏ ਹਨ ਅਤੇ ਸਿੱਖੀ ਸਰੂਪ ਨੂੰ ਧਾਰਨ ਕਰਕੇ ਤਿਆਰ-ਬਰ-ਤਿਆਰ ਸਿੰਘ ਸੱਜ ਰਹੇ ਹਨ। ਉਨ੍ਹਾਂ ਨੂੰ ਹੁਣ ਇਹ ਵੀ ਅਨੁਭਵ ਹੋਣ ਲੱਗ ਪਿਆ ਹੈ ਕਿ ਗੁਰਬਾਣੀ ਰਾਹੀਂ ਸਤਿਗੁਰਾਂ ਨੇ ਇਕ ਆਦਰਸ਼ਕ ਮਨੁੱਖ ਦੀ ਸਿਰਜਣਾ ਕਰਨ ਦੇ ਪ੍ਰਯਤਨ ਕੀਤੇ ਹਨ ਅਤੇ ਉਸ ਆਦਰਸ਼ਕ ਮਨੁੱਖ ਨੂੰ ਗੁਰਬਾਣੀ ਵਿਚ ਗੁਰਮੁਖਿ ਆਖਿਆ ਗਿਆ ਹੈ।

ਗੁਰਬਾਣੀ ਦੀ ਗੰਭੀਰਤਾ ਨਾਲ ਖੋਜ ਕਰਨ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਗੁਰਮਤਿ ਫਿਲਾਸਫ਼ੀ ਤੇ ਗੁਰਮਤਿ ਵਿਚਾਰਧਾਰਾ ਨੂੰ ਅਮਲ ਵਿਚ ਲਿਆ ਕੇ ਹੀ ਇਕ ਆਦਰਸ਼ਕ ਮਨੁੱਖ ਦੀ ਸਿਰਜਨਾ ਕੀਤੀ ਜਾ ਸਕਦੀ ਹੈ ਅਤੇ ਉਹ



Sri Satguru Jagjit Singh Ji eLibrary NamdhariElibrary@gmail.com

ਆਦਰਸ਼ਕ ਮਨੁੱਖ ਹੀ ਇਕ ਰੋਗ ਸੋਗ ਤੋਂ ਰਹਿਤ ਤੇ ਤਨ ਮਨ ਕਰਕੇ ਅਰੋਗ, ਨਵੇਂ ਨਰੋਏ ਸਮਾਜ ਦੀ ਸਿਰਜਣਾ ਕਰ ਸਕਦੇ ਹਨ।

ਇਸ ਪੁਸਤਕ ਵਿਚ ਪਦਾਰਥਵਾਦ ਦੀ ਥਾਂ ਸਾਰੇ ਸੰਸਾਰ ਵਿਚ ਜੋ ਅਧਿਆਤਮਵਾਦ ਦਾ ਨਵਾਂ ਯੁੱਗ ਲਿਆਉਣ ਦਾ ਸੰਕਲਪ ਕੀਤਾ ਗਿਆ ਹੈ, ਉਸ ਦਾ ਆਰੰਭ ਸਿੰਘ ਸਾਹਿਬ ਹਰਿਭਜਨ ਸਿੰਘ ਖ਼ਾਲਸਾ ਨੇ ਅਮਰੀਕਾ ਵਿਚ ਉੱਪਰ ਲਿਖਿਆ ਮਹਾਨ ਪਰਿਵਰਤਨ ਲਿਆ ਕੇ ਕਰ ਦਿੱਤਾ ਹੈ। ਜੇ ਸਿੱਖ ਵਿਦਵਾਨ ਉਨ੍ਹਾਂ ਨੂੰ ਸੱਚੇ ਦਿਲੋਂ ਸਹਿਯੋਗ ਦੇਣ ਤਾਂ ਸਾਰੇ ਸੰਸਾਰ ਵਿਚ ਇਸ ਤਰ੍ਹਾਂ ਦਾ ਮਹਾਨ ਪਰਿਵਰਤਨ ਲਿਆਂਦਾ ਜਾ ਸਕਦਾ ਹੈ। **ਸ੍ਰੀ ਗੁਰੂ ਗ੍ਰੰਥ ਸਾਹਿਬ** ਦੀ ਪਵਿੱਤਰ ਬਾਣੀ ਵਿਚ ਭਗਤੀ ਤੇ ਸ਼ਕਤੀ ਦੇ ਅਖੁਟ ਭੰਡਾਰੇ ਭਰੇ ਪਏ ਹਨ। ਲੋੜ ਤਾਂ ਉਨ੍ਹਾਂ ਭੰਡਾਰਿਆਂ ਦੀ ਵਰਤੋਂ ਕਰਨ ਦੀ ਹੈ। ਉਨ੍ਹਾਂ ਦੀ ਵਰਤੋਂ ਉਹ ਪ੍ਰਚਾਰਕ ਕਰ ਸਕਦੇ ਹਨ ਜਿਹੜੇ ਕਹਿਣੀ ਤੇ ਕਥਨੀ ਦੇ ਪੂਰੇ ਹੋਣ। ਜਿਨ੍ਹਾਂ ਨੇ ਗੁਰਮਤਿ ਦੇ ਅਸੂਲਾਂ ਨੂੰ ਆਪਨੇ ਅਮਲੀ ਜੀਵਨ ਵਿਚ ਢਾਲਿਆ ਹੋਵੇ। ਜਿਨ੍ਹਾਂ ਦੇ ਰੋਮ ਰੋਮ ਵਿਚ ਅੰਮ੍ਰਿਤ ਨਾਮ ਰਸਿਆ ਹੋਵੇ। ਜਿਨ੍ਹਾਂ ਨੂੰ ਆਤਮ ਗਿਆਨ ਦੀ ਇਤਨੀ ਉੱਚੀ ਅਵਸਥਾ ਪ੍ਰਾਪਤ ਹੋ ਜਾਵੇ ਕਿ

**ਜੇਤਾ ਬੋਲਣੁ ਤੇਤਾ ਗਿਆਨੈ॥**
SIKHBOOKCLUB.COM
**ਜੇਤਾ ਸੁਨਣਾ ਤੇਤਾ ਨਾਮੁ॥ ਜੇਤਾ ਪੇਖਨੁ ਤੇਤਾ ਧਿਆਨੁ॥**
**ਸਹਜੇ ਜਾਗਣੁ ਸਹਜੇ ਸੋਇ॥ ਸਹਜੇ ਹੋਤਾ ਜਾਇ ਸੁ ਹੋਇ॥**
**ਸਹਜਿ ਬੈਰਾਗੁ ਸਹਜੇ ਹੀ ਹਸਨਾ॥ ਸਹਜੇ ਚੂਪ ਸਹਜੇ ਹੀ ਜਪਨਾ॥**
**ਸਹਜੇ ਭੋਜਨੁ ਸਹਜੇ ਭਾਉ॥ ਸਹਜੇ ਮਿਟਿਓ ਸਗਲ ਦੁਰਾਉ॥**
**ਸਹਜਿ ਮਿਲਿਓ ਪਾਰਬ੍ਰਹਮੁ ਨਿਸੰਗੁ॥ ਸਹਜੇ ਹੋਆ ਸਾਧੂ ਸੰਗੁ॥**
**ਸਹਜੇ ਗ੍ਰਿਹ ਮਤਿ ਸਹਜਿ ਉਦਾਸੀ॥ ਸਹਜੇ ਦੁਬਿਧਾ ਤਨ ਕੀ ਨਾਸੀ॥**
**ਜਾ ਕੈ ਸਹਜਿ ਮਨਿ ਭਇਆ ਅਨੰਦੁ॥ ਤਾ ਕਉ ਭੇਟਿਆ ਪਰਮਾਨੰਦੁ॥**
**ਸਹਜੇ ਅੰਮ੍ਰਿਤੁ ਪੀਓ ਨਾਮੁ॥ ਸਹਜੇ ਕੀਨੋ ਜੀਅ ਕੋ ਦਾਨੁ॥**
**ਸਹਜ ਕਥਾ ਮਹਿ ਆਤਮੁ ਰਸਿਆ॥ ਤਾ ਕੈ ਸੰਗਿ ਅਬਿਨਾਸੀ ਵਸਿਆ॥**
**ਸਹਜੇ ਆਸਣੁ ਅਸਥਿਰੁ ਭਾਇਆ॥ ਸਹਜੇ ਅਨਹਤ ਸਬਦੁ ਵਜਾਇਆ॥**
**ਸਹਜੇ ਰੁਣ ਝੁਣ ਕਾਰੁ ਸੁਹਾਇਆ॥ ਤਾ ਕੈ ਘਰਿ ਪਾਰਬ੍ਰਹਮੁ ਸਮਾਇਆ॥**
**ਸਹਜੇ ਜਾ ਕਉ ਪਰਿਓ ਕਰਮਾ॥ ਸਹਜੇ ਗੁਰੁ ਭੇਟਿਓ ਸਚੁ ਧਰਮਾ॥**
**ਜਾ ਕੈ ਸਹਜੁ ਭਇਆ ਸੋ ਜਾਣੈ॥ ਨਾਨਕ ਦਾਸ ਤਾ ਕੈ ਕੁਰਬਾਣੈ॥**

(ਪੰਨਾ ੨੩੬-੩੭)



Sri Satguru Jagjit Singh Ji eLibrary NamdhariElibrary@gmail.com

ਇਹ ਪੂਰਾ ਸ਼ਬਦ ਲਿਖੇ ਜਾਣ ਦਾ ਭਾਵ ਇਹ ਹੈ ਕਿ ਇਸ ਵਿਚ ਸਤਿਗੁਰਾਂ ਨੇ ਆਤਮਕ ਅਡੋਲਤਾ ਦੀ ਸਹਿਜ-ਅਵਸਥਾ ਦਾ ਵਰਣਨ ਪੂਰੇ ਵਿਸਥਾਰ ਨਾਲ ਕੀਤਾ ਹੈ। ਗੁਰਬਾਣੀ ਅਨੁਸਾਰ ਜਿਸ ਗੁਰਮੁਖਿ ਨੂੰ ਨਾਮ ਸਿਮਰਨ ਕਰਕੇ ਸਹਜ ਅਵਸਥਾ ਪ੍ਰਾਪਤ ਹੋ ਜਾਂਦੀ ਹੈ ਉਸ ਦੇ ਜੀਵਨ ਦਾ ਅਸਲ ਮਨੋਰਥ "ਦ੍ਵੈ ਤੇ ਏਕ ਰੂਪ ਹ੍ਵੈ ਗਯੋ" ਦਾ ਪੂਰਾ ਹੋ ਜਾਂਦਾ ਹੈ ਤੇ ਉਸ ਦੀ ਦੁਬਿਧਾ ਦੂਰ ਹੋ ਜਾਂਦੀ ਹੈ। ਉਸਦੇ ਮਨ ਵਿਚ ਅਬਿਨਾਸੀ ਵੱਸ ਜਾਂਦਾ ਹੈ।

"ਗੁਰਸਬਦੀ ਗੋਬਿੰਦ ਗਜਿਆ" ਦੇ ਮਹਾਵਾਕ ਅਨੁਸਾਰ ਉਸ ਦੇ ਮੁਖ ਤੋਂ ਜੋ ਸ਼ਬਦ ਨਿਕਲਦੇ ਹਨ, ਉਨ੍ਹਾਂ ਸ਼ਬਦਾਂ ਵਿਚ ਗੋਬਿੰਦ ਹੀ ਗਜਦਾ (ਬੋਲਦਾ) ਹੈ। ਉਪਰ ਲਿਖੇ ਸ਼ਬਦ ਵਿਚ ਜੋ ਇਹ ਬਚਨ ਆਏ ਹਨ। "ਜੇਤਾ ਬੋਲਣ ਤੇਤਾ ਗਿਆਨੈ" ਇਸ ਦਾ ਭਾਵ ਇਹ ਹੈ ਕਿ ਉਹ ਗੁਰਮੁਖਿ ਜੋ ਬਚਨ ਬੋਲੇਗਾ, ਉਹ ਗਿਆਨ ਭਰਪੂਰ ਹੋਣਗੇ।

"ਜੇਤਾ ਸੁਨਣਾ ਤੇਤਾ ਨਾਮ" ਤੋਂ ਭਾਵ ਇਹ ਹੈ ਕਿ ਜਿਸਦਾ ਦਸਮ ਦਵਾਰ ਖੁੱਲ੍ਹ ਜਾਂਦਾ ਹੈ ਤਾਂ ਉਸ ਨੂੰ ਅਨਹਦ ਨਾਦ ਸੁਣਨ ਲੱਗ ਪੈਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਸੋਦਰ ਰਾਗ ਆਸਾ ਮਹਲਾ ੧ ਵਿਚ ਜਿਸ ਇਲਾਹੀ ਕੀਰਤਨ ਦਰਬਾਰ ਦਾ ਵਰਣਨ ਕੀਤਾ ਹੈ ਅਤੇ ਜੋ ਸਦਾ ਹੀ ਹੋ ਰਿਹਾ ਹੈ, ਉਹ ਵੀ ਸਹਜ ਅਵਸਥਾ ਵਿਚ ਪਹੁੰਚੇ ਹੋਏ ਗੁਰਮੁਖਿ ਨੂੰ ਸੁਣਨ ਲੱਗ ਪੈਂਦਾ ਹੈ ਤੇ ਸਦਾ ਹੀ ਸੁਣਦਾ ਰਹਿੰਦਾ ਹੈ। ਸਤਿਗੁਰੂ ਜੀ ਨੇ ਉਸ ਪ੍ਰਭੂ ਦੀ ਸਦਾ ਹੀ ਹੋ ਰਹੀ ਜਿਸ ਆਰਤੀ ਦਾ ਵਰਣਨ ਕੀਤਾ ਹੈ, ਉਸ ਵਿਚ ਵੀ "ਅਨਹਤਾ ਸਬਦ ਵਾਜੰਤ ਭੇਰੀ" ਵਿਚ ਅਨਹਦ ਨਾਦ ਦਾ ਜ਼ਿਕਰ ਆਇਆ ਹੈ। ਇਨ੍ਹਾਂ ਸ਼ਬਦਾਂ ਉੱਤੇ ਵਿਚਾਰ ਕਰਨ ਤੋਂ ਪਤਾ ਲੱਗਦਾ ਹੈ ਕਿ ਉਸ ਸੱਚੇ ਪ੍ਰਭੂ ਦਾ ਜੋ "ਸਚਾ ਆਪਿ ਸਚਾ ਦਰਬਾਰ" ਹੈ ਉਸ ਦਾ ਗਿਆਨ ਜਿਤਨਾ ਗੁਰੂ ਨਾਨਕ ਦੇਵ ਜੀ ਪ੍ਰਾਪਤ ਹੋਇਆ, ਉਹ ਸੰਸਾਰ ਦੇ ਹੋਰ ਕਿਸੇ ਪੀਰ-ਪੈਗ਼ੰਬਰ ਜਾਂ ਅਵਤਾਰ ਨੂੰ ਪ੍ਰਾਪਤ ਨਹੀਂ ਹੋਇਆ। ਇਸੇ ਕਰਕੇ "ਸਭ ਤੇ ਵਡਾ ਸਤਿਗੁਰ ਨਾਨਕ" ਦੇ ਮਹਾਂਵਾਕ ਅਨੁਸਾਰ ਅਧਿਆਤਮਕ ਜਗਤ ਵਿਚ ਸਤਿਗੁਰੂ ਨਾਨਕ ਦਾ ਦਰਜਾ ਸਭ ਤੋਂ ਉੱਚਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਵਿਚ ਇਹ ਵੀ ਫੁਰਮਾਇਆ ਹੈ ਕਿ

**ਵਡਾ ਸਾਹਿਬੁ ਊਚਾ ਥਾਉ ॥ ਊਚੇ ਊਪਰਿ ਊਚਾ ਨਾਉ ॥**
**ਏਵਡੁ ਊਚਾ ਹੋਵੈ ਕੋਇ ॥ ਤਿਸੁ ਊਚੇ ਕਉ ਜਾਣੈ ਸੋਇ ॥** (ਪੰਨਾ ੫)



Sri Satguru Jagjit Singh Ji eLibrary NamdhariElibrary@gmail.com

ਭਾਵ ਉਸ ਪ੍ਰਭੂ ਦਾ ਨਾਮ ਉਸ ਨਾਲੋਂ ਵੀ ਉੱਚਾ ਹੈ ਅਤੇ ਜਿਹੜੇ ਗੁਰਮੁਖਿ ਨਾਮ ਸਿਮਰਨ ਕਰਦੇ ਹਨ। ਨਾਮ ਉਨ੍ਹਾਂ ਨੂੰ ਉਸ ਪ੍ਰਭੂ ਵਿਚ ਅਭੇਦ ਕਰ ਦਿੰਦਾ ਹੈ:

**ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ॥**

**ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ॥** (ਪੰਨਾ ੨੮੫)

ਜਿਸ ਮਨੁੱਖ ਨੂੰ ਪ੍ਰਭੂ ਦੀ ਹੋਂਦ ਉੱਤੇ ਪੂਰਾ ਭਰੋਸਾ ਹੋ ਜਾਂਦਾ ਹੈ ਤਤ ਗਿਆਨ ਭਾਵ ਆਤਮ ਗਿਆਨ ਵੀ ਉਸ ਨੂੰ ਹੀ ਪ੍ਰਾਪਤ ਹੁੰਦਾ ਹੈ। ਉਸ ਨੂੰ ਨਾਮ ਦੀ ਮਹਾਨ ਰੂਹਾਨੀ ਸ਼ਕਤੀ ਉੱਤੇ ਵੀ ਪੂਰਨ ਭਰੋਸਾ ਹੋ ਜਾਂਦਾ ਹੈ:

– **ਪਾਰਬ੍ਰਹਮ ਪ੍ਰਭ ਸੂਖ ਨਿਧਾਨ॥**
**ਤਤੁ ਗਿਆਨੁ ਹਰਿ ਅੰਮ੍ਰਿਤ ਨਾਮ॥** (ਪੰਨਾ ੧੧੪੬)

– **ਨਾਮੁ ਹਮਾਰੈ ਮਜਨ ਇਸਨਾਨੁ॥ ਨਾਮੁ ਹਮਾਰੈ ਪੂਰਨ ਦਾਨੁ॥**
**ਨਾਮੁ ਲੈਤ ਤੇ ਸਗਲ ਪਵੀਤ॥ ਨਾਮੁ ਜਪਤ ਮੇਰੇ ਭਾਈ ਮੀਤ॥**
**ਨਾਮੁ ਹਮਾਰੈ ਸਉਣ ਸੰਜੋਗ॥ ਨਾਮੁ ਹਮਾਰੈ ਤ੍ਰਿਪਤਿ ਸੁ ਭੋਗ॥**
**ਨਾਮੁ ਹਮਾਰੈ ਸਗਲ ਆਚਾਰ॥ ਨਾਮੁ ਹਮਾਰੈ ਨਿਰਮਲ ਬਿਉਹਾਰ॥**

(ਪੰਨਾ ੧੧੪੫)

– **ਨਾਮੁ ਹਮਾਰੈ ਅੰਤਰਜਾਮੀ॥ ਨਾਮੁ ਹਮਾਰੈ ਆਵੈ ਕਾਮੀ॥**
**ਰੋਮਿ ਰੋਮਿ ਰਵਿਆ ਹਰਿ ਨਾਮੁ॥ ਸਤਿਗੁਰ ਪੂਰੈ ਕੀਨੋ ਦਾਨੁ॥**

SIKHBOOKCLUB.COM

(ਪੰਨਾ ੧੧੪੪)

ਨਾਮ ਸਿਮਰਨ ਕਰਨ ਨਾਲ ਹਿਰਦਾ ਪਵਿੱਤਰ ਹੋ ਜਾਂਦਾ ਹੈ। ਬੁੱਧੀ ਨਿਰਮਲ ਹੋ ਜਾਂਦੀ ਹੈ। ਨਾਮ ਸਿਮਰਨ ਕਰਨ ਨਾਲ ਤ੍ਰਿਸ਼ਨਾ ਖ਼ਤਮ ਹੋ ਜਾਂਦੀ ਹੈ ਤੇ ਮਨ ਤ੍ਰਿਪਤ ਹੋ ਜਾਂਦਾ ਹੈ। ਲੋਭ ਦੇ ਗ੍ਰੱਸੇ ਹੋਏ ਮਨੁੱਖ ਨੂੰ ਕਦੇ ਚੈਨ ਨਹੀਂ ਆਉਂਦੀ:

**ਕਬਹੂ ਜੀਅੜਾ ਊਭਿ ਚੜਤ ਹੈ ਕਬਹੂ ਜਾਇ ਪਇਆਲੇ॥**

**ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ॥** (ਪੰਨਾ ੮੭੬)

ਲੋਭੀ ਮਨੁੱਖ ਨੂੰ ਆਤਮਿਕ ਅਡੋਲਤਾ ਵਾਲੀ ਸਹਜ ਅਵਸਥਾ ਪ੍ਰਾਪਤ ਹੋ ਹੀ ਨਹੀਂ ਸਕਦੀ। ਗੁਰਬਾਣੀ ਦੱਸਦੀ ਹੈ ਕਿ ਜਿਸ ਨੂੰ ਨਾਮ ਨਿਧਾਨ ਪ੍ਰਾਪਤ ਹੋ ਜਾਂਦਾ ਹੈ ਉਹ ਆਪਣੇ ਆਪ ਨੂੰ ਅਸਲੀ ਧਨਵਾਨ ਸਮਝਦਾ ਹੈ:

**ਪ੍ਰਭ ਕਿਰਪਾ ਤੇ ਨਾਮੁ ਨਉ ਨਿਧਿ ਪਾਈ॥**

**ਗੁਰ ਕਿਰਪਾ ਤੇ ਨਾਮ ਸਿਉ ਬਨਿ ਆਈ॥**

**ਧਨਵੰਤੇ ਸੇਈ ਪਰਧਾਨ॥ ਨਾਨਕ ਜਾ ਕੈ ਨਾਮੁ ਨਿਧਾਨ॥**

(ਪੰਨਾ ੧੧੪੪)



Sri Satguru Jagjit Singh Ji eLibrary NamdhariElibrary@gmail.com

ਪਦਾਰਥਵਾਦੀ ਦੇਸ਼ਾਂ ਦੇ ਬੁੱਧੀਜੀਵੀ ਵੀ ਹੁਣ ਇਹ ਅਨੁਭਵ ਕਰਨ ਲੱਗ ਪਏ ਹਨ ਕਿ ਬਹੁਤਾ ਧਨ ਕਮਾ ਕੇ ਵੀ ਮਨ ਦੀ ਸ਼ਾਂਤੀ ਪ੍ਰਾਪਤ ਨਹੀਂ ਹੁੰਦੀ। ਜਿਤਨਾ ਧਨ ਵਧਦਾ ਜਾਂਦਾ ਹੈ ਉਤਨੀ ਹੀ ਚਿੰਤਾ ਵਧਦੀ ਜਾਂਦੀ ਹੈ। ਗੁਰਬਾਣੀ ਨੇ ਇਸ ਹਕੀਕਤ ਨੂੰ ਪੰਜ ਸੌ ਸਾਲ ਪਹਿਲਾਂ ਬਿਆਨ ਕਰ ਦਿੱਤਾ ਸੀ:

**ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ॥**
**ਜਿਸੁ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ॥**
**ਦੁਹੂ ਬਿਵਸਥਾ ਤੇ ਜੋ ਮੁਕਤਾ ਸੋਈ ਸੁਹੇਲਾ ਭਾਲੀਐ॥** (ਪੰਨਾ ੧੦੧੯)

ਪਦਾਰਥਵਾਦੀ ਦੇਸ਼ਾਂ ਵਿਚ ਰੋਗ ਹੋਰ ਵਧ ਰਹੇ ਹਨ। ਇਸਦਾ ਕਾਰਨ ਇਹ ਹੈ ਕਿ ਉਹ ਖ਼ੁਰਾਕ ਵੀ ਮਾੜੀ ਖਾਂਦੇ ਹਨ। ਪੁਰਾਤਨ ਸਮੇਂ ਦੇ ਲੋਕਾਂ ਦੀ ਖੁਰਾਕ ਬਹੁਤ ਸਾਦੀ ਤੇ ਸੰਤੁਲਤ ਹੋਇਆ ਕਰਦੀ ਸੀ। ਉਹ ਸੰਜਮ ਨਾਲ ਖਾਂਦੇ ਸਨ ਤੇ ਸਰੀਰਕ ਤੌਰ ਤੇ ਮਿਹਨਤ ਕਰਦੇ ਸਨ। ਇਸ ਕਰਕੇ ਉਨ੍ਹਾਂ ਨੂੰ ਖੁਰਾਕ ਹਜਮ ਵੀ ਛੇਤੀ ਹੋ ਜਾਂਦੀ ਸੀ। ਗੁਰਬਾਣੀ ਵਿਚ ਰੋਗਾਂ ਤੇ ਦੁੱਖਾਂ ਦੇ ਵਧਣ ਦਾ ਕਾਰਨ ਇਸ ਤਰ੍ਹਾਂ ਦੱਸਿਆ ਹੈ:

**ਖਸਮੁ ਵਿਸਾਰਿ ਕੀਏ ਰਸ ਭੋਗ॥ ਤਾਂ ਤਨਿ ਉਠਿ ਖਲੋਏ ਰੋਗ॥**
**ਮਨ ਅੰਧੇ ਕਉ ਮਿਲੈ ਸਜਾਇ॥ ਵੈਦ ਨ ਭੋਲੇ ਦਾਰੂ ਲਾਇ॥**

(ਪੰਨਾ ੧੨੫੬)

"ਪ੍ਰਭ ਬਿਸਰਿਐ ਦੁਖ ਰੋਗ ਘਨੇਰੇ" ਅਤੇ "ਦੁਧ ਤਦੇ ਜੇ ਬਿਸਰ ਜਾਵੈ" ਦੇ ਮਹਾਂਵਾਕ ਦੱਸਦੇ ਹਨ ਕਿ ਜਦੋਂ ਮਨੁੱਖ ਨੂੰ ਪ੍ਰਮੇਸ਼ਵਰ ਦਾ ਨਾਮ ਵਿਸਰ ਜਾਂਦਾ ਹੈ ਤਾਂ ਉਸ ਨੂੰ ਦੁੱਖ ਤੇ ਰੋਗ ਵਿਆਪਦੇ ਹਨ। ਉਹ ਬਿਖਿਆ ਦੇ ਝੂਠੇ ਰਸਾਂ ਕਸਾਂ ਵਿਚ ਫਸ ਜਾਂਦਾ ਹੈ। ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਗਉੜੀ ਕੀ ਵਾਰ ਵਿਚ ਫੁਰਮਾਉਂਦੇ ਹਨ ਕਿ ਜਿਨ੍ਹਾਂ ਗੁਰਸਿਖਾਂ ਦੇ ਹਿਰਦੇ ਵਿਚ ਨਾਮ ਵਸ ਜਾਂਦਾ ਹੈ ਉਨ੍ਹਾਂ ਨੂੰ ਸਾਰੇ ਰਸਾਂ ਨਾਲੋਂ ਮਿੱਠਾ ਨਾਮ ਮਹਾਂਰਸ ਪ੍ਰਾਪਤ ਹੋ ਜਾਂਦਾ ਹੈ:

**ਸਭਿ ਰਸ ਤਿਨ ਕੈ ਰਿਦੈ ਹਹਿ ਜਿਨ ਹਰਿ ਵਸਿਆ ਮਨ ਮਾਹਿ॥**
**ਹਰਿ ਦਰਗਹਿ ਤੇ ਮੁਖ ਉਜਲੇ ਤਿਨ ਕਉ ਸਭਿ ਦੇਖਣ ਜਾਹਿ॥**
**ਜਿਨ ਨਿਰਭਉ ਨਾਮੁ ਧਿਆਇਆ ਤਿਨ ਕਉ ਭਉ ਕੋਈ ਨਾਹਿ॥**
**ਹਰਿ ਉਤਮੁ ਤਿਨੀ ਸਰੇਵਿਆ ਜਿਨ ਕਉ ਧੁਰਿ ਲਿਖਿਆ ਆਹਿ॥**
**ਤੇ ਹਰਿ ਦਰਗਹਿ ਪੈਨਾਈਅਹਿ ਜਿਨ ਹਰਿ ਵੁਠਾ ਮਨ ਮਾਹਿ॥**



Sri Satguru Jagjit Singh Ji eLibrary NamdhariElibrary@gmail.com

**ਓਇ ਆਪਿ ਤਰੇ ਸਭ ਕੁਟੰਬ ਸਿਉ ਤਿਨ ਪਿਛੈ ਸਭੁ ਜਗਤੁ ਛਡਾਹਿ॥**
**ਜਨ ਨਾਨਕ ਕਉ ਹਰਿ ਮੇਲਿ ਜਨ ਤਿਨ ਵੇਖਿ ਵੇਖਿ ਹਮ ਜੀਵਾਹਿ॥**

(ਪੰਨਾ ੩੧੦)

ਇਸ ਸ਼ਬਦ ਵਿਚ ਸਤਿਗੁਰੂ ਜੀ ਨੇ ਇਹ ਅਟੱਲ ਸੱਚਾਈ ਬਿਆਨ ਕੀਤੀ ਹੈ ਕਿ ਜਿਨ੍ਹਾਂ ਗੁਰਸਿਖਾਂ ਦੇ ਹਿਰਦੇ ਵਿਚ ਨਾਮ ਵੱਸ ਜਾਂਦਾ ਹੈ ਉਹ ਕੁਟੰਬ ਸਮੇਤ ਆਪ ਵੀ ਭਵਸਾਗਰ ਤੋਂ ਤਰ ਜਾਂਦੇ ਹਨ ਤੇ ਉਨ੍ਹਾਂ ਵਿਚ ਸਾਰੇ ਸੰਸਾਰ ਦਾ ਪਾਰ ਉਤਾਰਾ ਕਰਨ ਦੀ ਰੂਹਾਨੀ ਸ਼ਕਤੀ ਵੀ ਆ ਜਾਂਦੀ ਹੈ। ਇਸ ਤੋਂ ਇਹ ਸਿੱਧ ਹੋ ਜਾਂਦਾ ਹੈ ਕਿ ਨਾਮ ਸਿਮਰਨ ਕਰਨ ਵਾਲੇ ਗੁਰਸਿਖ ਪਦਾਰਥਵਾਦ ਨੂੰ ਖ਼ਤਮ ਕਰਕੇ ਸਾਰੇ ਜਗਤ ਵਿਚ ਅਧਿਆਤਮਵਾਦ ਦਾ ਨਵਾਂ ਜੁੱਗ ਲਿਆਉਣ ਦੀ ਸਮਰੱਥਾ ਰੱਖਦੇ ਹਨ। ਉਹ ਸਿਰਜਨਹਾਰ ਉਨ੍ਹਾਂ ਨੂੰ ਭਗਤੀ ਤੇ ਸ਼ਕਤੀ ਦੇ ਸਾਰੇ ਭੰਡਾਰਿਆਂ ਦੀਆਂ ਕੁੰਜੀਆਂ ਬਖਸ਼ ਦਿੰਦੇ ਹਨ:

**ਓਨਾ ਦੀ ਸੋਭਾ ਜੁਗਿ ਜੁਗਿ ਹੋਈ ਕੋਇ ਨ ਮੇਟਣਹਾਰਾ॥**

(ਪੰਨਾ ੬੩੮)

ਸੁਖਮਨੀ ਸਾਹਿਬ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸ਼ੋਭਾ ਦਾ ਵਰਣਨ ਕਰਦੇ ਹੋਏ ਫੁਰਮਾਉਂਦੇ ਹਨ:

SIKHBOOKCLUB.COM

**ਧੰਨੁ ਧੰਨੁ ਧੰਨੁ ਜਨੁ ਆਇਆ॥**
**ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ॥** (ਪੰਨਾ ੨੯੪)



Sri Satguru Jagjit Singh Ji eLibrary NamdhariElibrary@gmail.com

# ਦ੍ਵੈ ਤੇ ਏਕ ਰੂਪ ਹ੍ਵੈ ਗਯੋ

ਨਾਮ ਹਰੀ ਦਾ ਬੋਹਿਥ ਹੈ, ਭਵਸਾਗਰ ਪਾਰ ਉਤਾਰਨ ਨੂੰ॥
ਨਾਮ ਹਰੀ ਦਾ ਅਉਖਦ ਹੈ, ਤਨ ਮਨ ਦੇ ਰੋਗ ਨਿਵਾਰਨ ਨੂੰ॥
ਨਾਮ ਦਾ ਅੰਮ੍ਰਿਤ ਦੇ ਕੇ ਸਤਿਗੁਰ, ਮੋਈ ਕੌਮ ਜੀਵਾਉਂਦੇ ਨੇ॥
ਨਾਮ ਮਹਾਂਰਸ ਮੀਠਾ ਹੈ, ਸਭ ਰਸਕਸ ਹੋਰ ਬਿਸਾਰਨ ਨੂੰ॥

ਨਾਮ ਧਨ ਜੇ ਮਿਲ ਜਾਵੇ ਤਾਂ ਭੁਖਾਂ ਸਭ ਮਿਟਾ ਦੇਵੇ॥
ਨਾਮ ਦੇ ਛਿਟੇ ਦੇ ਕੇ ਸਤਿਗੁਰ, ਤ੍ਰਿਸ਼ਨਾ ਅਗਨ ਬੁਝਾ ਦੇਵੇ॥
ਨਾਮ ਦੇ ਅੰਮ੍ਰਿਤਸਰ ਵਿਚ ਨ੍ਹਾ ਕੇ, ਤਨ ਮਨ ਨਿਰਮਲ ਹੋ ਜਾਂਦੇ॥
ਨਾਮ ਦੀ ਜੋਤਿ ਜਗਾ ਕੇ ਸਤਿਗੁਰ, ਸਭ ਹਨੇਰ ਮਿਟਾ ਦੇਵੇ॥

ਨਾਮ ਨੇ ਹੀ ਸਭ ਸ੍ਰਿਸ਼ਟ ਉਪਾਈ, ਨਾਮ ਹੀ ਕਰੇ ਵਿਕਾਸ॥
ਨਾਮ ਹੀ ਭਰਮ ਹਨੇਰ ਮਿਟਾਵੇ, ਨਾਮ ਕਰੇ ਪਰਗਾਸ॥
ਨਾਮ ਤੇ ਹਉਮੈ ਦੋਵੇਂ ਮਿਲਕੇ ਇਕ ਥਾਂ ਤੇ ਨਹੀਂ ਰਹਿੰਦੇ॥
ਨਾਮ ਜਿੰਨ੍ਹਾਂ ਦੇ ਹਿਰਦੇ ਵਸਿਆ, ਹਉਮੈ ਹੋ ਗਈ ਨਾਸ॥

ਹਉਮੈ ਮਿਟੀ ਤਾਂ ਦਵੈਤ ਵੀ ਮਿਟ ਗਈ, ਭਰਮ ਦਾ ਹੋਇਆ ਨਾਸ॥
ਜਨਮ ਮਰਨ ਦੇ ਬੰਧਨ ਕਟ ਗਏ, ਨਿਜ ਘਰ ਹੋਇਆ ਨਿਵਾਸ॥
ਮਾਨਸ ਜਨਮ ਸਫਲ ਜਦ ਹੋਇਆ, ਜੈ ਜੈ ਕਾਰ ਵੀ ਹੋਈ॥
"ਦ੍ਵੈ ਤੇ ਏਕ ਰੂਪ ਹ੍ਵੈ ਗਯੋ" ਦੀ, ਪੂਰਨ ਹੋਈ ਆਸ॥

□



Sri Satguru Jagjit Singh Ji eLibrary NamdhariElibrary@gmail.com